ਸੈਂਚੀ ੩ ੧ ੴ ਅੰਕ ੧

# ਇਤਿਹਾਸਕ ਪੱਤ੍ਰ

## ਵੈਸਾਖ, ਜੇਠ, ਹਾੜ

੪੮੩ ਗੁ: ਨਾ:=੨੦੦੮ ਬਿ:=੧੯੫੧ ਈ:

## ਸਿੱਖ ਹਿਸਟਰੀ ਸੋਸਾਇਟੀ

ਅੰਮ੍ਰਿਤਸਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਗ੍ਰੰਥ ਪ੍ਰੇਮ ਸੁਮਾਰਗ

## ਜਾਣ ਪਛਾਣ

### 'ਸੰਗਤਿ' ਕੀਨੀ 'ਖਾਲਸਾ'

ਜਗਤ-ਗੁਰੂ ਬਾਬਾ ਨਾਨਕ 'ਨਿਰੰਕਾਰੀ' ਨੇ ਸਚ-ਧਰਮ ਦਾ ਪਰਚਾਰ ਕਰਨ ਹਿਤ, ਲਗ ਪਗ ਅੱਧੇ ਜੰਬੂ ਦੀਪ (ਏਸ਼ੀਆ) ਵਿੱਚ ਪਾ-ਪਿਆਦਾ ਰਟਨ ਕੀਤਾ । ਉਚਿੱਤ ਥਾਵਾਂ ਜਾਚ ਕੇ ਧਰਮਸਾਲਾਂ ਕਾਇਮ ਕਰਵਾਈਆਂ । ਉਨ੍ਹਾਂ ਵਿੱਚ 'ਸਤਿਨਾਮ' ਗੁਰ-ਮੰਤ੍ਰ ਦ੍ਰਿੜ੍ਹਾਉਣ ਤੇ ਅਕਾਲੀ ਬਾਣੀ ਦਾ ਪਾਠ ਪੜ੍ਹਾਉਣ ਵਾਸਤੇ ਗੁਰਮੁਖ ਪਿਆਰੇ ਨੀਯਤ ਕਰਕੇ, ਆਪਣੇ ਤਰੀਕੇ ਅਨੁਸਾਰ ਉਨ੍ਹਾਂ ਨੂੰ ਅਗਾਹਾਂ ਚਰਨ-ਪਾਹੁਲ ਦੇ ਕੇ 'ਗੁਰ-ਸਿੱਖ' ਬਨਾਉਣ ਦੇ ਅਧਿਕਾਰ ਬਖਸ਼ੇ । ਇਨ੍ਹਾਂ ਗੁਰਮੁਖਾਂ ਨੂੰ 'ਗੁਰੂ ਕੇ ਗੁਮਾਸ਼ਤੇ' ਯਾ 'ਮਸੰਦ' (ਮਸਨਦ-ਨਸ਼ੀਨ =ਮੰਜੀਦਾਰ) ਸੱਦਿਆ ਜਾਂਦਾ ਸੀ ।

'ਮਸੰਦ' ਥਾਪਣ ਦਾ ਰਿਵਾਜ ਨਉਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਤੱਕ ਬਰਾਬਰ ਜਾਰੀ ਰਿਹਾ । ਲੇਕਿਨ ਪੰਜਵੇਂ–ਛੇਵੇਂ ਸਤਿਗੁਰਾਂ ਵੇਲੇ, 'ਗੁਰੂ ਕੇ ਮਸੰਦਾਂ' ਨੇ ਆਪਣੇ ਰਾਹੀਂ 'ਗੁਰੂ ਕੇ ਸਿੱਖ' ਵਧੇਰੇ ਬਨਾਉਣ ਦੀ ਲਾਲਸਾ ਕਰਕੇ, ਅਗਾਹਾਂ ਆਪਣੇ ਹੋਰ ਗੁਮਾਸ਼ਤੇ ਨੀਯਤ ਕਰਨੇ ਅਰੰਭ ਦਿੱਤੇ ਸਨ । ਇਸ ਤਰ੍ਹਾਂ 'ਚਰਨਾਮ੍ਰਿਤ' ਤੇ 'ਗੁਰਮੰਤ੍ਰ' ਪ੍ਰਾਪਤਿ ਕਰਨ ਵਾਲੇ ਪ੍ਰਾਨੀ ਸੰਬੰਧਤ 'ਮਸੰਦ' ਦੇ 'ਮੇਲੀ' ਯਾ 'ਸਹਿਲੰਗ' ਸਦਾਉਂਦੇ ਸਨ, ਤੇ 'ਗੁਰੂ ਕੇ ਸਿਖ ।'* ਇਹ ਰਿਵਾਜ ਵੀ ਨਉਂਵੇਂ ਸਤਿਗੁਰਾਂ ਤਕ ਤੁਰਿਆ ਰਿਹਾ । ਲੰਮਾਂ ਸਮਾਂ ਇਸ ਰਿਵਾਜ ਦੇ ਜਾਰੀ ਰਹਿਣ ਕਰ ਕੇ ਮਸੰਦਾਂ ਦੀਆਂ ਇਹ ਮੰਜੀਆਂ (ਗੱਦੀਆਂ) ਪੱਕੀਆਂ ਬਣ ਗਈਆਂ; ਅਰੁ 'ਗੁਰ-ਗੱਦੀ' ਨਾਲ ਸਮੇਂ ਦੀ ਹਕੂਮਤ ਦੇ ਉਲਝ ਪੈਣ ਨਾਲ ਮਸੰਦਾਂ ਦੀਆਂ ਵਾਗਾਂ ਕੁਝ ਢਿੱਲੀਆਂ ਪੈ ਗਈਆਂ । ਲੇਖੇ-ਪੱਤੇ ਵਿਚ ਰੌਲਾ ਪੈ ਜਾਣ ਦੇ ਨਾਲ ਹੀ, ਧਰਮ ਅਰੁ ਆਚਰਨ ਭੀ ਬਹੁਤਿਆਂ ਦੇ ਗਧਲੇ ਹੋ ਗਏ । 'ਮਸੰਦ'

---

*ਸੰਤ ਬਹਿਰਾਮ–ਦਬਿਸਤਾਨਿ ਮਜ਼ਾਹਬ(ਫਾਰਸੀ)–ਪੰਨਾ੨੩੩।

---

ਇ: ਪ: ੧.

Digitized by Panjab Digital Library | www.panjabdigilib.org

ਬਹੁਤੇ ਆਪਣੀਆਂ ਗੱਦੀਆਂ ਨੂੰ ਜੱਦੀ ਵਿਰਾਸਤ ਸਮਝਣ ਲੱਗ ਪਏ। ਅਰੁ 'ਗੁਰੂ ਕੇ' ਦੀ ਥਾਂ ਕਈ ਤਾਂ 'ਗੁਰੂ' ਹੀ ਸਦਾਉਣ ਡਹਿ ਪਏ। 'ਮੀਣੇ' 'ਧੀਰਮੱਲੀਏ' ਤੇ 'ਰਾਮਰਾਈਏ' ਆਦਿ 'ਥੋਥੇ ਗੁਰੂਆਂ', ਮਸੰਦਾਂ ਨਾਲ ਸੌਦੇ-ਬਾਜੀਆਂ ਵਿੱਢ ਕੇ ਉਨ੍ਹਾਂ ਦੇ ਦਿਮਾਗ ਹੋਰ ਭੀ ਬਿਗਾੜ ਘੱਤੇ।

ਇਹ ਰੋਗ ਦਸਵੇਂ ਪਾਤਸ਼ਾਹ ਦੇ ਸਮੇਂ ਤਕ ਤਕਰੀਬਨ ਲਾ-ਇਲਾਜ ਹੋ ਗਿਆ। ਅਰੁ ਬਾਜ਼ੇ ਮਸੰਦ ਏਨੇ ਵਿਗੜੇ, ਕਿ ਗਰੀਬ ਸਿਖਾਂ ਦੇ ਧਰਮ-ਸ਼ਰਮ ਨੂੰ ਬੀ ਬੜੀ ਬੇ ਦਰਦੀ ਨਾਲ ਬਰਬਾਦ ਕਰਨ ਡਹਿ ਪਏ। ਉਨ੍ਹਾਂ ਦੇ ਇਸ ਪਾਪ-ਪਖੰਡ ਦੀਆਂ ਫਰਯਾਦਾਂ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰ ਪਹੁੰਚੀਆਂ। ਸੰਮਤ ਸਤਾਰਾਂ ਸੈ ਚੌਰੰਜਾਹ* ਵਿਚ, ਭੰਡਾਂ ਦੇ ਇਕ ਟੋਲੇ ਨੇ ਸਾਹਿਬਾਂ ਦੇ ਰੂਬਰੂ ਮਸੰਦਾਂ ਦੀ ਇੰਨ ਬਿੰਨ ਨਕਲ ਲਾਹ ਕੇ, ਦਰਸ਼ਕਾਂ ਨੂੰ ਖ਼ੂਨ ਦੇ ਅੱਥਰੂ ਰੁਆ ਦਿੱਤਾ। ਪਿਆਰੇ ਤੇ ਸਰਲ-ਸੂਧੇ ਸ਼ਰਧਾਲੂ ਸਿਖਾਂ ਦੀ ਦਰਦ-ਕਹਾਣੀ, ਮੂੰਹ-ਬੋਲਦੇ ਨਾਟਕ ਵਿਚ ਵੇਖ-ਸੁਣਿ, ਧਰਮ-ਸ਼ਰਮ ਦੇ ਰੱਖਕ ਸਤਿਗੁਰੂ ਦਾ ਲੂੰ ਲੂੰ ਕੰਬ ਉਠਿਆ। ਉਸੇ ਵੇਲੇ ਹੁਕਮ ਦਿੱਤਾ:- "ਫੜ ਲਓ, ਸਾਰੇ ਹਾਜ਼ਰ ਮਸੰਦਾਂ ਨੂੰ! ਅਰੁ ਮੁਸ਼ਕਾਂ ਕੱਸ ਕੇ ਪੇਸ਼ ਕਰੋ ਦਰਬਾਰ ਵਿਚ!"

ਬੱਸ, ਫੇਰ ਕੀ ਸੀ? ਹੁਕਮ ਸੁਣ ਕੇ ਮਸੰਦਾਂ ਦੇ ਪਾਪ ਭੀ ਥਰਥਰਾ ਉਠੇ; ਅਰੁ ਬਚਾਉ ਵਾਸਤੇ ਜਿੱਧਰ ਲੁਕਾਉ ਦਿਸਿਆ, ਉਠਿ ਨੱਸੇ। ਐਪਰ ਪਿਆਦਿਆਂ, ਉੱਦਮ ਨਾਲ ਘੇਰ-ਘਾਰ ਕੇ ਬੰਨ੍ਹ ਲਏ। ਇੱਕ ਇੱਕ ਕਰਕੇ ਹਜ਼ੂਰਿ ਪੇਸ਼ ਹੋਏ।

"ਕਰਮੀ ਕਰਮੀ ਹੋਇ ਵੀਚਾਰੁ"

ਦਾ ਭਾਣਾ ਵਰਤਾ ਕੇ, ਸਤਿਗੁਰਾਂ ਨੇ ਯਥਾ ਯੋਗ ਸਜ਼ਾਵਾਂ ਦਿਤੀਆਂ; ਤੇ ਇਹ ਖ਼ੂਨੀ ਨਾਟਕ ਸਮਾਪਤਿ ਕਰ ਦਿਤਾ†।

ਨਾਟਕ ਦਾ ਨਿਚੋੜ ਇਹ ਨਿਕਲਿਆ, ਕਿ ਇਹ 'ਮਸੰਦੀ ਮ੍ਰਿਯਾਦਾ' ਹੀ ਨਾਕਸ ਹੈ। ਇਕ ਸਦੀ ਦੇ ਅੰਦਰ ੨ ਜੇ ਇਹ ਰੁਕੇ

---

*ਭਾਈ ਕੇਸਰ ਸਿੰਘ 'ਛਿੱਬਰ'–'ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ' ਚਰਨ ਦਸਵਾਂ, ਛੰਦ ੩੧੬।

†"ਬੰਸਾਵਲੀ ਨਾਮਾ......'–ਚਰਨ ਦਸਵਾਂ, ਛੰਦ ੩੧੬ ਤੋਂ ੩੪੬।



Digitized by Panjab Digital Library | www.panjabdigilib.org

ਜਲ ਵਾਂਗੁ ਗੰਦਾ ਚਲ੍ਹਾ ਬਣ ਗਿਆ ਹੈ, ਤਾਂ ਅਗਾਹਾਂ ਬਹੁਤਾ ਚਿਰ ਤ੍ਰੁਕਦਾ ਰਹਿਣ ਨਾਲ ਹੋਰ ਭੀ ਸੜ੍ਹਿਆਨ ਛੱਡ ਜਾਇਗਾ। ਇਸ ਨੂੰ ਬੰਦ ਕਰਨਾ ਹੀ ਉਚਿਤ ਹੈ। ਇਸ ਲਈ ਅਗਾਹਾਂ ਵਾਸਤੇ 'ਪੰਚ ਪਰਵਾਨ, 'ਪੰਚ ਪਰਧਾਨ' ਦਾ ਬੰਧਾਨ ਬੰਨ੍ਹ ਦੇਣਾ ਹੀ ਲਾਜ਼ਮੀ ਕਰਾਰ ਪਾਇਆ॥

ਉਸੇ ਮੌਕੇ ਸਤਿਗੁਰਾਂ ਨੇ ਸਿੱਖ ਸੰਗਤਿ ਨੂੰ ਮਸੰਦਾਂ ਦੀ ਹਿਰਾਸਤ (ਤਾਬੇਦਾਰੀ, ਜਾਗੀਰ) ਵਿੱਚੋਂ ਕੱਢਕੇ ਸਿੱਧਾ ਆਪਣੇ ਨਾਲ ਸੰਬੰਧਤ ਕਰ ਲਿਆ; ਯਾਨੀ 'ਖਾਲਸਾ'* ਬਣਾ ਲਿਆ। ਅਰੁ ਹਰ ਥਾਂ ਦੀਆਂ ਸੰਗਤਾਂ ਜੋਗ ਇਸ ਤਰ੍ਹਾਂ ਦੇ 'ਹੁਕਮਨਾਮੇ' ਭੇਜ ਦਿੱਤੇ ਗਏ†।

"੧ ੴ ਸਤਿਗੁਰੂ ਜੀ!

"ਸਿਰੀ ਗੁਰੂ ਜੀਉ ਦੀ ਆਗਿਆ ਹੈ: ਭਾਈ ਕਲਿਆਣ ਰਾਇ ਸਰਬਤ ਸੰਗਤਿ ਮਾਛੀਵਾੜੇ ਕੀ! ਗੁਰੂ ਰਖੈਗਾ! ਸੰਗਤਿ ਮੇਰਾ ਖਾਲਸਾ ਹੈ!... ...ਜੋ ਗੁਰੂ ਕੇ ਨਵਿਤ ਕਾ ਹੋਵੈ—ਗੋਲਕ, ਦਸਵੰਧ, ਮੰਨਤ—ਸੋ ਹਜ਼ੂਰਿ ਆਪ ਲੈ ਆਵਣਾ! ਮਸੰਦਾਂ ਨੋ ਮੰਨਣਾ ਨਾਹੀ।

---

*'ਖਾਲਸਾ' ਅੱਰਬੀ ਦਾ ਸ਼ਬਦ ਹੈ; ਜਿਸ ਦਾ ਅਰਥ ਹੈ: 'ਨਿਰਮਲ'। ਲੇਕਿਨ ਸਰਕਾਰੀ ਸ਼ਬਦਾਵਲੀ ਵਿੱਚ ਇਸ ਦੇ ਮੱਾਨੇ ਰਸਮੀ ਤੌਰ ਪੁਰ, ਉਸ ਇਲਾਕੇ ਦੇ ਹਨ, ਜੋ ਸਿੱਧਾ ਬਾਦਸ਼ਾਹ ਨਾਲ ਸੰਬੰਧਤ ਹੋਵੇ; ਕਿਸੇ ਦੀ ਜਾਗੀਰ ਨਾਂ ਹੋਵੇ। (ਲੁ਼ਗਾਤਿ ਕਿਸ਼ੋਰੀ) ਗੁਰੂ ਸਾਹਿਬ ਨੇ ਭੀ ਇਹ ਲਫਜ਼ ਇਨ੍ਹਾਂ ਰਿਵਾਜੀ (ਰੂੜ੍ਹੀ) ਅਰਥਾਂ ਵਿੱਚ ਹੀ ਲਿਆ ਹੈ। ਜੋ ਇਨ੍ਹਾਂ ਹੁਕਮਨਾਮਿਆਂ ਵਿਚ ਸਪਸ਼ਟ ਹੋ ਜਾਂਦਾ ਹੈ। ਉੱਵ ਸਾਧਾਰਨ ਅਰਥਾਂ ਵਿੱਚ, ਇਸ ਪੰਥ (ਨਿਰੰਕਾਰੀ ਧਰਮ) ਦਾ ਨਾਮ ਸ਼ੁਰੂ ਤੋਂ ਹੀ 'ਨਿਰਮਲ (ਖਾਲਸ) ਪੰਥ' ਹੈ; ਜਿਹਾ ਕਿ ਭਾਈ ਗੁਰਦਾਸ ਨੇ, ਆਪਣੀ ਪਹਿਲੀ 'ਵਾਰੁ' ਦੀ ੪੫ਵੀਂ ਪਉੜੀ ਵਿੱਚ ਸਾਫ ਦੱਸਿਆ ਹੈ:-

ਮਾਰਿਆ ਸਿੱਕਾ ਜਗਤਿ ਵਿਚਿ, ਨਾਨਕਿ 'ਨਿਰਮਲ ਪੰਥੁ' ਚਲਾਇਆ।

†(੧) ਬਾਬਾ ਸਰੂਪ ਦਾਸ 'ਭੱਲਾ'-ਮਹਿਮਾ ਪ੍ਰਕਾਸ਼'—ਸਾਖੀ ੨੨੧ਵੀਂ।

(੨) 'ਬੰਸਾਵਲੀਨਾਮਾ...'—ਚਰਨ ੧੦, ਛੰਦ ੩੪੮ ਤੋਂ ੩੫੧।

---



Digitized by Panjab Digital Library | www.panjabdigilib.org

ਗੁਰੂ ਸੰਗਤਿ ਕੀ ਬਾਹੁੜੀ ਕਰੇਗਾ; ਮਨੋਰਥ ਪੂਰੇ ਹੋਵਹਿਗੇ !..."
"ਗੁਰੂ ਕੇ ਨਿਵਤ ਕਾ ਹੋਵੈ; ਸੋ ਵਿਸੋਏ ਨੂ ਹਜੂਰਿ ਲੈਕੇ ਦਰਸਨ ਆਵਣਾ ! ਮੇਰੀ ਖੁਸੀ ਹੈ। ਆਵਗੁ ਸੋ ਨਿਹਾਲੁ ਹੋਗੁ ! ਹੋਰਸ ਕਿਸੈ ਮਸੰਦ ਨੂ ਨਾਹੀ ਮੰਨਣਾ !......" "ਮਸੰਦ, ਮਸੰਦੀਏ ਦੈ ਮਰਣੈ ਪਰਣੈ ਗੁਰੂ ਕੇ ਸਿਖ ਨਾਂਹੀ ਜਾਣਾ !......... ਮੇਰੀ ਖੁਸੀ ਹੈ ।.........ਮਸੰਦ ਦੈ ਮੁਹਿ ਨਾਹੀ ਲਗਣਾ; ਗੁਰੂ ਕੇ ਸਿਖ ! ਹੁਕਮੁ ਮੰਨਗੁ ਸੋ ਨਿਹਾਲ ਹੋਗੁ ॥"

ਸਭ ਤੋਂ ਪਹਿਲਾਂ ਜਾਰੀ ਹੋਏ ਹੁਕਮਨਾਮਿਆਂ ਦੀ ਵੰਨਗੀ ਅਸਲ ਰੂਪ ਵਿਚ, 'ਦਉਲੇ ਕੀ ਗੁਜਰਾਤ' (ਪੰਜਾਬ) ਦੇ ਇਕ ਸਿਖ ਘਰਾਣੇ ਪਾਸ ਹੈਗੀ ਸੀ।* ਹੁਣ, ਪਾਕਿਸਤਾਨੀ ਹੱਲੇ-ਗੁੱਲੇ ਸਮੇ, ਪਤਾ ਨਹੀਂ ਕਿਸ ਹਾਲੇ, ਕਿੱਧਰ ਗਏ ਹੋਣਗੇ ! ਉੱਤੇ ਦਿਤਾ ਪਾਠ 'ਮਾਛੀਵਾੜਾ', 'ਪਟਣ ਸੇਖ ਫਰੀਦ ਕੇ', ਤੇ 'ਪਟਣੇ ਸਾਹਿਬ' ਦੀਆਂ ਸੰਗਤਾਂ ਜੋਗ ਪਹੁੰਚੇ ਤੇ ਉਨ੍ਹਾਂ ਪਾਸ ਸਾਂਭੇ ਅਸਲ ਹੁਕਮਨਾਮਿਆਂ ਵਿਚੋਂ ਲਿਆ ਗਿਆ ਹੈ; ਜੋ ਸੀਸ ਭੇਟ ਕੌਤਕ ਵਰਤਾਣ ਤੋਂ ਬਾਦ, ਕਰਮ ਅਨੁਸਾਰ–'ਸੰਮਤੁ ੧੭੫੫ ਮਿਤੀ ਚੇਤੋਂ ੧੪', 'ਮਿਤੀ ਫਾਗੋਂ ੪ ਸੰਮਤੁ ੧੭੫੬' ਤੇ 'ਸੰਮਤੁ ੧੭੫੭ ਮੱਘਰ ਮਿਤੀ ੪' ਦੇ ਲਿਖੇ ਹੋਏ ਹਨ ।

ਇਨ੍ਹਾਂ ਹੁਕਮਾਂ ਦੁਆਰਾ ਦੇਸਾਂ-ਪਰਦੇਸਾਂ ਤੋਂ ਸਿਖਾਂ ਨੂੰ ਸੱਦ ਕੇ ਆਉਂਦੀ ਵੈਸਾਖੀ ਪੁਰ ਬੜਾ ਭਾਰਾ ਇਕੱਠ ਕੀਤਾ; ਜਿਸ ਵਿਚ ਅਚਰਜ ਕਉਤੁਕ ਰਚ ਕੇ ਪੰਜ ਪਿਆਰੇ ਚੁਣੇ; ਅਰੁ ਉਨ੍ਹਾਂ ਨੂੰ ਚਰਨ ਪਾਹੁਲ ਦੀ ਥਾਂ 'ਖੰਡੇ ਦਾ ਅੰਮ੍ਰਿਤ' ਤਿਆਰ ਕਰਕੇ ਛਕਾਇਆ; ਤੇ 'ਪੰਚ ਪਰਵਾਣੁ,' 'ਪੰਚ ਪਰਧਾਨ' ਦੀ ਲੀਲਾ ਵਰਤਾ ਦਿਤੀ । ਚੁਨਾਂਚਿ ਸਤਿਗੁਰਾਂ ਦੇ ਦਰਬਾਰੀ ਕਵਿ ਸੈਨਾਪਤਿ, 'ਖਾਲਸਾ' ਨੇ 'ਸ੍ਰੀ ਗੁਰ-ਸੋਭਾ' ਵਿਚ ਲਿਖਿਆ ਇ:–

ਦੋਹਰਾ ॥

'ਪੁਰ ਆਨੰਦ' ਗੁਰ ਗੋਬਿੰਦ ਸਿੰਘ–
ਅਬ ਕਬਿ ਕਰਤ ਬਖਾਨ:-
ਗਿਰਦ ਪਹਾਰ ਅਪਾਰ ਅਤਿ,
ਸਤਲੁਦ੍ਰ-ਤਟਿ ਸੁਭ ਥਾਨ ॥੧॥ ੧੧੭ ॥

---

*'ਮਹਿਮਾਂ ਪ੍ਰਕਾਸ਼'–ਸਾਖੀ ੨੨੨ ਵੀਂ, ਛੰਦ ੧੫ ਵਾਂ।



Digitized by Panjab Digital Library | www.panjabdigilib.org

ਚੇਤ ਮਾਸ ਬੀਤਿਓ ਸਕਲ,
ਮੇਲਾ ਭਯੋ ਅਪਾਰ ।
ਬੈਸਾਖੀ ਕੈ ਦਰਸ ਪੈ,
ਸਤਿਗੁਰ ਕੀਯੋ ਬਿਚਾਰ ॥੨॥ ੧੧੮ ॥

ਸੰਗਤ ਦਰਸਨ ਕਰਤ ਸਬ,
ਨਗਰ ਨਗਰ ਬਿਸਥਾਰ ।
ਹੁਐ ਦਇਆਲ ਦਰਸ਼ਨ ਦੀਓ,
ਕਰਨਹਾਰ ਕਰਤਾਰ ॥ ੩ ॥ ੧੧੯ ॥
ਗੋਬਿੰਦ ਸਿੰਘ ਕਰੀ ਖੁਸ਼ੀ,
ਸੰਗਤਿ ਕਰੀ ਨਿਹਾਲ ।
ਕੀਓ ਪ੍ਰਗਟ ਤਬ 'ਖਾਲਸਾ',
ਚੁਕਿਓ ਸਕਲ ਜੰਜਾਲੁ ॥ ੪ ॥ ੧੨੦ ॥

ਸਬ ਸਮੂਹ ਸੰਗਤਿ ਮਿਲੀ,
ਸੁਭ ਸਤਿਲੁਦ੍ਰ ਕੇ ਤੀਰ ।
ਕੇਤਕ ਸੁਨਿ ਭਏ 'ਖਾਲਸਾ',
ਕੇਤਕ ਭਏ ਅਧੀਰ ॥ ੫ ॥ ੧੨੧ ॥
"ਤਜਿ ਮਸੰਦ ਪ੍ਰਭੁ ਏਕ ਜਪੁ"–
ਯਹਿ ਬਿਬੇਕ ਤਹੰ ਕੀਨ ।
"ਸਤਿਗੁਰ ਸੋ ਸੇਵਕ ਮਿਲੇ,
ਨੀਰ ਮੱਧਿ ਜਯੋਂ ਮੀਨ ॥ ੬ ॥ ੧੨੨ ॥

ਸੋ ਸਤਿ ਸੰਗਤਿ ਜਾਣੀਐ,
ਜਹਿੰ ਬਿਬੇਕ-ਬਿਚਾਰ ।
ਬਿਨੁ ਭਾਗਨ ਨਹੀਂ ਪਾਈਐ,
ਜਾਨਤ ਹੈ ਸੰਸਾਰ ॥ ੭ । ੧੨੩

ਨੇਮੁ ਧਰਮੁ ਪੂਜਾ ਸਕਲ,
ਏਕ ਨਾਮ ਗੋਬਿੰਦ ।
ਏਕ ਬਾਰ ਮੁਖ ਤੇ ਕਹੋ,
ਹੋਤ ਅਨੇਕ ਅਨੰਦੁ !! ੮ ॥ ੧੨੪ ॥

ਇ: ਪ: ਪ.

Digitized by Panjab Digital Library | www.panjabdigilib.org

"ਮੋਹਿ ਮਾਲ ਸੰਗਤਿ ਸਕਲ !"–
ਕਹੀ ਸਿੰਘ ਗੋਬਿੰਦ :–
"ਮਾਨੈ ਹੁਕਮ ਬਿਬੇਕ ਸੁਨਿ,
ਤਾ ਕੋ ਕਰਉਂ ਅਨੰਦ !!" ੧੧ ॥੧੨੭॥

... ... ... ... ...

ਜਗਤ ਉਧਾਰਨ ਕਾਰਨੇ, ਸਤਿਗੁਰ ਕੀਓ ਬਿਚਾਰ ।
ਕਰ 'ਮਸੰਦ' ਤਬ ਦੂਰ ਸਬ, 'ਨਿਰਮਲ'* ਕਰ ਸੰਸਾਰ ॥ ੧੫ ॥

# 'ਅੰਮ੍ਰਿਤ' ਤਿਆਰ ਕਰਨ ਦੀ ਵਿਧੀ

ਵੈਸਾਖੀ ਦੇ ਦਿਨ, ਸੰਗਤਿ ਨੂੰ 'ਖਾਲਸਾ' ਬਣਾ ਕੇ 'ਖੰਡੇ ਦੀ ਪਾਹੁਲ ਦੇਣ' ਦਾ ਪਤਾ, ਪਹਿਲ–ਪ੍ਰਥਮੇ ਕਵੀ ਸੈਨਾਪਤਿ 'ਖਾਲਸਾ' ਨੇ ਹੀ ਸਾਨੂੰ ਦਿਤਾ ਹੈ । ਪਰ ਉਸਨੇ 'ਅੰਮ੍ਰਿਤ' ਤਿਆਰ ਕਰਨ ਅਰੁ ਛਕਾਣ ਦੀ ਵਿਧੀ ਵਰਣਨ ਨਹੀਂ ਕੀਤੀ। ਇਸ ਬਾਰੇ ਦਸਮ ਪਾਤਸ਼ਾਹ ਦੀ ਆਪਣੀ ਯਾ ਹਜ਼ੂਰ ਦੇ ਕਿਸੇ ਹੋਰ ਸਮਕਾਲੀ ਤੇ ਦਰਬਾਰੀ ਲਿਖਾਰੀ ਦੀ ਲਿਖਤ ਭੀ ਹਾਲਾਂ ਤਕ ਹੱਥ ਨਹੀਂ ਲਗੀ।

(੧) 'ਸੈਨਾਪਤਿ' ਤੋਂ" ਚਾਲੀਹ ਕੁ ਸਾਲ ਬੱਦ,ਸੰਮਤ੧੮੦੮ਬਿ: ਵਿਚ–'ਸ੍ਰੀ ਗੁਰ ਸੋਭਾ' ਦਾ ਹੀ ਆਸਰਾ ਲੈ ਕੇ; ਭਾਈ ਕੁਇਰ ਸਿੰਘ, 'ਕਲਾਲ੍' ਨੇ 'ਗੁਰ ਬਿਲਾਸ'† ਗ੍ਰੰਥ ਰਚਿਆ ਹੈ। ਪਰ ਕਥਾ ਭਾਈ ਮਨੀ ਸਿੰਘ ਜੀ 'ਸ਼ਹੀਦ' ਦੇ ਮੁਖਾਰਬਿੰਦ ਤੋਂ ਕਰਵਾਈ ਹੈ। ਇਸ ਗ੍ਰੰਥ ਦੇ ਨੌਵੇਂ ਅਧਿਆ ਵਿਚ 'ਸੀਸ-ਭੇਟ' ਪ੍ਰਸੰਗ ਤੋਂ ਬੱਦ ਲਿਖਿਆ ਇ:–

---

*ਏਥੇ 'ਖਾਲਸਾ' ਸ਼ਬਦ ਦੇ ਸਾਧਾਰਨ ਅਰਥ ਸਮਝੌਣ ਵਾਸਤੇ, ਭਾਈ ਗੁਰਦਾਸ ਜੀ ਵਾਲਾ 'ਨਿਰਮਲ' ਪਦ ਵਰਤਿਆ ਗਿਆ ਹੈ।

†ਇਸ ਪੁਸਤਕ ਦਾ ਇਕ ਉਤਾਰਾ 'ਖਾਲਸਾ ਕਾਲਜ ਅੰਮ੍ਰਿਤਸਰ' ਦੀ ਲਾਇਬ੍ਰੇਰੀ ਵਿਚ ਹੈ; ਤੇ ਉਸਦੀ ਨਕਲ 'ਸਿਖ ਰੈਫਰੈਂਸ ਲਾਇਬ੍ਰੇਰੀ-ਅੰਮ੍ਰਿਤਸਰ' ਵਿਚੇ ਨੰਬਰ ੧੧੯੮ ਪੁਰ ਦਰਜ ਹੈ। ਪਾਠ ਕਰਨ ਤੋਂ ਸਹੀ ਹੁੰਦਾ ਇ, ਕਿ ਲਿਖਾਰੀ ਨੇ ਅਨੇਕਾਂ ਛੰਦ 'ਕਵਿ ਸੈਨਾਪਤਿ' ਦੇ ਹੀ ਚੁਰਾ ਕੇ, ਬਿਨਾਂ ਹਵਾਲਾ ਦਿਤੇ ਅਪਣਾ ਲਏ ਹਨ ।

---



Digitized by Panjab Digital Library | www.panjabdigilib.org

ਦੋਹਰਾ

ਉਤੈ ਲੋਕ ਯੌਂ ਭਾਖਈ, ਇਤ ਪ੍ਰਭ ਯਾ ਬਿਧਿ ਠਾਨ।
ਨਿਕਸੇ ਤੰਬੂ ਤਾਹਿ ਤੇ, ਸੰਗ ਸਿੱਖ ਸੁਠ ਠਾਨ ॥੨੩

ਸ੍ਵੈਯਾ

ਤਾ ਕਰ ਸੋਂ ਕਰ ਧਾਰ ਅਏ ਪੁਨਿ,
ਬੈਠ ਸਿੰਘਾਸਨ ਕੌਤਕ ਹੇਰੇ।
ਧਨ ਧੰਨ ਕਰੈ ਨਰ ਨਾਰਿ ਤਬੈ,
ਪੁਨਿ ਭੂਖਨ ਅਨਿਕ ਦਏ ਤਿਹ ਕੇਰੇ।
ਕੋਰ-ਮਯਾ[1] ਕਰ ਆਪ ਸਮਾਨ,
ਕਰੇ ਤਬ ਹੀ ਅਤਿ ਸੁੰਦਰ ਚੇਰੇ।
ਸਰਤਾ-ਜਲ[2] ਲੀਨ ਅਛੂਤ ਮੰਗਾਇਕੈ,
ਪਾਤ੍ਰ-ਲੋਹ ਮੈ ਤਾ ਪ੍ਰਭ ਬੇਰੇ ॥੨੪

ਪਤ੍ਰੁਤੇ ਸੁ ਉਦਾਸ ਹ੍ਵੈ ਮੰਤ੍ਰ ਕੋ ਪ੍ਰਭ,
ਠਾਢੇ ਹੈਂ ਆਪ ਭਏ ਸੁ ਸਵੇਰੇ।
ਅਸ ਕੌਤਕ ਵੇਖ ਸੁ ਸਾਹਿਬ ਕੋ,
ਬਿਪ 'ਰਾਮ ਕ੍ਰਿਪਾ'* ਬਿਧ ਯਾ ਲਖ ਪਾਈ।
ਮਾਤਾ ਕੇ ਤੀਰ ਗਯੋ ਤਬ ਧਾਇ ਕੈ,
ਛੋਰਿ[3] ਕਥਾ ਨਖ-ਸਿਖ ਸੁਨਾਈ,
ਖਾਲਸ ਪੰਥ ਕੋ ਆਦਿ ਰੁ ਅੰਤ;
ਸੁ ਯਾ ਬਿਧਿ ਕੋ ਸੁਨਿ ਮਾਤ ਸੁ ਆਈ ॥੨੫

---

੧-ਕਨਖੀ, ਕ੍ਰਿਪਾ-ਕਟਾਖ, ਮਿਹਰ ਦੀ ਨਜ਼ਰ।
੨–ਨਦੀ ਦਾ ਜਲ।
੩–ਖੋਲ੍ਹ ਕੇ, ਵਿਸਥਾਰ ਨਾਲ।
*ਭਾਈ ਸੁਖਾ ਸਿੰਘ ਨੇ 'ਕ੍ਰਿਪਾ ਰਾਮ' ਬ੍ਰਹਮਣ ਦੀ ਥਾਂ, ਇਹ ਗੱਲ ਭਾਈ ਰਾਮ ਕੋਇਰ ਜੀ ਨੂੰ ਦੇਣੀ ਉਚਿਤ ਸਮਝੀ ਹੈ:–

ਦੋਹਰ

'ਰਾਮ ਕੁਇਰ' ਬੁਢੇ ਸੁਮਤਿ, ਯੌਂ ਮਾਤਾ ਜੀ ਤੀਰ॥
ਨਖ-ਸਿਖ ਕਥਾ ਦਜ਼ਾਲ ਕੀ, ਬਰਨੀ ਸੁਖਦ ਸਰੀਰ ॥੩੭

---

ਇ: ਪ: ੭.

Digitized by Panjab Digital Library | www.panjabdigilib.org

ਤਾਸ ਮੈ ਆਨ ਪਤਾਸੇ ਡਰੇ ਗਨ,
ਪੇਖ ਸੁ ਮਹਲ[1] ਕੋ ਬਾਤ ਅਲਾਈ:–
"ਤਾਤ[2] ਅਰੁ ਮਾਤ ਕੀ ਅੰਸ ਭਈ ਅਬ,
ਯਾ ਕਰ ਹੇਤੁ ਭਵੈ ਨਿਜ ਮਾਈ !"
ਪ੍ਰੇਮ-ਪਤਾਸੇ ਡਰੇ ਅਬ ਮਾਤ ਨੇ,
ਯੌਂ ਅਤਿ ਸੰਗਤਿ ਮੋਦ ਧਰਾਈ ।
"ਧੰਨ ਧੰਨ !" ਕਹੈਂ ਸਭ ਹੀ ਜਨ ਮਾਤ ਕੋ–
"ਮਾਤਾ ਕੀਯੋ ਉਪਕਾਰ !"–ਗਨਾਈ ।
ਜਲ ਥਲ ਮੈ ਜੋਤਿ ਬਿਰਾਜਤ ਮਾਤ ਕੀ,
ਯਾਹਿ ਕਥਾ ਸੁਨ ਕੇ ਚਿਤ ਚਾਈ ॥ ੨੬

ਦੋਹਰਾ

'ਅੰਮ੍ਰਿਤ' ਗੁਰੂ ਤਯਾਰ ਕਰਿ, ਕੈ ਅਰਦਾਸ ਕੀ ਰੀਤਿ ।
ਠਾਢੇ ਕਮਰ ਛਕਾਇ ਕੈ, ਸਨਮੁਖ ਪੰਚ ਸੁਨੀਤ ॥ ੨੭ ॥

ਯਾਨੀ ਸਿਰਫ ਏਨਾ ਹੀ ਦੱਸਿਆ ਹੈ ਕਿ ਲੋਹੇ ਦੇ ਬਾਟੇ ਵਿੱਚ, ਨਦੀ ਦਾ ਸੁੱਚਾ ਜਲ ਮੰਗਵਾਇਆ । ਉਸ ਉੱਤੇ ਆਪ ਗੁਰੂ ਸਾਹਿਬ ਖੁਦ ਚੁਪ ਚਾਪ (ਉਦਾਸ ਬਿਰਤੀ ਵਿੱਚ) ਖੜੋ ਕੇ ਮੰਤ੍ਰ ਪੜ੍ਹਨ ਲੱਗੇ । ਮਾਤਾ ਜੀ ਨੇ ਘਰੋਂ ਪਤਾਸੇ ਲਿਆਕੇ ਉਸ ਬਾਟੇ ਵਿੱਚ ਪਾ ਦਿੱਤੇ । ਇਉਂ ਮਿੱਠਾ 'ਅੰਮ੍ਰਿਤ' ਤਿਆਰ ਹੋ ਗਿਆ ।

(੨) **ਇਸ ਤੋਂ ਬੱਾਦ** ਨੇੜੇ ਦੇ ਲਿਖਾਰੀ ਬਾਬਾ ਸਰੂਪ ਦਾਸ 'ਭਲੇ' ਹਨ । ਆਪ ਨੇ **ਸੰਮਤ ੧੮੩੩–੪ ਬਿ:** ਵਿਚ 'ਮਹਿਮਾ ਪ੍ਰਕਾਸ਼' ਗ੍ਰੰਥ ਰਚਿਆ ਹੈ । ਜਿਸ ਵਿਚ ਮਸੰਦਾਂ **ਦੀ** ਸੋਧ, ਤੇ ਸੰਗਤਿ ਨੂੰ 'ਖਾਲਸਾ' ਕਰਨ ਦਾ ਪ੍ਰਸੰਗ ੨੨੧ ਵੀਂ ਸਾਖੀ 'ਚਿ ਲਿਖਿਆ ਹੈ, ਅਰੁ ਖੰਡੇ ਦੀ ਪਾਹੁਲ' ਦਾ ੨੨੬ਵੀਂ ਵਿਚ । ਆਪ ਲਿਖਦੇ ਹਨ:–

ਦੋਹਰਾ

ਨਵਤਨ ਪੰਥ-ਮਿਰਜਾਦ ਧਰਿ, ਕਰੈ ਕਲਕੀ-ਧਰਮ ਪ੍ਰਕਾਸ਼ ।
ਸੀਸ ਕੇਸ ਨੀਲੰਬਰੀ, ਸਿੰਘ 'ਸੰਗ੍ਹਿਆ'[3] ਤੇਜ ਨਿਵਾਸ ॥ ੧ ॥

੧–(ਗੁਰੂ ਜੀ ਨੇ ਅਪਣੀ) ਘਰਣੀ (ਸ੍ਰੀ ਮਾਤਾ ਜੀਤੋ ਜੀ) ਆਈ ਵੇਖ ਕੇ ਬਚਨ ਕੀਤਾ । ੨–ਪਿਤਾ । ੩–ਨਾਮ ।



Digitized by Panjab Digital Library | www.panjabdigilib.org

ਚੌਪਈ

ਇਕੁ ਤਸਟਾ ਚਮਚਾ ਲੋਹਿ[1] ਮੰਗਾਇਆ।
ਤਾ ਮੋ ਖੰਡੇ ਇਸਨਾਨ ਕਰਾਇਆ।
'ਖੰਡੇ ਕੀ ਪਾਹੁਲ' ਭਈ ਤਿਆਰ।
ਤਬ ਸਿਖ ਮੁਖੀਏ ਪ੍ਰਭ ਲਏ ਹਕਾਰਿ ॥ ੨
ਨਿਜ ਚਰਨ ਪਖਾਲ ਗਾਗਰੇ[2] ਮੋ ਧਰਾ।
ਕਰ ਬੰਦੁ ਲਖੌਟਾ ਮੁਹਰ ਮੁਖ ਕਰਾ[3]।
ਸਤਰੁਦ੍ਰੂ[4] ਮਾਂਹਿ ਅਮਾਨ ਧਰਾਇਆ।
'ਖੰਡੇ ਕੀ ਪਾਹੁਲ' ਹੁਕਮ ਕਰਾਇਆ ॥ ੩
ਤਬ ਪਾਂਚ ਚਮਚਾ ਮਹਾਂ ਤੇਜ ਭਰ ਪੀਆ।
ਜਿਮ ਅਗਸਤ ਆਚਮਨ[5] ਕੀਆ।
ਪੁਨਿ ਪਾਹੁਲ ਦੇਨ ਸਿੱਖਨ ਕੋ ਲਾਗੇ।
ਤਬ ਕਹਾ ਮਾਤਾ ਸੰਗਤਿ ਸੁਖ ਪਾਗੇ। ੭:–
"ਅਬ ਹੀ ਤੇਜ ਨ ਸਕੇ ਸਹਾਰ !
ਕਰਿ ਕਿਰਪਾ ਅਵਰ ਕੁਛ ਹੋਇ ਉਪਚਾਰ[6] !"
ਤਬ ਸਤਿਗੁਰ ਮਿਸਰੀ ਲਈ ਮੰਗਾਇ।
ਪੀਸਾਇ ਤਸਟੇ ਮੋ ਦੀਨੀ ਪਾਇ ॥ ੮

(੩) ਬਾਬਾ ਭੱਲਾ ਸਾਹਿਬ ਦੇ ਸਮਕਾਲੀ ਹੀ ਭਾਈ ਕੇਸਰ ਸਿੰਘ 'ਛਿੱਬਰ' ਹਨ। ਉਹ ਚੂੰਕਿ, ਮਾਮਾਂ ਕਿਰਪਾਲ ਸਿੰਘ ਜੀ ਰਾਹੀਂ, ਮਾਤਾ ਸਾਹਿਬਾਂ ਵਲੋਂ, 'ਸ੍ਰੀ ਹਰਿਮੰਦਰ ਸਾਹਿਬ-ਅੰਮ੍ਰਿਤਸਰ' ਦੇ ਥਾਪੇ ਗਏ ਪਹਿਲੇ ਦਾਰੋਗੇ–ਭਾਈ ਗੁਰਬਖਸ਼ ਸਿੰਘ 'ਛਿੱਬਰ' ਦੇ ਪੁੱਤਰ ਹਨ; ਇਸ ਲਈ ਉਨ੍ਹਾਂ ਦੀ ਗੱਲ ਕੁਝ ਵਧੇਰੇ ਏਤਬਾਰ ਜੋਗ ਮੰਨਣੀ ਪੈਂਦੀ ਹੈ। ਭਾਈ ਸਾਹਿਬ ਫਰਮਾਉਂਦੇ ਹਨ:–

ਸੰਮਤ ਸਤਾਰਾਂ ਸੈ ਚਉਰੰਜਾ ਗਏ।
ਦਿਨ ਚੇਤ੍ਰ ਦੇ ਅਠਾਈ ਬਾਕੀ ਰਹੇ।

---

੧–ਬਾਟਾ ਤੇ ਚਮਚਾ ਸਰਬ ਲੋਹ ਦੇ ॥ ੨–ਗਾਗਰ।
੩–ਲਾਖ ਦੀ ਮੁਹਰ (ਗਾਗਰ ਦੇ) ਮੂੰਹ ਤੇ ਲਾ ਕੇ।
੪–ਸਤਲੁਜ ਦਰਿਆ। ੫–ਚੁਲ੍ਹੀਆਂ ਨਾਲ਼ ਪੀਣਾਂ।
੬–ਇਲਾਜ, ਉਪਾਉ।

---



Digitized by Panjab Digital Library | www.panjabdigilib.org

ਦਿਨ ਤ੍ਰੈ ਗੁਜਰੇ, ਚੌਪਾ ਸਿੰਘ[1] ਬੁਲਾਇਆ।
ਦਰਬਾਰ ਲਗਾ ਹੋਇਆ,
ਦੀਵਾਨ ਦੋਨੋ ਪਾਸ ਬਹਾਇਆ ॥ ੩੧੬।

ਬਚਨ ਕੀਤਾ: "ਕਟੋਰਾ ਜਲ ਦਾ ਸੁਚੇਤ ਕਰਿ ਲੈ ਆਉ!"
ਲੈ ਆਇਆ; ਦਿਤੀ ਕਰਦ, ਕਹਿਆ: "ਹਿਲਾਉ!
'ਜਪੁ' ਅਤੇ 'ਅਨੰਦ' ਰਸਨੀ ਕਰਿ ਉਚਾਰੁ।"
ਤਾਂ ਦੀਵਾਨ 'ਸਾਹਿਬ ਚੰਦ'
ਹਥ ਜੋੜ ਖਲੋਤਾ ਵਿਚ ਦਰਬਾਰ ॥ ੩੧੭

ਕਹਿਆ:–"ਗਰੀਬ ਨਿਵਾਜ਼! ਵਿਚ ਮਿਠਾ ਪਵੇ, ਤਾ ਬਣੇ ਸੁਆਦ।"
ਬਚਨ ਕੀਤਾ: "ਲੈ ਆਉ ਧਰਮ ਚੰਦਾ! ਪਤਾਸੇ ਪ੍ਰਸਾਦ!"
ਪਤਾਸੇ ਪਵਾਏ, ਅਤੇ ਕਰਦ ਹਿਲਾਈ।
ਨਾਉਂ ਧਰਿਆ 'ਪਾਹੁਲ', ਇਹ ਪਾਹੁ ਲਗਾਈ॥ ੩੧੮

(ਦਸਵਾਂ ਚਰਨ)

(੪) ਕਵਿ ਸੈਨਾਪਤਿ ਤੇ ਭਾਈ ਕੁਇਰ ਸਿੰਘ ਦੇ ਪਾਏ ਪੂਰਨਿਆਂ ਤੇ ਚਲਦਿਆਂ, ਸੰਮਤ ੧੮੫੪ ਬਿ: ਵਿਖੇ, ਤਖਤ ਸ੍ਰੀ ਕੇਸਗੜ੍ਹ ਦੇ ਗ੍ਰੰਥੀ ਭਾਈ ਸੁੱਖਾ ਸਿੰਘ ਨੇ, 'ਗੁਰ ਬਿਲਾਸ ਪਾ: ੧੦' ਰਚਿਆ ਹੈ। ਅਰੁ ਗਿਆਰਵੇਂ ਅਧਿਆ ਵਿੱਚ ੨੯ਵੇਂ ਛੰਦ ਤੋਂ ੪੧ ਵੇਂ ਤੱਕ, ਭਾਈ ਕੁਇਰ ਸਿੰਘ ਦੇ ਬਿਆਨ ਦੀ ਹੀ ਤਸਦੀਕ ਕੀਤੀ ਹੈ।

(੫) ਭਾਈ ਸੁੱਖਾ ਸਿੰਘ ਹੁਰਾਂ ਦਾ ਹੀ ਸਮਕਾਲੀ ਹੈ ਖ਼ੁਸ਼ਵਕਤ ਰਾਇ, 'ਵਕ਼ਾਇਆ ਨਿਗਾਰ'-ਸਰਕਾਰ ਅੰਗ੍ਰੇਜ਼ੀ। ਜਿਸ ਨੇ ਸਨ ੧੮੧੧ ਈ: (ਸੰਮਤ ੧੮੬੮ ਬਿ:) ਵਿੱਚ 'ਤ੍ਵਾਰੀਖ਼ਿ ਸਿੱਖਾਂ' (ਫਾਰਸੀ) ਲਿਖੀ ਹੈ। 'ਭਵਾਨੀ' ਦਾ ਆਵਾਹਨ ਕਰਨ ਵਾਲੀ ਗੱਲ ਸੁਣਾ ਕੇ ਲਾਲਾ ਜੀ ਲਿਖਦੇ ਨਿ:–

---

੧–ਇਹ ਬ੍ਰਿਧ ਭਾਈ ਸਾਹਿਬ ਭੀ ਛਿੱਬਰ ਬ੍ਰਹਮਣ ਹੀ ਸਨ, ਸ੍ਰੀ ਗੁਰੂ ਤੇਗ ਬਹਾਦੁਰ ਦੇ ਸਿੱਖ, ਲਿਖਾਰੀ ਤੇ ਦਸਮੇਸ਼ ਜੀ ਦੇ ਖਿਡਾਵੇ ਸਨ।



Digitized by Panjab Digital Library | www.panjabdigilib.org

ਅਜ਼ਾਂ ਰੋਜ਼ ਜ਼ੁੱਨਾਰ ਬ-ਸ਼ਿਕਸਤ; ਵ ਲਿਬਾਸ ਨੀਲਗੂੰ ਅਖ਼ਤਜਾਰ ਕਰਦ; ਵ ਜ਼ੇਵਰ ਆਹਨੀ ਗੁਜ਼ੀਦ; ਵ ਵਜ਼ੱਾ ਗ਼ੈਰ ਮੁਕੱਰਰ ਨਮੂਦ; ਵ ਦੋ ਸ਼ਮਸ਼ੇਰ ਬਰ ਕਮਰ ਬਸਤ; ਵ ਕਾਰਦ ਵ ਚੱਕ੍ਰ ਵ ਤਪੰਚਾ ਵ ਕਮਾਣ ਵਗ਼ੈਰਾ ਹਰਬਾ ਹਾਇ ਆਹਨੀ ਬਰ ਖ਼ੁਦ ਆਵੇਖਤ । ਵ ਦਸਤਾਰ ਬ-ਕ਼ਦਰ ਯਕ ਦਸਤ ਦਰਾਜ਼ ਬਸਤਨ ਔਦਤ ਕਰਦ । ਵ ਇੱਵਜ਼ ਕਲਮਾ 'ਸਲਾਮ' 'ਫਤਿਹ ਵਾਹਗੁਰੂ ਜੀ ਕੀ' ਮੁਕ਼ਰਰ ਕਰਦ। ਬਜਾਇ ਬਾਂਗ, ਸੁਬਹ ਵ ਸ਼ਾਮ ਸ਼ਬਦ "ਅਕਾਲ ! ਅਕਾਲ !!" ਬ-ਆਵਾਜ਼ ਬਲੰਦ ਖ਼੍ਵਾਂਨਦਨ ਆਗ਼ਾਜ਼ ਨਮੂਦ। "ਗੁਰੂ ਗੋਬਿੰਦ ਸਿੰਘ-'ਖਾਲਸਾ'" ਨਾਮੀਦ । ਵ ਅੱਵਲ ਪੰਜ ਕਸ ਸਿੰਘ ਰਾ ਬਰ ਵਜ਼ੱਾ ਖ਼੍ਵੇਸ਼ ਪੈਦਾ ਕਰਦ । ਵ ਬਿਨਾਬਰ ਤਰਵੀਜੁ ਤਸ਼ਹੀਰੁ ਤੌਹੀਦਿ ਮਿੱਲਤਿ ਖ਼ੁਦ ਰਸਮਿਆਤਿ ਦੀਨ ਵ ਆਈਨ ਮੁਕ਼ਰਰ ਸਾਖ਼ਤ । ਬ-ਦੀਂ ਤਫਸੀਲ ਕਿ- ਪਾਇ ਖ਼ੁਦ ਰਾ ਬਿਸ਼ੁਸਤ; ਵ ਦਰਾਂ ਆਬ ਸ਼ੀਰੀਨੀ ਆਮੇਖ਼ਤਾ, ਕਾਰਦ ਦਰ ਦਸਤ ਗਿਰਿਫਤਾ, ਦਰਾਂ ਆਬ ਮੇ ਰਾਂਦ; ਵ ਈਂ ਪੰਜ ਅਫ਼ਸੂਨ ਹਾਇ ਹਿੰਦੀ ਭਾਖਾ ਦਰ ਕੁਤਬਤ ਤਸਨੀਫ ਸ੍ਵੈਯਾ ਖ਼ੁਦ ਰਾ ਮੇ ਖ਼੍ਵਾਂਦ; ਵ ਦਮ ਕਰਦ । ਵ ਕਬਿੱਤੁ ਸ੍ਵੈਯਾਹਾ ਮਜ਼ਕੂਰ ਈਂ ਅੰਦ:-

ਕਬਿੱਤੁ ਸ੍ਵੈਯਾ ਅੱਵਲ

ਸਰਾਵਗ ਸੁਧ ਸਮੂਹ ਸਿਧਾਨ ਕੇ
ਦੇਖ ਫਿਰਜੋ ਘਰਿ ਜੋਗਿ ਜਤੀ ਕੇ ।...* ਆਦਿ

---

*ਲਿਖਤੀ ਪੁਸਤਕ-ਪਤ੍ਰਿ ੨੭-੮

---

ਇ: ਪ: ੧੧.

Digitized by Panjab Digital Library | www.panjabdigilib.org

(ਪਹਿਲੇ ਪੰਜੇ ਸਵਈਏ ਲਿਖੇ ਹਨ)

ਅਰਥਾਤ–ਉਸ ਦਿਨ ਤੋਂ ਜਨੇਊ ਤੋੜ ਦਿਤਾ। ਨੀਲਾ ਬਾਣਾ ਸਜਾ ਲਿਆ! ਸਰਬਲੋਹ ਦੇ ਗਹਿਣੇ ਪਹਿਨਣੇ ਉਚਿਤ ਖਿਆਲ ਕੀਤੇ। ਅਣੋਖਾ ਜਿਹਾ ਰੂਪ ਬਣਾ ਲਿਆ। ਦੋ ਸ਼ਮਸ਼ੇਰਾਂ ਗਾਤਰੇ ਸਜਾ ਲਈਆਂ। ਕਰਦ, ਚੱਕ੍ਰ, ਤਮੰਚਾ (ਪਿਸਤੌਲ) ਤੇ ਕਮਾਣ ਆਦਿ ਸਰਬਲੋਹ ਦੇ ਸ਼ਸਤਰ-ਅਸਤ੍ਰ ਧਾਰਨ ਕਰ ਲਏ। ਅਰੁ ਦਸਤਾਰ ਹਥ ਕੁ ਭਰ ਉੱਚੀ (ਦੁਮਾਲੇ ਦਾਰ) ਸਜਾਉਣ ਦਾ ਸੁਭਾਉ ਬਣਾ ਲਿਆ। 'ਸਲਾਮ' ਦੀ ਥਾਂ 'ਫਤਿਹ ਵਾਹਗੁਰੂ ਜੀ ਕੀ' ਨੀਯਤ ਕੀਤੀ। ਸੰਝ ਸੁਵੇਰ ਬਾਂਗ ਦੀ ਥਾਂ ਸ਼ਬਦ "ਅਕਾਲ! ਅਕਾਲ!!" ਗੱਜ ੨ ਕੇ ਗਜਾਉਣਾ ਅਰੰਭ ਦਿਤਾ। ਆਪਣਾ ਨਾਮ ਗੁਰੂ ਗੋਬਿੰਦ ਸਿੰਘ 'ਖਾਲਸਾ' ਰੱਖ਼ ਲਿਆ।

ਪਹਿਲ ਪ੍ਰਿਥਮੇ ਪੰਜ ਸਿੰਘ ਆਪਣੇ ਸਮਾਨ ਰੂਪ-ਧਾਰੀ ਪ੍ਰਗਟ ਕੀਤੇ (ਸਜਾਏ)। ਅਰੁ ਆਪਣੇ ਪੰਥ ਦੇ ਪ੍ਰਚਾਰ, ਪ੍ਰਸਿੱਧੀ ਤੇ ਏਕਤਾ ਵਾਸਤੇ ਧਾਰਮਕ ਰਸਮਾਂ ਤੇ ਨਿਯਮ ਨੀਯਤ ਕੀਤੇ। ਇਸ ਵੇਰਵੇ ਅਨੁਸਾਰ:–

ਆਪਣੇ ਚਰਨ ਧੋਤੇ, ਉਸ ਜਲ (ਚਰਨਾਮ੍ਰਿਤ) ਵਿਚ ਮਿੱਠਾ ਮਿਲਾਇਆ ਤੇ ਕਰਦ* ਕਰ-ਕਮਲਾਂ ਵਿਖੇ ਗ੍ਰਹਣ ਕਰ ਕੇ, ਉਸ ਜਲ ਅੰਦਰ ਫੇਰੀ। ਅਤੇ ਆਪਣੇ ਰਚੇ ਗ੍ਰੰਥਾਂ ਵਿੱਚੋਂ ਇਹ ਪੰਜ ਮੰਤ੍ਰ ਹਿੰਦੀ ਭਾਖਾ ਦੇ ਸਵੱਯੇ ਪੜ੍ਹ ਕੇ ਦਮ ਕੀਤਾ (ਫੂਕਾਂ ਮਾਰੀਆਂ)। ਉਹ ਕਬਿੱਤ-**ਸ੍ਵੈਯੇ ਇਹ ਹਨ:–**

ਪਹਿਲਾ ਕਬਿੱਤੁ ਸ੍ਵੈਯਾ

ਸਰਾਵਗ ਸੁੱਧ ਸਮੂਹ ਸਿਧਾਨ ਕੇ,
ਦੇਖ ਫਿਰਜੋ ਘਰਿ ਜੋਗਿ ਜਤੀ ਕੇ।
ਸੂਰ ਸੁਰਾਦਿਕ ਸਿਧ ਸਿਧਾਦਿਕ,
ਸੰਤ ਸਮੂਹ ਅਨੇਕ ਮਤੀ ਕੇ।
ਸਾਰੇ ਹੀ ਦੇਸ ਕੋ ਦੇਖ ਫਿਰਯੋ† ਮਤ,
ਕੋਊ ਨ ਦੇਖੀਅਤ ਪ੍ਰਾਨਪਤੀ ਕੇ।

---

*(ਫਾਰਸੀ–'ਕਾਰਦ') ਵੱਡਾ ਚਾਕੂ, ਛੁਰੀ; ਭਾਵ ਸਿੱਧੀ ਛੋਟੀ ਕ੍ਰਿਪਾਨ। ਅਰੁ ਦੋਧਾਰੀ ਕਿਰਪਾਨ ਨੂੰ 'ਖੰਡਾ' ਆਖੀਦਾ ਏ।

†ਸਹੀ ਪਾਠ 'ਰਹਜੋ' ਹੈ।

ਇੰ: ਪ: ੧੨.

Digitized by Panjab Digital Library | www.panjabdigilib.org

ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਬਿਨੁ*
ਏਕ ਰਤੀ ਬਿਨੁ ਏਕ ਰਤੀ ਕੇ ॥ ੧ ॥

('ਦਸਵੇਂ ਪਾਤਿਸ਼ਾਹ ਕੇ ਗ੍ਰੰਥ' ਵਿਚ 'ਅਕਾਲ ਉਸਤਤਿ' ਸਿਰਲੇਖ ਹੇਠ ਇਕੱਤ੍ਰ ਕੀਤੇ ਫੁਟਕਲ ਤੇ ਪ੍ਰਥਾਇ ਛੰਦਾਂ ਵਿਚੋਂ ੨੧ਵੇਂ ਤੋਂ ੨੫ਵੇਂ ਤੱਕ ਪੰਜੇ ਛੰਦ ਕੁਝ ਕੁ ਪਾਠ ਦੇ ਫਰਕ ਨਾਲ ਲਿਖੇ ਹਨ)।

(੬) ਲਗ ਪਗ ਇਨ੍ਹਾਂ ਹੀ ਦਿਨਾਂ ਵਿੱਚ, ਨਿਰਮਲੇ ਸੰਤ ਭੂਪ ਸਿੰਘ ਨੇ 'ਸੁਧਰਮ ਮਾਰਗ ਗ੍ਰੰਥ' ਲਿਖਿਆ ਹੈ, ਜੋ ਸੰਤ ਸੰਪੂਰਨ ਸਿੰਘ ਜੀ ਨੇ ਸਨ ੧੯੨੩ ਈ: ਵਿਚ ਛਪਵਾਇਆ ਹੈ। ਇਸ ਦੇ ਦੂਜੇ ਅਧਿਆ ਵਿਚ ਦੇਵੀ ਪ੍ਰਗਟਾਉਣ ਤੇ ਸੀਸ-ਭੇਟ ਕਉਤੁਕ ਵਰਤਾਉਣ ਤੋਂ ਬੱਾਦ ਖੰਡੇ ਦਾ ਅੰਮ੍ਰਿਤ ਛਕਾਉਣ ਵਾਲਾ ਪ੍ਰਸੰਗ ਐਉਂ ਵਰਨਿਆਂ ਹੈ:—

ਪੁਨਾ ਕਨਾਤ ਖੋਲ੍ਹ ਕੇ ਨਿਕਾਸੇ। ਪਾਂਚੋ ਕੋ ਏਕਤ੍ਰ ਬੈਠਾਯਾ। ਅਰੁ ਪ੍ਰਸਾਦ ਲਾਂਗਰੀਆਂ ਕੋ ਦੀਆ, ਕਹਾ : "ਤਿਆਰ ਕਰੋ।" ਤਿਸੀ ਸਮੇ ਸਭ ਦੇਵਤਾ ਆਨ ਇਸਥਿਤ ਭਏ, ਆਪਨਾ ਅੰਸ ਸਭ ਦੇਤ ਭਏ :—

ਮੰਤ੍ਰ—'੧ ੴ ਸਤਿ ਨਾਮ......', ਉਪਦੇਸ ਸਕਤਿ ਤੇ ਗੁਰੂ ਨਾਨਕ ਜੀ ਦੀਆ। ਔਰ

ਜੰਤ੍ਰ—'ਵਾਹਗੁਰੂ,' ਮੋਹਨ ਵਸੀਕਰਣ ਤੇ ਦੀਆ।

ਤੰਤ੍ਰ—ਜਲ, ਅੰਮ੍ਰਿਤ ਵਾਸਤੇ ਵਰਣ, ਚਿਤ ਦ੍ਰਿੜ੍ਹ ਤੇ ਦੇਤ ਭਇਆ।

ਮਿਸਟਾਨ—ਇੰਦ੍ਰ, ਬੁਧੀ ਮੀਠੀ ਰਹੈ—ਨਮਿਤ ਦੀਆ। ਅਰੁ
ਲੋਹ ਪਾਤ੍ਰ—ਜਮਰਾਜ, ਅੰਮ੍ਰਿਤ ਕੇ ਪਾਵਣੇ ਨਮਿਤ ਦੀਆ
ਲੋਹ ਕਰਦ—ਕਾਲੀ ਜੀ ਦਈ ਜੁਧ ਵਾਸਤੇ।
ਕੇਸ—ਦੇਵੀ ਚੰਡੀ ਜੀ ਦੀਏ।
ਸਿੰਘ ਨਾਮ—ਸਿੰਘ ਬਾਹਨ ਨੈ ਦੀਓ।
ਕਾਛ—ਹਨੂਮਾਨ ਜੀ ਦੀਨੀ।

---

*ਪਾਠਾਂਤ੍ਰ 'ਹੁੰ ਤੇ' ਹੈ।

---



Digitized by Panjab Digital Library | www.panjabdigilib.org

ਜਪੁਜੀ–ਮੁਕਤ ਤੇ ਪਾਠ ਦੀਆ।

ਅਨੰਦ–ਚਿਤ ਸਾਂਤਿ ਤੇ, ਗੁਰੂ ਅਮਰ ਜੀ ਦੀਨਾ।

ਚੌਪਈ ਔਰ ਸਵਈਯੇ ੧੦–ਸ੍ਰੀ ਮੁਖ ਨੇ ਦ੍ਰਿੜ੍ਹ ਚਿਤ ਜੁਧ ਤੇ।

ਚਾਰ ਪਦਾਰਥ ਖੰਡੇ ਦੀ ਪਾਹੁਲ ਤੇ ਦੀਏ ਸਿਖੋਂ ਕੋ। ਖੰਡ ਵਿਸ਼ਨੁ ਦਈ; ਮੈਦਾ ਮਹਾਂਦੇਵ, ਘਿਉ ਬ੍ਰਹਮਾ, ਜਲ ਵਰਣ ਨੈ। ਤ੍ਰੈ ਭਾਵ ਕਾ ਕੜਾਹ ਕੀਆ। ਤਾਂ ਮੈਂ ਮਸਾਲੇ ਸੌਂਫ ਹਨੂੰਮਾਨ ਦੀਨੀ; ਖੋਪਾ ਦੇਵੀ ਜੀ; ਚੁਰੰਜੀ, ਮੇਵਾ, ਲਾਚੀਆਂ, ਮਿਰਚ ਦੱਖਣੀ, ਗੁਰੂ ਨਾਨਕ ਜੀ ਦੀਨੀ। ਜੇ ਤੀਨ ਭਾਵ ਤੇ ਘਟ ਕਰੇ; ਤੋ ਗੁਰੂ ਜੀ ਕੋ ਨਾ ਪਹੁੰਚੇ।

ਇਸ ਵਿਧਿ ਸੋ ਸਭ ਦੇਵਤਾ ਅੰਸ ਦਈ। ਤਬ ਸ੍ਰੀ ਮੁਖ ਹੁਕਮ ਕੀਆ: "ਸਤਰੁਦਰ ਕੇ ਜਲ ਕੀ ਗਾਗਰ ਭਰ ਲਿਆਵੋ।" ਸੋ ਜਲ ਲੈ ਆਏ। ਓਸ ਸਮੈ ਦੇਵੀ ਜੂ ਕੀ ਕਰਦ ਸਾਥ ਪਾਂਚੋਂ ਸ਼ਸਤ੍ਰ ਲੋਹ ਕੀ ਗਾਗਰ ਮੈ ਪਾਏ। ਪੰਜ ਸ਼ਸਤ੍ਰ ਨਾਮ–੧ ਕਰਦ, ੨ ਚਕਰ, ੩ ਕਟਾਰ, ੪ ਤੀਰ, ੫ ਸ੍ਰੀ ਸਾਹਿਬ। ਤਬ ਸ੍ਰੀ ਸਤਿਗੁਰੂ ਜੀ ਕਰਦ ਕੋ ਹਲਵਾਯ ਅਪਨੀ ਓਰ ਜਪੁਜੀ ਆਦਿਕ ਮੰਤ੍ਰ ਪੜ੍ਹਹਿ। ਓਸ ਸਮੈ ਰਾਮ ਕੌਰ ਖਿਤਾਬ 'ਗੁਰਬਖਸ਼ ਸਿੰਘ', ਸਿਤਾਬੀ ਤਿਨੋ ਨੇ ਮਾਤਾ ਜੀ ਕੋ ਜਾਇ ਕਹਾ, ਜੋ "ਸਾਹਿਬ ਪੰਥ ਰਚਨੇ ਲਾਗੇ ਹੈਂ। ਕੇਵਲ ਜਲ ਮੈਂ ਸ਼ਸਤ੍ਰ ਫੇਰਤੇ ਹੈਂ। ਪੰਥ ਤਮੋ ਗੁਣੀ ਹੋਇਗਾ। ਹਜੂਰ ਕੋ ਕੋਈ ਕਹਿਤਾ ਨਾਹੀ। ਤੁਮ ਬੀਚ ਰਸ ਪਾਵੋ!" ਤਾਂ ਮਾਤਾ ਜੀ ਨੈ ਆਪ ਪਤਾਸੇ ਗਾਗਰ ਮੈ ਡਾਰੇ। ਤਬ ਸਾਹਬ ਪ੍ਰਸੰਨ ਭਏ। ਮਾਤਾ ਜੀ ਭਲਾ ਕੀਆ; ਰਸ ਪਾਇਆ! ਅੰਮ੍ਰਿਤ ਤਿਆਰ ਕਰਿ, ਕਰਦ ਜੁਗਤ ਪਾਂਚੇ ਸ਼ਸਤ੍ਰ ਆਪਨੇ ਮੁਖ ਮੇਂ ਨਚੋੜੇ। ਉਚਾਰਾ: "ਵਾਹਗੁਰੂ ਜੀ ਕਾ ਖਾਲਸਾ, ਵਾਹਗੁਰੂ ਜੀ ਕੀ ਫਤੇ।" ਇਸ ਭਾਂਤਿ ਕਹਿ ਕਹਿ ਨੇਤ੍ਰੋਂ ਮੇ ਡਾਰੇ। ਪੁਨਾ: ਕੇਸੋਂ ਮੇਂ ਪਾਏ। ਤਿਸ ਸਮੇਂ ਉਠ ਕਰਿ, ਸ਼ਸਤ੍ਰ ਕੋ ਗੁਰੂ ਰੂਪ ਜਾਨ ਕਰ, ਨਮਸਕਾਰ ਕੀਆ। ਆਪ ਤਖ਼ਤ ਪਰ ਬੈਠੇ।

(੭) 'ਖਾਲਸਾ-ਰਾਜ' ਦੇ ਅੰਤਲੇ ਸਮੇਂ ਵਿੱਚ ਹੀ ਮੀਰਾਂ ਕੋਟੀਏ ਸ: ਮਤਾਬ ਸਿੰਘ 'ਸ਼ਹੀਦ' ਦੇ ਪੋਤ੍ਰੇ, ਤੇ ਸ: ਸ਼ਾਮ ਸਿੰਘ ਜੱਥੇਦਾਰ 'ਮਿਸਲ ਕਰੋੜੀਆਂ' ਦੇ ਦੋਹਤ੍ਰੇ, ਸ: ਰਤਨ ਸਿੰਘ, 'ਭੰਗੂ' ਹੋਏ ਹਨ। ਜਿਨ੍ਹਾਂ ਨੇ ਸੰਮਤ ੧੮੯੮ ਬਿੱ: ਵਿੱਚ, ਪੰਥ ਦੇ ਬੜੇ ਨਵੇਂ-ਨਰੋਏ ਸਮਾਂਚਾਰ ਲਿਖਿ-ਮੁਕਾਏ ਹਨ। ਇਸ ਗ੍ਰੰਥ ਦਾ ਨਾਮ 'ਪ੍ਰਾਚੀਨ ਪੰਥ

---

ਇ: ਪ: ੧੪.

Digitized by Panjab Digital Library | www.panjabdigilib.org

ਪ੍ਰਕਾਸ਼' ਰੱਖ ਕੇ, ਪਹਿਲ ਪ੍ਰਿਥਮੇ ਸੰਨ ੧੯੧੪ ਈ: ਵਿੱਚ, 'ਵਜ਼ੀਰ ਹਿੰਦ ਪ੍ਰੈਸ-ਅੰਮ੍ਰਿਤਸਰ' ਦੇ ਪ੍ਰਬੰਧਕਾਂ ਛਾਪਿਆ ਹੈ। 'ਭੰਗੂ' ਸਾਹਿਬ ਦੇ ਬਿਆਨ ਨੂੰ ਬਿਨਾਂ ਲਾਗ-ਲਪੇਟ ਦੇ ਦਰੁਸਤ ਮੰਨਿਆ ਜਾਂਦਾ ਹੈ। ਸਰਦਾਰ ਜੀ ਨੇ 'ਪੰਥ ਦੀ ਉਤਪਤੀ ਕੀ ਸਾਖੀ' ਸੁਣਾਉਂਦਿਆਂ ਲਿਖਿਆ ਹੈ:—

ਚੌਪਈ

ਪਾਹੁਲ ਖੰਡੇ ਤਯਾਰ ਕਰਵਾਈ।
ਜਲ ਮੱਧ ਆਨ ਮਿਠਾਈ[1] ਪਾਈ।
ਤਿਹ ਮੱਧ ਰਾਖੀ ਕਰਦ ਗਡਾਇ।
ਸਤਿਗੁਰ ਰਾਖੀ ਕਰਦ ਧਾਰੇ ਦਾਇ॥ ੬

ਦੋਹਰਾ

ਸ੍ਰੀ ਸਤਿਗੁਰ ਸਤਿਨਾਮੁ ਕਹਿਓ, ਕਰਤਾ ਪੁਰਖ ਉਚਾਰ।
ਅਕਾਲ ਅਕਾਲਹ ਜਾਪ ਕਰ, "ਤੇਰੀ ਕ੍ਰਿਪਾ ਨਿਜ ਧਾਰ!!" ੭

ਚੌਪਈ

ਪ੍ਰਿਥਮ 'ਭਗੌਤੀ ਵਾਰ' ਜੁ ਪੌੜੀ।
ਪੜ੍ਹ ਪ੍ਰਿਥਮੇ ਆਪ ਸਤਿਗੁਰ ਜੋੜੀ।
"ਨੌ ਪਤਸ਼ਾਹੀਅਨ ਲਯੋ ਧਿਆਇ!
ਅਬ ਦਸਮਨ ਪਰ ਹੋਈਂ ਸਹਾਇ!!" ੮
ਬਹੁੜ ਸਵੱਯੇ ਬੱਤੀ ਉਚਾਰੇ।
ਸ੍ਰੀ ਸਤਿਗੁਰ ਸ੍ਰੀ ਮੁਖੋਂ ਸਵਾਰੇ।
ਤੇਜ ਤੇਜ ਜੋ ਚੰਡੀ ਬਾਨੀ।
ਸੋਊ ਪਾਹੁਲ ਕੇ ਮੱਧੇ ਠਾਨੀ॥ ੯

ਤ੍ਰਿਭੰਗੀ ਛੰਦ

"ਖਗ ਖੰਡ ਬਿਹੰਡੰ, ਖਲਦਲ ਖੰਡੰ, ਅਤਿ ਰਣ ਮੰਡੰ ਬਰਬੰਡੰ!
ਭੁਜ ਦੰਡ ਅਖੰਡੰ, ਤੇਜ ਪ੍ਰਚੰਡੰ, ਜੋਤਿ ਅਮੰਡੰ, ਭਾਨ-ਪ੍ਰਭੰ!
ਸੁਖ ਸੰਤਾਂ ਕਰਣੰ, ਦੁਰਮਤਿ ਦਰਣੰ, ਕਿਲਵਿਖ ਹਰਣੰ ਅਸਿ ਸਰਣੰ!
ਜੈ ਜੈ ਜਗ-ਕਾਰਣ, ਸ੍ਰਿਸਟਿ ਉਬਾਰਣ, ਮਮ ਪ੍ਰਿਤਪਾਰਣ ਜੈ ਤੇਗੰ!!"

---

੧—'ਪਤਾਸੇ' ਯਾ 'ਮਿਸਰੀ'? ਇਹ ਨਿਰਣਾ ਨਹੀਂ ਕੀਤਾ।

---

ਇ: ਪ: ੧੫.

Digitized by Panjab Digital Library | www.panjabdigilib.org

ਦੋਹਰਾ

ਪ੍ਰਿਥਮ ਅੰਚਰੀ ਭਰੀ ਸ੍ਰੀ ਸਤਿਗੁਰ ਉਨ ਲਲਕਾਰ ।
ਸਨਮੁਖ ਨੇਤ੍ਰ ਰਖਵਾਇ ਕਰ, ਦਈ ਮੱਧ ਮੋਂ ਡਾਰ ॥ ੧੦

ਚੌਪਈ

"ਅਕਾਲ ! ਅਕਾਲ !!" ਕਰ ਜਾਪ ਜਪਾਈ ।
"ਸ੍ਰੀ ਵਾਹਿਗੁਰੂ ਗੁਰ ਫਤੈ" ਬੁਲਾਈ ।
ਪੁਨ ਪੰਚ ਪੰਚ ਸੀਸ ਅੰਚਰੀ ਪਾਇ ।
ਪੰਚ ਪੰਚ ਪੰਚਨ ਦਈ ਛਕਾਇ ॥ ੧੧
ਇਕੈ ਸੁਨਹਿਰੈ ਸਭੀ ਰਲਾਏ ।
ਭਿੰਨ ਭੇਤ ਕਛੁ ਰਖਨ ਨ ਪਾਏ ।
ਚਾਰ ਬਰਨ ਔ ਆਸ਼੍ਰਮ ਚਾਰ ।
ਜਨੇਊ ਟਿਕੋ ਦਿਯੋ ਉਤਾਰ ॥ ੧੨

ਅਰਥਾਤ ਸਤਿਗੁਰਾਂ ਪਹਿਲੋਂ—

੧—"੧ ਓ ਸਤਿਨਾਮ—ਗੁਰ ਪ੍ਰਸਾਦਿ ।" ਮੂਲ ਮੰਤ੍ਰ ਪੜ੍ਹਿਆ ਤੇ "ਅਕਾਲ ! ਅਕਾਲ !!" ਦਾ ਜਾਪੁ ਕੀਤਾ । ਫਿਰ
੨—'ਵਾਰ ਸ੍ਰੀ ਭਗੌਤੀ ਜੀ ਕੀ' ਵਿੱਚੋਂ ਪਹਿਲੀ ਪਉੜੀ—"ਪ੍ਰਥਮ ਭਗਉਤੀ ਸਿਮਰਕੈ"...ਪੜ੍ਹਕੇ ਅਪਣੇ ਵਾਸਤੇ ਸਹਾਈ ਹੋਣ ਲਈ 'ਅਰਦਾਸ' ਕੀਤੀ । ਬੱਾਦਾਂ
੩—'ਸੱਤ ਸਦੈਵ ਸਰੂਪ ਸੱਤਬ੍ਰਤ—' ਵਾਲੇ ਬੱਤੀਹ ਸ੍ਵੈਯੇ ਪੜ੍ਹੇ । ਉਪ੍ਰੰਤ
੪—ਚੰਡੀ ਦੀ 'ਤੇਜ ਤੇਜ' ਬਾਣੀ (ਚੰਡੀ ਦੀ 'ਵਾਰ' ਯਾ 'ਚਰਿਤ੍ਰ' ? ਤੇ
੫—'ਵਿਚਿੱਤ੍ਰ ਨਾਟਕ ਗ੍ਰੰਥ' ਦਾ ਆਰੰਭਕ ਮੰਗਲ ਵਾਲਾ) 'ਤ੍ਰਿਭੰਗੀ ਛੰਦ' ਉਚਾਰਣ ਕਰਕੇ, 'ਖੰਡੇ ਦੀ ਪਾਹੁਲ' ਤਿਆਰ ਕੀਤੀ ।

'ਸ੍ਵੈਯਾਂ' ਤੋਂ ਛੁੱਟ ਬਾਕੀ ਸਾਰੀਆਂ ਬਾਣੀਆਂ ਸੰਮਤ ਸਤਾਰਾਂ ਸੇ ਚਉਰੰਜਾਹ ਤੱਕ ਰਚੀਆਂ ਜਾ ਚੁੱਕੀਆਂ ਸਨ; ਇਸ ਵਾਸਤੇ ਇਨ੍ਹਾਂ ਦਾ ਪੜ੍ਹੇ ਜਾਣਾ ਸੰਭਵ (ਕਰੀਨਿ ਕ੍ਰਿਆਸ) ਭੀ ਹੈ । ਲੇਕਿਨ ਪੂਰਾ 'ਜਪੁ', 'ਅਨੰਦ' ਤੇ 'ਚੌਪਈ' ਦਾ ਸਰਦਾਰ ਸਾਹਿਬ ਨੇ ਕੋਈ ਜ਼ਿਕਰ ਨਹੀਂ ਕੀਤਾ । ਹਾਲਾਂਕਿ ਨੇੜੇ ਦੇ ਲਿਖਾਰੀ—ਭਾਈ ਕੇਸਰ ਸਿੰਘ 'ਛਿੱਬਰ' ਨੇ ਪਹਿਲੀਆਂ ਦੋਵੇਂ ਬਾਣੀਆਂ ਪੜ੍ਹੀਆਂ ਦੱਸੀਆਂ ਹਨ । 'ਚੌਪਈ' 'ਭੰਗੂ'

ਇ: ਪ: ੧੬.

Digitized by Panjab Digital Library | www.panjabdigilib.org

ਜੀ ਤੋਂ ਪਹਿਲੇ ਕਈ ਲਿਖਾਰੀਆਂ ਪੰਜਵੀਂ ਬਾਣੀ ਗਿਣੀ ਹੈ। ਇਹ 'ਚੌਪਈ' ਰਚਨਾਂ ਭੀ ਸੰਮਤ ੧੭੫੩ ਬਿੱ: ਦੀ ਹੈ।

(੮) ਖਾਲਸਾ-ਰਾਜ ਸਮੇਂ ਦੇ ਲਿਖਾਰੀਆਂ ਵਿੱਚੋਂ ਭਾਈ ਸੰਤੋਖ ਸਿੰਘ ਜੀ ਸ਼੍ਰੋਮਣੀ ਕਵੀ ਤੇ ਲਿਖਾਰੀ ਮੰਨੇ ਗਏ ਹਨ। ਆਪ ਨੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸੰਮਤ ੧੯੦੦ ਬਿੱ: ਵਿਚ ਸੰਪੂਰਣ ਕੀਤਾ ਹੈ। ਜਿਸ ਦੀ ਰੁੱਤਿ ਤੀਜੀ ਦੇ ਉਨੀਹਵੇਂ ਅੰਸ਼ੂ ਵਿੱਚ ਆਪ ਜੀ ਅੰਮ੍ਰਿਤ ਤਿਆਰ ਕਰਨ ਬਾਰੇ ਐਉਂ ਲਿਖਦੇ ਹਨ:-

ਚੌਪਈ

ਤਿਹ ਛਿਨ ਇਕ ਬਾਸਨ ਮੰਗਵਾਵਾ।
ਸਤੁਦ੍ਰਵ[1] ਕੋ ਜਲ ਸੁਚਿ ਅਨੁਵਾਵਾ।
ਨਿਜ ਆਗੇ ਰਖਵਾਵਨਿ ਕੀਯੋ।
ਜੋ ਕ੍ਰਿਪਾਨ* ਸ੍ਰੀ ਦੇਵੀ ਦੀਯੋ।੧੨
ਤਾ ਮਹਿ ਲਗੇ ਫੇਰਨੇ ਸ੍ਵਾਮੀ।
ਬਦਨ ਬਦਤ ਬਾਨੀ ਅਭਿਰਾਮੀ[2]।...੧੩
'ਜਪੁਜੀ' ਪਾਠ ਪ੍ਰਥਮ ਕਰ ਲੀਨਾ।
ਬਹੁਰ 'ਸ੍ਵੈਯੇ' ਪਢਿਬੋ ਕੀਨਾ।
ਪੌੜੀ ਪੰਚ 'ਅਨੰਦ' ਪਢਜੋ ਹੈ।
'ਅੰਮ੍ਰਿਤ' ਮਹਿ ਬਹੁ ਤੇਜ ਬਢਜੋ ਹੈ॥ ੧੬

(ਜਿਸ ਵਿਚੋਂ ਦੋ ਚਿੜੇ ਚੁੰਜਾਂ ਭਰਿ ੨ ਪੀ ਗਏ; ਤੇ ਲੜਿ ਮੋਏ)

ਬਹੁਰ ਪਢਤ ਫੇਰਤ ਸੁ ਕ੍ਰਿਪਾਨਾ।
ਭਾ 'ਅੰਮ੍ਰਤ' ਸੋ ਤੇਜ-ਨਿਧਾਨਾ।...॥ ੨੦

---

੧-ਸਤਲੁਜ ਦਰੀਯਾ।

੨-ਮੁਖਾਰਬਿੰਦ ਤੋਂ ਪਿਆਰੀ ਬਾਣੀ ਉਚਾਰਦੇ ਹਨ।

*ਭਾਈ ਸਾਹਿਬ 'ਕ੍ਰਿਪਾਨ' ਅਰੁ 'ਖੰਡੇ' ਵਿਚ ਕੋਈ ਫਰਕ ਨਹੀਂ ਮੰਨਦੇ। ਜਿਹਾ ਕਿ ਇਸੇ ਅੰਸ਼ੂ ਦੇ ੨੨ਵੇਂ ਛੰਦ ਵਿਚ ਲਿਖਦੇ ਹਨ:-

"ਜਲ ਮਹਿ ਪਢਤਿ 'ਕ੍ਰਿਪਾਨ' ਫਿਰੈ ਹੈਂ।
ਪਾਹੁਲ 'ਖੰਡੇ' ਕੀ ਅਬ ਦੈ ਹੈਂ॥੨੨॥

ਉੱਞ 'ਖੰਡਾ' ਨਾਮ ਦੋ ਧਾਰੀ ਕ੍ਰਿਪਾਨ (ਤਲਵਾਰ) ਦਾ ਹੀ ਹੈ। ਨਾਮ-ਭੇਦ ਵਿਚ ਪੈਣ ਦੀ ਲੋੜ ਬੀ ਨਹੀਂ।

---



Digitized by Panjab Digital Library | www.panjabdigilib.org

{ ਚਿੜਿਆਂ ਵਾਲੀ ਘਟਨਾ ਭਾਈ ਰਾਮ ਕੌਰ ਨੇ ਗੁਰ-ਮਹਲਾਂ ਵਿੱਚ ਜਾਕੇ, ਮਾਤਾ ਜੀਤੋ ਜੀ ਨੂੰ ਸੁਣਾਈ । ਤਾਂ ਉਹ ਬਹੁਤ ਸਾਰੇ ਪਤਾਸੇ ਲੈ ਕੇ ਦਰਬਾਰਿ ਆਈ । ਅਤੇ– }

ਪਤਿ ਕੋ ਰੁਖ਼ ਲਖਿ[1] ਜਲ ਮਹਿਂ ਪਾਇ ।
ਸ੍ਰੀ ਸਤਿਗੁਰ ਅਵਿਲੋਕ[1] ਅਲਾਏ[2] । ੨੪:–
"ਭਲੋ ਭਯੋ ਤੂੰ ਚਲਿ ਕਰਿ ਆਈ !
ਨੀਰ ਖਿਖੈ ਪਾਈ ਮਧੁਰਾਈ* !
ਨਾਤੁਰ ਪੰਥ ਹੋਤ ਬਡ ਕ੍ਰੂਰਾ !
ਤੇਜ ਕ੍ਰੋਧ ਕਲਹਾ ਕਰਿ ਪੂਰਾ ! ੨੫
ਅਪਨਿ ਬਿਗਾਨਾ ਸਮਝਤਿ ਨਾਹੀ !
ਕਰਤਿ ਜੰਗ ਦਿਨ ਰੈਨ ਬਿਤਾਹੀ !
ਮਿਲਿ ਆਪਸ ਮਹਿਂ ਮੋਹ ਨ ਕਰਿਹੀਂ !
ਰਿਸ ਮੋਂ ਭਰੇ ਸ਼ਸਤ੍ਰ ਪਰਹਰਿ ਹੀਂ ! ੨੬
ਅਬਿ ਮਿਸਟਾਨ* ਜੁ ਪਾਯਹੁ ਤੋਹੀ !
ਯਾ ਤੇ ਪਯਾਰ ਪਰਸਪਰ ਹੋਹੀ !
ਨਰ ਨਾਰੀ ਦ੍ਵੈ ਤੇ ਸੰਤਾਨਾ,
ਪ੍ਰਗਟਤਿ ਹੈ ਸਭਿ ਹੂੰ ਜਗ ਜਾਨਾ ! ੨੭
[3]ਹੋਨਿ 'ਖਾਲਸਾ' ਸੰਤਤ ਕਾਲਾ ।
ਚਲਿ ਆਈ ਭਾ[4] ਭਲੋ ਬਿਸਾਲਾ !!"...੨੮

(੯) ਭਾਈ ਸੰਤੋਖ ਸਿੰਘ ਤੋਂ ਅੱਧੀਕੁ ਸਦੀ ਬੱਦ–ਸੰਮਤ ੧੯੪੯ ਬਿ: (ਸਨ ੧੮੯੨ ਈ:)† ਵਿੱਚ–ਗਿਆਨੀ ਗਿਆਨ ਸਿੰਘ ਨੇ 'ਤ੍ਵਾਰੀਖ ਗੁਰੂ ਖਾਲਸਾ' (ਦਸਾਂ ਸਤਿਗੁਰਾਂ ਦੇ ਜੀਵਨ ਚਰਿਤ੍ਰ) ਲਿਖਿ-ਸੰਪੂਰਨ ਕੀਤੀ ਹੈ । ਜਿਸ ਵਿੱਚ 'ਅੰਮ੍ਰਿਤ ਸੰਸਕਾਰ' ਬਾਰੇ ਐਉਂ ਲਿਖਿਆ ਹੈ:–

...(ਤੰਬੂ ਦੇ) ਅੰਦਰ ਹੀ ਝੱਟਪੱਟ ਓਨ੍ਹਾਂ ਨੂੰ ਬਸਤ੍ਰ, ਸ਼ਸਤ੍ਰ

---

੧–ਵੇਖਕੇ । ੨–ਬੋਲੇ । *ਮਿਠਾਸ ।
੩'ਖਾਲਸਾ' ਰੂਪ ਸੰਤਾਨ (ਔਲਾਦ) ਹੋਣ ਸਮੇਂ । ੪ਭਇਆ, ਹੋਇਆ ।

੯ ੪ ੯ ੧
†"ਦੋਹਰਾ । ਨਾਥ ਬੇਦ ਗ੍ਰਹ ਸਸਿ ਪੁਨਜੋ; ਚੇਤ ਸੁ ਮੰਗਲਵਾਰ ।
ਗਯਾਨ ਸਿੰਘ ਪੂਰਨ ਕੀਓ, ਪ੍ਰਥਮ ਭਾਗ ਸੁਖਕਾਰ ।।"

---

ਇ: ਪ: ੧੮.

Digitized by Panjab Digital Library | www.panjabdigilib.org

ਪਹਿਨਾ; ਆਪ ਪਹਿਨ; ਜਿਗਾ, ਕਲਗੀ ਸਜਾ; ਓਨ੍ਹਾਂ ਨੂੰ ਨਾਲ ਲੈ ਕੇ; ਬਾਹਰ ਆ ਗਏ । ਤੇ ਓਨ੍ਹਾਂ ਨੂੰ ਚੌਂਕੀਆਂ ਪਰ ਬੈਠਾਯਾ; ਅਤੇ ਆਪ ਸਿੰਘਾਸਨ ਪਰ ਬਿਰਾਜੇ।........ਸੰਗਤਾਂ ਨੂੰ ਭਰੋਸਾ ਤੇ ਖ਼ੁਸ਼ੀ ਬਖ਼ਸ਼ ਕੇ ਦੀਵਾਨ ਬਰਖਾਸਤ ਕੀਤਾ ॥

ਫੇਰ ਵੈਸਾਖੀ ਦੇ ਦਿਨ ੧੭੫੬ ਬਿ: ਨੂੰ, ਕੇਸਗੜ੍ਹ ਸਭਾ ਲਾਕੇ, ਓਨ੍ਹਾਂ ਪੰਜਾਂ ਸਿੱਖਾਂ ਨੂੰ ਕੱਢ, ਕ੍ਰਿਪਾਨ ਆਦਿਕ (ਤੇ) ਸੁਫੈਦ ਬਸਤ੍ਰ ਪਹਿਨਾ; ਸਭਾ ਦੇ ਅੱਗੇ ਖੜੇ ਕਰਿ; "ਵਾਹਿਗੁਰੂ ੨" ਜਪਣ ਦਾ ਹੁਕਮ ਦਿੱਤਾ। ਤੇ ਆਪ ਇਕ ਬਰਤਨ ਵਿਚ, ਦਰਿਆ ਦਾ ਜਲ ਤੇ ਪਤਾਸੇ ਪਾਕੇ; ਵਿਚਕਾਰ ਖੰਡਾ ਫੇਰਦੇ ਹੋਏ; ਜਪੁ, ਜਾਪ ਜੀ, ਸ੍ਵੈਯੇ ੧੦, ਚੌਪਈ, ਆਨੰਦ ਪੜ੍ਹਕੇ; ਅੰਮ੍ਰਿਤ ਤੈਯਾਰ ਕੀਤਾ ॥

(੧੦) ਪੁਰਾਣੀਆਂ ਪੁਸਤਕਾਂ 'ਚੋਂ ਸਭ ਤੋਂ ਆਖ਼ਰੀ ਹੈ, 'ਜੀਵਨ ਬਾਬਾ ਬੁੱਢਾ ਜੀ ।' ਜੋ ਕਿਸੇ ਮੰਗਲ ਸਿੰਘ ਨਾਮੇ ਵਿਦਵਾਨ ਨੇ ਸੰਮਤ ੧੯੭੨-੩ ਵਿੱਚ ਲਿਖੀ ਹੈ। ਲਿਖਾਰੀ ਨੇ ਭਾਈ ਰਾਮ ਕੌਰ (ਗੁਰਬਖ਼ਸ਼ ਸਿੰਘ) ਦੇ ਜੀਵਨ ਚਰਿਤ੍ਰ ਦਸਦਿਆਂ ਲਿਖਿਆ ਹੈ।

**ਚੌਪਈ**

ਫਿਰ ਸਤਿਗੁਰ ਇਕ ਚੋਜ ਵਿਖਾਵੈਂ।
ਪੰਜੇ ਸਿੱਖ ਲੈ ਬਾਹਰ ਆਵੈਂ।
ਪਿਖ ਕਰਿ ਸੰਗਤਿ ਅਚਰਜ ਹੋਈ।
ਹੱਦ ਹੈਰਾਨੀ ਰਹੀ ਨ ਕੋਈ॥੩੭
ਅਤਿ ਸੁੰਦਰ ਤਿਨ ਰੂਪ ਸੁਹਾਏ।
ਅਚਰਜ ਕਪੜੇ ਗੁਰਾਂ ਪਹਿਰਾਏ।
ਪੰਜ ਕਕਾਰ ਸੀਗ ਪਹਿਰਾਏ:–
ਲੱਕ ਨਾਲ ਕ੍ਰਿਪਾਨ ਸੁਹਾਏ ।੩੮
ਤੇੜ ਕਛਹਰਾ, ਹੱਥੀਂ ਕੜਾ।
ਕੰਘਾ ਕੇਸਾਂ ਦੇ ਵਿਚ ਧਰਾ।
ਮੁਖ ਪਰ ਅਚਰਜ ਨੂਰ ਸੁਹਾਵੇ।
ਮੇਹਰ ਗੁਰਾਂ ਦੀ ਅਤਿ ਛਬਿ ਪਾਵੇ॥੩੯

...... ...... ......

ਗੁਰ ਆ ਗੱਦੀ ਪਰ ਬਹਿ ਜਾਵੈ॥੪੧

---

ਇ: ਪ: ੧੯.

Digitized by Panjab Digital Library | www.panjabdigilib.org

ਫੇਰ ਸਤਿਗੁਰਾਂ ਵਾਕ ਉਚਾਰਿ।
'ਰਾਮ ਕੌਰ' ਨੂੰ ਲਿਆ ਹਕਾਰ।
ਬੋਲੇ ਸਤਿਗੁਰ:-"ਹੇ ਸਿਖ ਪਜਾਰੇ।
ਬਾਟਾ ਜਲ ਭਰਿ ਕਰੋ ਤਿਆਰੇ !੪੨
ਰੀਤਿ ਪੁਰਾਨੀ ਕਰਦੇ ਆਏ!
ਇਸ ਕਰਕੇ ਹੋ ਪਾਸ ਬੁਲਾਏ!"
ਹੁਕਮ ਮੰਨਿ ਉਸਿ ਕਾਰ ਕਮਾਈ।
ਜਿਵ ਜਿਵ ਸਤਿਗੁਰ ਜੀ ਫੁਰਮਾਈ।੪੩
ਜਲ ਦਾ ਬਾਟਾ ਭਰ ਕੇ ਆਂਦਾ।
ਸਤਿਗੁਰ ਦੇ ਆ ਪਾਸ ਟਿਕਾਂਦਾ।
ਫਿਰ ਸਤਿਗੁਰ ਜੀ ਕਿਹਾ ਅਲਾਈ:-
"ਰਾਮ ਕੌਰ ! ਤੂੰ ਛੇਤੀ ਜਾਈ।੪੪
ਜੀਤੋ ਜੀ ਨੂੰ ਸਦਿ ਲਿਆਉ।
ਪਤਾਸੇ ਇਸ ਵਿੱਚ ਪਵਾਉ।

...... ...... ......

ਮਾਤ ਪਤਾਸੇ ਲੇ ਤਤਕਾਲੇ।
ਆ ਕਰਿ ਬਾਟੇ ਦੇ ਵਿਚ ਡਾਲੇ ॥੪੯
ਬਾਨੀ ਪੜ੍ਹੀ ਗੁਰਾਂ ਫਿਰ ਜਾਨੋ।
ਜਪੁਜੀ ਜਾਪੁ ਚੌਪਈ ਪਛਾਨੋ।
ਪੜ੍ਹੇ ਸਵਈਏ ਆਨੰਦ ਜਾਨੋ।
ਕੀਤਾ ਅੰਮ੍ਰਿਤ ਤਿਯਾਰ ਮਹਾਨੋ ॥੫੦
ਆਤਮ ਸ਼ਕਤੀ ਜਿਸ ਵਿਚ ਭਰੀ।
ਸੂਰਬੀਰਤਾ ਅਰੁ ਸੰਗ ਕਰੀ।
ਇਹ ਅੰਮ੍ਰਿਤ ਮੁਰਦੇ ਜੀਵਾਵੇ।
ਤੱਤ ਦ੍ਰਿਸਟਿ ਤੇ ਜਾਇ ਪੁਚਾਵੇ ॥੫੧

ਇਹ ਹਨ, 'ਅੰਮ੍ਰਿਤ-ਸਾਜਨਾ' ਸੰਬੰਧੀ ਪੁਰਾਤਨ ਲਿਖਾਰੀਆਂ ਦੇ ਬਿਆਨ; ਜਿਨ੍ਹਾਂ ਵਿਚੋਂ 'ਅੰਮ੍ਰਿਤ' ਉਤੇ ਪੜ੍ਹੀਆਂ ਗਈਆਂ ਬਾਣੀਆਂ ਦਾ ਜ਼ਿਕਰ 'ਛਿੱਬਰ' ਸਾਹਿਬ ਨੇ ਸ਼ੁਰੂ ਕੀਤਾ ਹੈ; ਪਰ ਸਿਰਫ ਦੋ ਬਾਣੀਆਂ 'ਜਪੁ' ਤੇ 'ਅਨੰਦ'-ਪੜ੍ਹੀਆਂ, ਦੱਸਿਆ ਹੈ; ਅਰੁ ਖੁਸ਼ਵਕਤ ਰਾਇ ਨੇ ਕੇਵਲ 'ਪੰਜ ਸਵੱਯੇ' ਹੀ। ਭਾਈ ਸੰਤੋਖ ਸਿੰਘ ਨੇ ਪਹਿਲੇ ਦੋਹਾਂ

---

ਇ: ਪ: ੨੦.

Digitized by Panjab Digital Library | www.panjabdigilib.org

ਲਿਖਾਰੀਆਂ ਦੀਆਂ ਦੱਸੀਆਂ ਤਿੰਨੇ ਬਾਣੀਆਂ ਮਿਲਾਕੇ ਮੰਨ ਲਈਆਂ ਹਨ। ਐਪਰ 'ਸੁਧਰਮ ਮਾਰਗ ਗ੍ਰੰਥ' ਦੇ ਲੇਖਕ ਨੇ 'ਜਾਪੁ ਦਾ ਛੰਦ' 'ਸ੍ਵੈਯੇ ੧੦' ਤੇ 'ਚੌਪਈ' ਹੋਰ ਮਿਲਾ ਕੇ ਪੰਜ ਨਗ ਪੂਰੇ ਕਰ ਦਿਤੇ ਹਨ। ਸ: ਰਤਨ ਸਿੰਘ 'ਭੰਗੂ' ਦਾ ਬਿਆਨ ਇਨ੍ਹਾਂ ਸਾਰਿਆਂ ਨਾਲੋਂ ਵਿਲੱਖਣ ਹੈ। ਇਨ੍ਹਾਂ ਤੋਂ ਮਗਰਲੇ ਲਿਖਾਰੀਆਂ ਨਿੱਤਨੇਮ ਵਾਲੀਆਂ ਪੰਜਾਂ ਬਾਣੀਆਂ ਦਾ ਪਾਠ ਹੀ ਪਕਾ ਲਿਆ ਹੈ। ਲੇਕਿਨ 'ਸ੍ਵੈਯਾਂ' ਤੇ 'ਚੌਪਈ' ਬਾਰੇ–ਸਿਵਾਇ ਭੰਗੂ ਸਾਹਿਬ ਦੇ-ਸਪਸ਼ਟ ਨਿਰਣਾ ਕਿਨੇ ਬੀ ਨਹੀਂ ਕੀਤਾ; ਬਈ ਕਿਸ ਪੋਥੀ ਯਾ ਗ੍ਰੰਥ ਵਿਚੋਂ ਕੇਹੜੇ ੨ ਪੜ੍ਹੇ ਗਏ ? 'ਅਕਾਲ ਉਸਤਤਿ' ਵਿੱਚ ਦਰਜ ਸਾਰੇ ਸ੍ਵੈਯੇ, ਅੰਮ੍ਰਿਤ ਸਾਜਨਾਂ (ਵੈਸਾਖੀ ਸੰਮਤ ੧੭੫੫) ਤੋਂ ਬੱਾਦ ਹੀ ਵਜੂਦ ਵਿਚ ਆਏ ਸਹੀ ਹੁੰਦੇ ਨਿ। 'ਬਿਚਿੱਤ੍ਰ ਨਾਟਕ ਗ੍ਰੰਥ' ਦੀ 'ਅੰਤਿਕਾ' ਵਾਲੇ 'ਬੱਤੀਹ ਸ੍ਵੈਯੇ' ਭੀ ਇਸ ਗ੍ਰੰਥ ਦੇ ਅੰਤ ਪੁਰ ਹੀ ਰਚੇ ਜਾਣੇ ਸੰਭਵ ਹਨ। ਇਸ ਵਕਤ ਜੋ '੧੦ ਸ੍ਵੈਯੇ' (ਸਰਾਵਗ ਸੁੱਧ ਸਮੂਹ ਸਿਧਾਨ ਕੇ...'ਪਾਠ ਤੋਂ ਅਰੰਭ ਹੋਣ ਵਾਲੇ) ਪੜ੍ਹੇ ਜਾਂਦੇ ਹਨ; ਇਹ ਤਾਂ ਠੀਕ ਓਦੋਂ ਹੀ ਲਿਖੇ ਗਏ, ਜਦੋਂ ਪਰਬਤੀ ਰਾਜਿਆਂ ਨੂੰ ਸਤਗੁਰਾਂ ਹਜ਼ੂਰਿ ਸੱਦ ਕੇ 'ਖਾਲਸਾ' ਬਣਨ ਵਾਸਤੇ ਪ੍ਰੇਰਨਾ ਕੀਤੀ; ਅਰੁ ਉਨ੍ਹਾਂ ਅਗੋਂ ਕਈ ਪ੍ਰਕਾਰ ਦੀਆਂ ਹੁੱਜਤਾਂ ਕੀਤੀਆਂ ਤੇ ਢੁੱਚਰਾਂ ਪੜ੍ਹੀਆਂ। ਸਾਹਿਬਾਂ ਨੇ ਉਨ੍ਹਾਂ ਦੇ ਜੋ ਬਾ-ਦਲੀਲ ਤੇ ਬਿੱ-ਤਮਸੀਲ ਉੱਤਰ ਦਿਤੇ; ਉਨ੍ਹਾਂ ਨੇ ਹੀ ਇਨ੍ਹਾਂ ਸ੍ਵੈਯਾਂ ਦਾ ਰੂਪ ਧਾਰਿਆ। ਇਸ ਗੱਲ ਦੀ ਸ਼ਾਹਦੀ ਉਂਵ ਤਾਂ ਇਹਨਾਂ ਦੇ ਅੰਦਰੋਂ ਹੀ ਰਾਜਿਆਂ ਨੂੰ ਸੰਬੋਧਨ ਕੀਤੇ ਵਾਕ–

"ਏਤੇ ਭਏ ਤੋ ਕਹਾ ਭਏ ਭੂਪਤਿ[1] !
ਅੰਤ ਕੋ ਨਾਂਗੇ ਹੀ ਪਾਇੰ ਪਧਾਰੇ।"
"ਸ੍ਰੀ ਭਗਵਾਨ ਭਜੇ ਬਿਨੁ ਭੂਪਤਿ[1] !
ਏਕ ਰਤੀ ਬਿਨੁ ਏਕ ਨ ਲੇਖੈ!"

ਆਦਿ ਹੀ ਭਰਦੇ ਹਨ; ਪਰ ਜੇ ਇਤਹਾਸਿਕ ਉਗਾਹੀ ਬੀ ਦਰਕਾਰ ਹੋਵੇ, ਤਾਂ ਭਾਈ ਸੁਖਾ ਸਿੰਘ 'ਗ੍ਰੰਥੀ' ਦਾ, 'ਗੁਰ ਬਿਲਾਸ' ਵਿਚ ਦਿਤਾ ਇਹ ਬਿਆਨ, ਪੇਸ਼ ਕੀਤਾ ਜਾ ਸਕਦਾ ਇ:–

---

੧–ਹੇ ਰਾਜਨ !

---

ਇ: ਪ: ੨੧.

Digitized by Panjab Digital Library | www.panjabdigilib.org

ਦੋਹਰਾ

ਅਚੁੱਤ ਨਾਥ ਅਨੰਤ ਗੁਰ, ਦਯਾ-ਸਿੰਧੁ ਹਰਿ ਰਾਇ।
ਪੁਨਿ ਰਾਜੇ ਸਭ ਗਿਰਨ ਕੇ[1], ਲੀਨੇ ਨਿਕਟਿ ਬੁਲਾਇ ॥ ੧੪੩

ਚੌਪਈ

ਮੇਲਾ ਨਿਰਖ ਅਧਿਕ ਬਰ ਭਾਰੀ।
ਆਏ ਥੇ ਸਭ ਪੁਰੀ[2] ਮਝਾਰੀ।
ਗਿਰਦੇ ਸ਼ਹਰ ਚਤੁਰ ਬਰ ਫੇਰਾ;
ਪਰੇ ਹੁਤੇ ਤਿਨ ਕੇ ਅਤਿ ਡੇਰਾ ॥ ੧੪੪
ਤਿਨ ਪ੍ਰਤਿ ਸਤਿਗੁਰ ਬਚਨ ਉਚਾਰੇ:—
ਸੁਨੋ ਗਿਰਪਤੋ[3] ! ਬਚਨ ਹਮਾਰੇ !
ਤੁਮ ਸਰਣੀ 'ਖਾਲਸ' ਕੀ ਆਵੋ !
ਸਗਲ ਧਰਨਿ ਇਹ ਰਾਜ ਕਮਾਵੋ !! ੧੪੫

ਉਨ੍ਹਾਂ ਦੇ ਉਜ਼ਰ-ਇਨਕਾਰਾਂ ਨੂੰ ਮੁੱਢਲੇ ਸੱਤਾਂ ਸ੍ਰੈਯਾਂ ਵਿੱਚ ਦਿੱਤੀਆਂ ਅਕੱਟ ਦਲੀਲਾਂ ਤੇ ਪ੍ਰਤੱਖ ਤਮਸੀਲਾਂ ਦੁਆਰਾ ਰੱਦ ਕਰ ਦਿੱਤਾ; ਅਰੁ ਫਿਰ ਭੀ ਉਨ੍ਹਾਂ ਦੇ ਮੱਥੇ ਭਾਗ ਨਾਂ ਲੱਗੇ; ਤਾਂ ਸਤਿਗੁਰਾਂ ਨੇ, 'ਖਾਲਸੇ' ਦੇ ਰੌਸ਼ਨ ਭਵਿੱਖਤ ਉਤੇ ਨਜ਼ਰ ਮਾਰਦਿਆਂ, ਘਨ ਜਿਉਂ ਗਰਜ ਕੇ ਫੁਰਮਾਇਆ:—

ਦਾਨਵ, ਦੇਵ, ਫਨਿੰਦ, ਨਿਸਾਚਰ;
ਭੂਤ ਭਵਿਖ ਭਵਾਨ ਜਪੈਂਗੇ !
ਜੀਵ ਜਿਤੇ ਜਲ ਮੈ ਥਲ ਮੈ,
ਪਲ ਹੀ ਪਲ ਮੈ ਸਭ ਥਾਪ ਥਪੈਂਗੇ !
ਪੁੰਨ ਪ੍ਰਤਾਪਨ ਬਾਢਿ ਜੈਤਧੁਨਿ,
ਪਾਪਨ ਕੇ ਬਹੁ ਪੁੰਜ ਖਪੈਂਗੇ !
ਸਾਧੁ ਸਮੂਹ ਪ੍ਰਸੰਨ ਫਿਰੈਂ ਜਗਿ,
ਸਤ੍ਰੁ ਸਭੈ ਅਵਿਲੋਕ ਚਪੈਂਗੇ !! ੮ । ੨੮

ਬੱਸ, ਇਨ੍ਹਾਂ ਦਸਾਂ ਸ੍ਵੈਯਾਂ ਦਾ ਇਹੋ ਵਿਸ਼ਾ ਹੈ ਤੇ ਇਹੋ ਰਚਨ-ਕਾਲ।

---

੧—ਪਹਾੜਾਂ ਦੇ। ੨-ਅਨੰਦ ਪੁਰੀ ਵਿਚ। ੩—ਹੇ ਰਾਜਿਓ !

---



Digitized by Panjab Digital Library | www.panjabdigilib.org

ਅਰੁ "ਦੀਨਨ ਕੀ ਪ੍ਰਤਿਪਾਲ ਕਰੈ..." ਵਾਲੇ ਦਸੇ ਸ੍ਵੈਯੇ, 'ਵਿਚਿੱਤ੍ਰ ਨਾਟਕ ਗ੍ਰੰਥ' ਦੀ ਉਥਾਨਕਾ ਦਾ ਅੰਸ ਹਨ; ਤੇ 'ਅਕਾਲ ਉਸਤਤਿ' ਸੰਗ੍ਰਹ ਦੇ ੨੪੩ ਤੋਂ ੨੫੪ ਵੇਂ ਅੰਕ ਤੱਕ ਆਪਣੇ ਠੀਕ ਟਿਕਾਣੇ ਪਏ ਹੋਏ ਹਨ । ਅਰੁ, 'ਉਥਾਨਕਾ, 'ਗ੍ਰੰਥ' ਦੀ ਸਮਾਪਤੀ—ਹਾੜ ਸੰਮਤ ੧੭੫੫ ਬਿੱ:—ਤੋਂ ਬੱਾਦ ਹੀ ਲਿਖੀ ਗਈ ਸੀ; ਇਸ ਲਈ ਇਹ ਭੀ ਉਸ ਮੌਕੇ ਮੌਜੂਦ ਨਹੀਂ ਸਨ ।

'ਸੱਤਿ ਸਦੈਵ........" ਤੋਂ ਅਰੰਭ ਹੁੰਦੇ ਸ੍ਵੈਯੇ 'ਬਿਚਿੱਤ੍ਰ ਨਾਟਕ ਗ੍ਰੰਥ' ਦੀ 'ਅੰਤਿਕਾ' ਦਾ ਭਾਗ ਹਨ; ਤੇ "ਪਾਪ ਸੰਬ੍ਰੂਹ ਬਿਨਾਸਨ ਕੋ ....." ਪਾਠ ਵਾਲੇ 'ਕਲਕੀ ਅਵਤਾਰ ਕਥਾ' ਦਾ । ਇਨ੍ਹਾਂ ਦਾ ਸੰਬੰਧ 'ਅੰਮ੍ਰਿਤ ਦੀ ਤਿਆਰੀ' ਨਾਲ ਵਧੇਰੇ ਨਹੀਂ ਜਾਪਦਾ ।

'ਚੌਪਈ' ਕੇਹੜੀ ਪੜ੍ਹੀ ਗਈ ? ਇਸ ਗੱਲ ਦਾ ਨਿਰਣਾ ਖੀ ਕਿਸੇ ਗ੍ਰੰਥਕਾਰ ਨੇ ਨਹੀਂ ਕੀਤਾ । 'ਅਕਾਲ ਉਸਤਤਿ' ਦੇ ਆਦਿ ਲਿਖੀ 'ਚੌਪਈ' ਤਾਂ ਯਕੀਨਨ 'ਅੰਮ੍ਰਿਤ ਸਾਜਨਾਂ' ਤੋਂ ਬੱਾਦ ਹੀ ਵਜੂਦ ਵਿੱਚ ਆਈ ਹੈ; ਦੂਜੀ (ਹਮਰੀ ਕਰੋ ਹਾਥ ਦੈ ਰੱਛਾ !) ਸੰਮਤ ੧੭੫੩ ਦੇ ਭਾਦ੍ਰੋਂ ਮਹੀਨੇ । ਸੋ, ਇਹੋ ਇਸ ਵਕਤ ਪੜ੍ਹਨ ਦਾ ਰਿਵਾਜ ਹੈ ॥

ਪੰਜਵੀਂ ਬਾਣੀ ਇਸ ਵੇਲੇ 'ਜਾਪੁ' ਪੜ੍ਹੀ ਜਾਂਦੀ ਹੈ । ਇਸ ਦਾ ਜ਼ਿਕਰ, ਸੰਮਤ ੧੮੭੦ ਬਿ: ਤੱਕ ਜਨਮੇ ਇਤਿਹਾਸਕ ਗ੍ਰੰਥਾਂ ਵਿਚ ਨਹੀਂ ਆਇਆ । ਹਾਂ, 'ਸੁਧਰਮ ਮਾਰਗ ਗ੍ਰੰਥ' ਵਿੱਚ, ਪੰਜਾਂ ਪਿਆਰਿਆਂ ਨੂੰ 'ਅੰਮ੍ਰਿਤ ਛਕਾਵਣੇ ਕੀ ਰੀਤਿ' ਦ੍ਰਿੜ੍ਹਾਉਂਦਿਆਂ ਏਨਾਂ ਕੁ ਜ਼ਿਕਰ ਜ਼ਰੂਰ ਆਇਆ ਹੈ, ਕਿ—

"ਜਾਪੁ ਜੀ ਕਾ ਛੰਦ ਪੜ੍ਹੈ !"

ਇਸ ਦਾ ਸਪਸ਼ਟ ਮਤਲਬ ਸਿਰਫ ਪਹਿਲਾ 'ਛਪੈ ਛੰਦ' ਹੀ ਸਮਝਿਆ ਜਾ ਸਕਦਾ ਇ; ਸਾਰਾ 'ਜਾਪੁ' ਨਹੀਂ । ਤ੍ਵਾਰੀਖੀ ਤੌਰ ਪੁਰ, ਇਹ ਬਾਣੀ 'ਵਿਚਿੱਤ੍ਰ ਨਾਟਕ ਗ੍ਰੰਥ' ਦੀ ਸੰਪੂਰਨਤਾ (ਹਾੜ੍ਹ ਸੰਮਤ ੧੭੫੫ ਬਿੱ:) ਤੋਂ ਬੱਾਦ ਹੀ ਹੋਈ ਹੈ; ਅਰੁ ਗ੍ਰੰਥ ਜੀ ਨੂੰ ਤਰਤੀਬ ਦੇਣ ਸਮੇਂ 'ਮੰਗਲਾਚਰਣ' ਵਜੋਂ ਆਰੰਭ'ਚਿ ਅੰਕਿਤ ਕੀਤੀ ਗਈ ਸੀ । ਇਸ ਲਈ 'ਅੰਮ੍ਰਿਤ ਸਾਜਨਾ' ਵਿਚ ਇਸ ਦਾ ਜ਼ਿਕਰ ਅਪਰਸੰਗਕ ਹੀ ਜਾਪਦਾ ਹੈ ।

ਇਸ ਗ੍ਰੰਥ (ਪ੍ਰੇਮ ਸੁਮਾਰਗ) ਵਿੱਚ ਭਾਵੇਂ 'ਅੰਮ੍ਰਿਤ' ਤਿਆਰ

---

ਇ: ਪ: ੨੩.

Digitized by Panjab Digital Library | www.panjabdigilib.org

ਕਰਨ ਦੀ ਵਿਧੀ ਵਰਣਨ ਨਹੀਂ ਕੀਤੀ; ਤਦ ਬੀ ਬਾਲਕ ਦਾ ਜਨਮ-ਸੰਸਕਾਰ ਦੱਸਣ ਲੱਗਿਆਂ, ਹਦਾਯਤ ਕੀਤੀ ਹੈ, ਕਿ-

"ਤਬ ਪਾਹੁਲ ਖੰਡੇ ਕੀ, ਜਪੁ,ਜਾਪੁ ਪੜ੍ਹਿ
ਕਰਿ, ਸਿੱਖਣੀ ਕਉ ਦੇਵੈ !"-

ਇਸ ਤੋਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ; ਕਿ ਜਿਸ ਸਮੇਂ ਇਸ ਗ੍ਰੰਥ ਦੀ ਰਚਨਾ ਹੋਈ, ਉਸ ਵਕਤ 'ਅੰਮ੍ਰਿਤ' ਤਿਆਰ ਕਰਨ ਦੀ ਵਿਧੀ ਸਰਬਤ ਸਿੰਘਾਂ ਨੂੰ ਚੰਗੀ ਤਰ੍ਹਾਂ ਚੇਤੇ ਸੀ। ਤਾਂਹੀਓਂ ਉਸਦਾ ਲਿਖਤ ਵਿਚ ਲਿਆਉਣਾ ਜ਼ਰੂਰੀ ਨਹੀਂ ਸਮਝਿਆ ਗਿਆ। ਸ਼ਾਇਦ, ਇਸ ਧਾਰਮਿਕ ਸੰਸਕਾਰ ਨੂੰ ਗੁਪਤ ਰੱਖਣਾ ਉਸ ਵੇਲੇ ਰਾਜਨੀਤਕ ਮਸਲਿਹਤ ਮੰਨਿਆ ਗਿਆ ਹੋਵੇ; ਜਿਹਾ ਕਿ ਹਰ ਇਕ ਦੀਨ-ਧਰਮ ਵਿਚ ਇਜੇਹਾ ਪਰਦਾ ਰਖਿਆ ਜਾਂਦਾ ਹੈ।

ਇਸ ਸਾਰੀ ਤ੍ਵਾਰੀਖੀ ਵਿਚਾਰ ਦਾ ਸਿੱਟਾ ਇਹ ਨਿਕਲਿਆ; ਕਿ ਚੜ੍ਹਦੇ ਸੰਮਤ ਸਤਾਰਾਂ ਸੈ ਪਚਵੰਜਾਹ ਦੀ ਵੈਸਾਖੀ ਦੇ ਮੌਕੇ, ਦਸਮ ਪਾਤਿਸ਼ਾਹ ਨੇ, ਜੋ 'ਖੰਡੇ ਦਾ ਅੰਮ੍ਰਿਤ' ਤਿਆਰ ਕਰਕੇ ਪੰਜਾਂ ਪਿਆਰਿਆਂ ਨੂੰ ਛਕਾਇਆ; ਉਹ ਸਰਬ ਲੋਹ ਦੇ ਬਾਟੇ ਵਿਚ, ਸਤਲੁਜ ਨਦੀ ਦਾ ਸੁੱਚਾ ਜਲ ਤੇ ਪਤਾਸ਼ੇ ਪਾ ਕੇ; ਖੰਡੇ ਦੀ ਧਾਰ ਨਾਲ; 'ਜਪੁ', 'ਅਨੰਦੁ' ਤੇ 'ਚੌਪਈ' ('ਹਮਰੀ ਕਰੋ ਹਾਥ ਦੈ ਰਛਾ !' ਤੋਂ 'ਦੁਸਟ ਦੋਖ ਤੇ ਲੇਹੁ ਬਚਾਈ।' ਤੱਕ) ਗੁਰਬਾਣੀ ਰੂਪ ਮਹਾਂ ਮੰਤ੍ਰ ਪੜ੍ਹ ਕੇ; ਅਰੁ ਉਸ ਪੁਰ ਅਪਣੀ ਜਾਦੂ-ਅਸਰ ਅੰਮ੍ਰਿਤ-ਦ੍ਰਿਸਟੀ ਦਾ ਇਕ-ਟੱਕ ਧਿਆਨ ਧਰ ਕੇ; ਤਿਆਰ ਕੀਤਾ ਸੀ। ਲੇਕਿਨ ਬੱਾਦਾਂ—ਇਸ ਗ੍ਰੰਥ ਦੇ ਲਿਖੇ ਜਾਣ ਤੱਕ- ਸਿੰਘਾਂ ਨੇ, ਸਤਿਗੁਰਾਂ ਦੀ ਆਗਿਆ ਪਾਕੇ; ਯਾ ਹਜ਼ੂਰ ਦੇ ਅੰਤਰ ਧਿਆਨ ਹੋ ਜਾਣ ਤੋਂ ਮਗਰੋਂ 'ਗੁਰਮਤਾ' ਸੋਧਕੇ; 'ਜਾਪੁ' ਤੇ 'ਸ੍ਵੈਯੇ ੧੦' ("ਸਰਾਵਗ ਸੁੱਧ ਸਮੂਹ ਸਿਧਾਨ ਕੇ...") ਭੀ 'ਅੰਮ੍ਰਿਤ' ਤਿਆਰ ਕਰਨ ਵਾਲੇ 'ਮਹਾਂ ਮੰਤ੍ਰ' ਵਿੱਚ ਸ਼ਾਮਿਲ ਕਰ ਲਏ ਸਨ। ਚੂੰਕਿ 'ਅੰਮ੍ਰਿਤ' ਪੰਜਾਂ ਸਿੰਘਾਂ ਰਲਕੇ ਤਿਆਰ ਕਰਨਾਂ ਹੁੰਦਾਹੈ; ਇਸ ਲਈ ਪੰਜਾਂ ਦੀ ਰਸਨਾਂ ਤੋਂ ਪੰਜ ਬਾਣੀਆਂ ਦਾ ਪਾਠ ਕਰਨਾ ਭੀ ਲਾਜ਼ਮੀ ਠਹਿਰਿਆ॥

---

ਇ: ਪ: ੨੪.

Digitized by Panjab Digital Library | www.panjabdigilib.org

# 'ਅੰਮ੍ਰਿਤ' ਛਕਾਉਣ ਦੀ ਵਿਧਿ

(੧) 'ਖੰਡੇ ਦਾ ਅੰਮ੍ਰਿਤ' ਤਿਆਰ ਕਰਨ ਦੀ ਵਿਧੀ ਜਿਵੇਂ ਇਸ ਗ੍ਰੰਥ ਵਿੱਚ ਨਹੀਂ ਦੱਸੀ ਗਈ; ਓਵੇਂ ਕਿਵੇਂ 'ਅੰਮ੍ਰਿਤ' ਛਕਾਉਣ ਦਾ ਢੰਗ ਭੀ ਨਹੀਂ ਬਿਆਨਿਆਂ। ਕੇਵਲ ਇਹੋ ਦੱਸਿਆ ਹੈ; ਕਿ–

> ਪਹਿਲਾਂ ਦੇ ਕੜਾਹ ਕਰੇ, ਸ੍ਰੀ ਗੁਰੂ ਬਾਬੇ ਅਕਾਲ ਪੁਰਖੁ ਕਾ। ਫਿਰਿ ਨਾਰੀਅਲ, ਸਵਾ ਰੁਪੈਯਾ ਭੇਟ ਰੱਖੇ। ਫੇਰਿ ਉਹ ਪ੍ਰਾਨੀ ਨਵੇਂ ਕਪੜੇ ਪਹਨੇ। ਅਰੁ ਪਗੜੀ, ਜਾਮਾ ਸਪੇਦ ਪਹਰੇ ਅਗਲਬੰਦੀ। ਉਸ ਉਪਰਿ ਕਛ ਪਹਰੇ ਸਪੇਦ। ਸੁਥਨ ਪੈਰਾਂ ਤੇ ਲੈਕੇ ਕਮਰ ਤਕ ਮੋਜਿਆਂ ਦੀ ਤਰਹ ਸਿੰਵਾਇ ਪਹਰੇ; ਚੂੜੀ ਕੋਈ ਵਿਚਿ ਪਵੈ ਨਾਹੀਂ। ਫੇਰ ਪਟਕਾ ਬੰਨ੍ਹੈ। ਤਿਸ ਤੇ ਉਪਰੰਤ ਪੰਜੇ ਹਥਿਆਰ ਬੰਨ੍ਹੈ। ਖਾਲਸੇ ਵਿਚਿ ਆਇ ਬੈਠੇ। ਜੋ ਅਪਣੇ ਗ੍ਰਿਹ ਬਿਖੈ ਖਾਲਸੇ ਕੌ ਬੁਲਾਵੈ; ਤਾਂ ਪੰਜ ਸਿਖ ਖਾਲਸੇ ਦੇ, ਅਥਵਾ ਸੱਤ ਬੁਲਾਵੈ। ਜੋ ਕੋਈ ਸਹਜ ਪਾਇ ਆਵੈ; ਤਾਂ ਆਵਨੇ ਦੇਇ। ਆਖੈ: ਜੋ "ਧੰਨ ਭਾਗ ਮੇਰੇ ਹੈਂ!" ਫੇਰ ਪਾਹੁਲ ਖੰਡੇ ਦੀ ਕਰੀਐ। ਮਿਠੀ ਕਰਿਕੈ ਉਸ ਪ੍ਰਾਨੀ ਨੂੰ ਦੀਜੀਐ।–"ਵਾਹਗੁਰੂ ਸ੍ਰੀ ਅਕਾਲ ਪੁਰਖੁ! ਤੇਰੀ ਸਰਣਿ! ਤੂ ਪ੍ਰਸਾਦਿ। ਖਾਲਸਾ ਤੇਰਾ ਹੋਇਆ! ਗੁਰ ਪ੍ਰਸਾਦਿ ॥"–
>
> ਫੇਰਿ ਇਹ ਮੰਤ੍ਰ ਪਾਹੁਲ ਨਾਲਿ ਦੇਕਰ ਪੰਜ ਪਉੜੀ ਅਨੰਦ ਪੜ੍ਹਨਾ। ਫੇਰਿ ਅਰਦਾਸ ਕਰਣੀ; ਜੋ–"ਜੀ! ਅਰਦਾਸ ਸ੍ਰੀ ਅਕਾਲ ਪੁਰਖੁ ਕੇ ਖਾਲਸੇ ਪਾਸ ਹੈ!"–ਉਠਿ ਕੇ, ਹੱਥਿ ਜੋੜਿਕੈ ਕਰੇ; ਜੋ–"ਇਹੁ ਸਿਖ ਸਰਣਿ ਸ੍ਰੀ ਗੁਰੂ ਅਕਾਲ ਪੁਰਖੁ ਅਰੁ ਖਾਲਸੇ ਕੀ ਆਇਆ ਹੈ! ਇਸ ਕੋ ਦਾਨ ਸਿੱਖੀ ਖਾਲਸੇ ਸ੍ਰੀ ਅਕਾਲ ਪੁਰਖ ਕਾ ਹੋਵੈ! ਮਨ ਇਸ ਦਾ ਜਮੱਯਤ ਨਾਲਿ ਰਹੈ। ਜੋ ਕਿਛੁ ਇਸਦੇ ਮਨੋਰਥ ਹੈਨਿ, ਸੋ ਪੂਰੇ ਹੋਨਿ!!" ਅਰੁ ਪ੍ਰੇਮ-ਜਨੇਊ ਲੋਹੇ ਦਾ, ਅਥਵਾ ਸੋਇਨੇ ਦਾ ਗੁਰੂ ਦੇਇ। ਅਕੈ ਲੋਹੇ ਉਪਰਿ ਸੋਇਨੇ ਕਾ ਰੰਗੁ ਕਰਾਇ ਲਏ। ਅਰੁ ਜੋ ਸੋਇਨੇ ਦਾ ਪਾਏ; ਤਾਂ ਭੀ ਇਕ

---

ਇ: ਪ: ੨੫.

Digitized by Panjab Digital Library | www.panjabdigilib.org

ਦੋਇ ਤਾਰਾਂ ਲੋਹੇ ਦੀਆਂ ਅਮੇਜ਼ ਕਰੇ; ਸੋਇਨੇ-ਰੰਗ ਕਰਕੈ ਪਹਿਰਾਈਐ।

ਜੋ ਉਸ ਸਿਖ ਪਾਸ ਕਦਾਂਚ ਸਕਤਿ ਸਵਾ ਰੁਪੈਯਾ ਭੇਟ ਦੀ ਨ ਹੋਇ; ਹੋਰ ਜੋ ਕਿਛੁ ਉਪਰਿ ਬਚਨੁ ਹੈ, ਨ ਹੋਇ। ਤਾਂ ਯੌਂ ਕਰੇ: ਸਵਾ ਪੈਸਾ, ਅਥਵਾ ਸੱਤ ਪੈਸੇ ਦਾ ਪ੍ਰਸਾਦ; ਇਸ ਜੁਗਤਿ ਭੇਟ ਅਰਦਾਸ ਕਰੇ। ਅਰੁ ਕਪੜੇ ਧੁਵਾਇ ਪਹਨੇ। ਹਥਿਆਰ ਅਪਣੇ ਹੋਨ, ਤਾਂ ਭਲਾ; ਨਹੀਂ ਤਾਂ ਕਿਸੇ ਸਿਖ ਦੇ ਲੈ ਪਹਰੇ; ਜਬ ਉਹ ਸਿੱਖ ਪਾਹੁਲ ਲਏ; ਇਉਂ।

ਉਸ ਤੇ ਉਪਰੰਤ ਕੇਸਰ ਉਸ ਦੇ ਕਪੜਿਆਂ ਉਪਰਿ ਛਿੜਕੀਐ। ਸਭ ਕਪੜਿਆਂ ਉਪਰਿ ਛਿੜਕਿਆ ਨ ਜਾਇ; ਤਾਂ ਪਗੜੀ ਉਪਰਿ ਛਿੜਕੈ। ਅਰੁ ਪ੍ਰਸਾਦਿ ਉਸਦੇ ਮੁਹ ਪਾਈਐ। ਪਲੇ ਪਟਕੇ ਦੇ ਨਲੀਜਰ ਤਥਾ ਭੇਟ ਪ੍ਰਸਾਦ, ਬੀੜੇ ਉਸ ਸਿਖ ਦੇ ਪਾਈਐ॥ ੧

(੨) ਭਾਈ ਕੋਇਰ ਸਿੰਘ, 'ਕਲਾਲ੍' ਦੇ ਰਚੇ 'ਗੁਰ ਬਿਲਾਸ ਪਾ: ੧੦' ਵਿੱਚ ਭੀ ਗੱਲ ਗੋਲ ਮੋਲ ਹੀ ਰਹਿਣ ਦਿੱਤੀ ਹੈ। 'ਸੀਸ-ਭੇਟ' ਕਉਤੁਕ ਤੋਂ ਬੱਾਦ ਲਿਖਿਆ ਇ:-

ਸ੍ਵੈਯਾ

ਤਾਂ ਕਰ ਸੋਂ ਕਰ ਧਾਰ ਅਏ ਪੁਨਿ
ਬੈਠਿ ਸਿੰਘਾਸਨਿ ਕੌਤੁਕ ਹੇਰੇ।
"ਧੰਨ! ਧੰਨ !!" ਕਰੈ ਨਰੁ ਨਾਰਿ ਤਬੈ
ਪੁਨਿ ਭੂਖਨ ਅਨਿਕ ਦਏ ਤਿਹ ਕੇਰੇ।
ਕੋਰ-ਮਯਾ ਕਰਿ ਆਪ ਸਮਾਨ
ਕਰੇ ਤਬ ਹੀ ਅਤਿ ਸੁੰਦਰ ਚੇਰੇ।
ਸਰਤਾ-ਜਲ ਲੀਨ ਅਛੂਤ ਮੰਗਾਇਕੈ,
ਪਾਤ੍ਰ-ਲੋਹ ਮੈਂ ਤਾਂ ਪ੍ਰਭ ਬੇਰੇ॥ ੨੪

ਦੋਹਰਾ

ਅੰਮ੍ਰਿਤ ਗੁਰੂ ਤਯਾਰ ਕਰਿ, ਕੈ ਅਰਦਾਸ ਕੀ ਰੀਤਿ।
ਠਾਢੇ ਕਮਰ ਛਕਾਇਕੈ, ਸਨਮੁਖ ਪੰਚ ਸੁਨੀਤ॥ ੨੫

---

ਇ: ਪ: ੨੬.

Digitized by Panjab Digital Library | www.panjabdigilib.org

ਚੌਪਈ

ਪਾਨ ਜੋੜਿ ਤਿਨ ਅਮੀ ਪਿਵਾਵੈਂ ।
"ਬੋਲ : 'ਵਾਹਗੁਰੂ' !" ਮੁਖੋਂ ਕਹਾਵੈਂ ।
ਪੰਚਨ ਕੋ ਐਸੇ ਤਬ ਦਯੋ ।
ਨਾਮ ਨਗਰ ਤਿਨ ਪੂਛਨ ਕਯੋ ॥ ੨੮
(ਅਧ: ੯ ਵਾਂ)

(੩) ਭਾਈ ਕੇਸਰ ਸਿੰਘ, ਛਿੱਬਰ' ਨੇ ਦੱਸਿਆ ਇ:–

ਚੌਂਪੇ ਸਿੰਘ ਨੂ ਬਚਨ ਕੀਤਾ : "ਬੈਠ ਜਾਹੁ !
ਖੱਬੇ ਕਰ ਉਪਰ ਸੱਜਾ ਧਰ, ਅਤੇ ਪੀਂਦਾ ਜਾਹੁ !੩੧੯
'ਵਾਹਗੁਰੂ ਜੀ ਕਾ ਖਾਲਸਾ, ਵਾਹਗੁਰੂ ਜੀ ਕੀ ਫਤੇ' ਬੋਲ !"
ਤ੍ਰੈ ਚੁਲੀਆਂ ਸਾਹਿਬ ਨਿਜ ਕਰ ਦਿਤਾ; ਤਿਨ ਪੀਤਾ ਰਸਨਾ ਖੋਲ।
ਬੋਦੀ[1] ਰੰਚਕ ਨ ਕਤਰੀ, ਮੁਖ ਛਿੱਟੇ ਲਾਇ।
ਨੇਤ੍ਰੀਂ ਸੀਸ ਪਰ ਭੀ ਪਾਇ ॥ ੩੨੦

ਅਗੇ ਕੀਤਾ ਬਚਨੁ : "ਇਸ ਜੁਗਤਿ ਕਰ ਲਓ ਸਭ ਕੋਇ ॥ ੩੨੧

(੪) ਭਾਈ ਸੁੱਖਾ ਸਿੰਘ, ਗ੍ਰੰਥੀ ਦਾ ਕਥਨ ਹੈ:–

ਚੌਪਈ

ਆਯੁਧ,[2] ਭੂਖਨ, ਬਸਤ੍ਰ ਮੰਗਾਇ ।
ਨਿਜ ਹਾਥਨੁ ਉਨ ਕੋ ਪਹਿਰਾਇ ।
ਕਰੁਣਾ ਦ੍ਰਿਸਟਿ ਤਵਨ ਪਰ ਧਾਰੀ ।
ਆਪ ਸਮਾਨ ਕਰੇ ਸੀਗਾਰੀ ॥ ੩੨
ਅਪਨੇ ਠਾਂਢਿ ਅਗ੍ਰ[3] ਸਭ ਕੀਨੇ ।

'ਅੰਮ੍ਰਿਤ' ਓਰ ਨੈਨ ਚਿਤ ਦੀਨੇ ।...੩੩

... ... ...

ਅੰਮ੍ਰਿਤ ਸਤਿਗੁਰ ਕੀਅਸ ਤਯਾਰਾ ।
ਪੁਨਿ ਅਰਦਾਸ ਕਰੀ ਬਿਸਤਾਰਾ ॥ ੪੨
ਠਾਂਢਿ ਭਏ ਸਭ *ਕਮਰ ਛਕਾਈ

---

੧–ਕੇਸ। ੨–ਸ਼ਸਤ੍ਰ, ਹਥਿਆਰ । ੩–ਅਗਾੜੀ, ਮੁਹਰੇ।
*–ਲੱਕ ਬੰਨ੍ਹ ਕੇ, ਕਮਰਕਸਾ ਕਰਕੇ ।

---

ਇ: ਪ: ੨੭.

Digitized by Panjab Digital Library | www.panjabdigilib.org

ਤਿਨ ਪਾਂਚਨ ਕੇ ਅਗ੍ਰ ਸੁ ਆਈ ।
ਪੜ੍ਹੈਂ ਸਲੋਕ ਮੁਖ ਅਮੀ ਪਿਆਵੈਂ ।
"ਵਾਹਗੁਰੂ ਮੁਖ ਬੋਲ !" ਬੁਲਾਵੈਂ ॥ ੪੩
ਪੰਚਨ ਕੋ ਐਸੀ ਬਿਧਿ ਦੀਨੋ ।
ਵਾਸੀ ਨਾਮ ਪੂਛ ਸਭ ਲੀਨੋ ।...੪੪

... ... ...

ਇਹ ਪਾਂਚੋਂ ਪਜ਼ਾਰੇ ਨਿਜ ਜਾਨ
ਜਿਨ ਕਹ ਪਾਹੁਲ ਦਈ ਨਿਧਾਨ ॥ ੪੭

(੫) 'ਸੁਧਰਮ ਮਾਰਗ ਗ੍ਰੰਥ' ਵਿਚ ਲੇਖ ਹੈ:–
ਅੰਮ੍ਰਿਤ ਤਿਆਰ ਕਰ, ਕਰਦ ਜੁਗਤ ਪਾਂਚੋ ਸ਼ਸਤ੍ਰ ਅਪਨੇ ਮੁਖ ਮੇਂ ਨਚੋੜੇ । ਉਚਾਰਾ:–

"ਵਾਹਗੁਰੂ ਜੀ ਕਾ ਖਾਲਸਾ,
ਵਾਹਗੁਰੂ ਜੀ ਕੀ ਫਤੇ !"

ਇਸ ਭਾਂਤਿ ਕਹਿ ਕਹਿ ਨੇਤ੍ਰੋਂ ਮੇ ਡਾਰੇ । ਪੁਨ: ਕੇਸੋਂ ਮੇ ਪਾਏ । ਤਿਸ ਸਮੇਂ ਉਠ ਕਰ ਸ਼ਸਤ੍ਰ ਕੋ ਗੁਰੂ ਰੂਪ ਜਾਨ ਕਰ ਨਿਮਸਕਾਰ ਕੀਆ । ਆਪ ਤਖਤ ਪਰ ਬੈਠੇ; ਦਇਆ ਸਿੰਘ ਜੀ ਆਦਿਕਾਂ ਕੋ ਬੈਠਾਰ, ਤਿਨ ਕੋ ਗਾਗਰ ਸੈ ਅੰਮ੍ਰਿਤ' ਰੀਤਿ ਸੋਂ ਛਕਾਯਾ । ਆਗੇ ਖੜਾ ਕਰਿ ਮੁਖ ਨੇਤ੍ਰੋਂ ਮੇ ਕੇਸੋਂ ਮੇ ਡਾਰਿਆ । ਅਰਦਾਸ ਕਰਿ ਤਿਨ ਕੋ ਤਨਖਾਹ ਲਗਾਈ। ਅਰੁ ਬਖਸ਼ਾਇਆ । ਉਹੀ 'ਅੰਮ੍ਰਿਤ' ਪਾਤ੍ਰ ਮੇ ਡਾਰਾ; ਤਿਨ ਕੋ ਦੀਆ; "ਪਰਸਪਰ ਪੀਵਹੁ !!"

(੬) ਅਰੁ ਭਾਈ ਸੰਤੋਖ ਸਿੰਘ ਜੀ ਦਾ ਬਚਨ ਹੈ:–

ਚੌਪਈ

ਇਮ ਕਹਿ ਅਪਨੇ ਪੰਚਹੁੰ ਪਜਾਰੇ ।
ਦੇਖਨ ਕਰੇ ਖਰੇ ਅਗਵਾਰੇ ॥ ੨੮
ਕਮਲ ਪਾਨ[੧] 'ਅੰਮ੍ਰਿਤ' ਕੋ ਲੀਨੋ ।
ਦੇ ਕਰਿ ਤਿਨਹਿ ਪਿਆਵਨ ਕੀਨੋ ।
ਲੋਚਨ ਮਹਿ ਛਿਰਕੇ ਫੁਨ ਮਾਰੇ ।
ਕੇਸ-ਜੂਡ ਮੈਂ ਅੰਜੁਲ[੨] ਡਾਰੇ ॥ ੨੯

੧–ਕਮਲਾਂ ਵਰਗੇ ਕੂਲ੍ਹੇ ਹੱਥਾਂ ਵਿੱਚ । ੨–ਚੁਲ੍ਹੇ ।

ਇ: ੫: ੨੮.

Digitized by Panjab Digital Library | www.panjabdigilib.org

(੭) ਗਿਆਨੀ ਗਿਆਨ ਸਿੰਘ ਹੋਰੀਂ ਬੀ ਲਗਪਗ ਇਸੇ ਤਰਾਂ ਫੁਰਮਾਉਂਦੇ ਨਿ:—

ਪਹਿਲੇ ਪੰਜ ਵਾਰੀ ਓਸੇ ਖੰਡੇ ਨਾਲ ਆਪਣੇ ਮੂੰਹ ਵਿਚ ਪਾਯਾ। ਫੇਰ ਓਨ੍ਹਾਂ ਨੂੰ ਪਹਿਲੇ ਪੰਜ ੨ ਚੁਲ੍ਹੇ ਪਿਲਾਏ; ਫੇਰ ਕੇਸਾਂ ਵਿਚ ਪਾਏ; ਫੇਰ ਨੇਤ੍ਰਾਂ ਪਰ ਛਿੜਕਾਏ। ਬਾਕੀ ਜੋ ਬਚਯਾ; ਸਭ ਨੂੰ ਇਕੇ ਬਰਤਨ ਵਿਚ ਪਿਲਾਇ ਦਿਤਾ। ਹਰਇਕ ਚੁਲ੍ਹੇ ਨਾਲ

"ਬੋਲ ਵਾਹਗੁਰੂ ਜੀ ਕਾ ਖਾਲਸਾ !
ਬੋਲ ਵਾਹਗੁਰੂ ਜੀ ਕੀ ਫਤੇ !"

ਇਹ ਇਸਟ ਮੰਤ੍ਰ ਉਚਾਰਨ ਕਰਦੇ ਕਰਾਉਂਦੇ ਰਹੇ। ਪੁਨਹ ਇਕ ਹੀ ਬਰਤਨ ਵਿੱਚ ਸਬ ਨੂੰ ਇਕੱਠੇ ਬੈਠਾ ਕਰ ਕੜਾਹ ਪ੍ਰਸਾਦ ਛਕਾ ਕੇ ਰਹਿਤ ਬਤਾਈ॥

(੮) ਮੰਗਲ ਸਿੰਘ ਜੀ ਲਿਖਦੇ ਨਿ:—

ਇਉਂ ਸਤਿਗੁਰ ਦੇ 'ਪੰਜ ਪਿਆਰੇ'।
ਲਗੇ ਛਕਨ 'ਅੰਮ੍ਰਿਤ' ਹਿਤ ਧਾਰੇ।
ਖੜੇ ਹੋਏ ਪੰਜ ਪਿਆਰੇ ਆਗੇ।
ਅੰਮ੍ਰਿਤ ਗੁਰੂ ਛਕਾਵਨ ਲਾਗੇ॥ ੫੩
ਪ੍ਰੇਮ ਸਹਿਤ ਗੁਰ ਲਗੇ ਛਕਾਵਨ।
'ਵਾਹਿਗੁਰੂ ਕੀ ਫਤੇ' ਬੁਲਾਵਨ।
'ਮੂਲ ਮੰਤ੍ਰ' ਪਹਿਲੋਂ ਪੜ੍ਹਵਾਏ।
ਫਿਰ 'ਅੰਮ੍ਰਿਤ' ਦੇ ਚੁਲ੍ਹੇ ਪਿਲਾਏ॥ ੫੪
ਪੰਜ ਵਾਰ ਇਉਂ ਗੁਰਾਂ ਪੜ੍ਹਾਯਾ।
ਅਰੁ 'ਅੰਮ੍ਰਿਤ' ਪੰਜ ਚੁਲੇ ਪਿਲਾਯਾ।
ਪੰਜ ਵਾਰ ਨੇਤ੍ਰ ਛਿਰਕਾਈ।
ਵਾਹਿਗੁਰੂ ਮੁਖ ਫ਼ਤੇ ਅਲਾਈ॥ ੫੫
ਪੰਜ ਚੁਲ੍ਹੇ ਕੇਸਾਂ ਵਿਚ ਪਾਏ।
ਇਉਂ ਪੰਜੇ ਦਿੱਤੇ ਜੀਵਾਏ।
ਬਾਕੀ ਸੀ ਜੋ 'ਅੰਮ੍ਰਿਤ' ਭਾਈ।
ਦਿੱਤਾ ਪੰਜਾਂ ਤਾਈਂ ਛਕਾਈ॥ ੫੬

---

ਇ: ਪ: ੨੯.

Digitized by Panjab Digital Library | www.panjabdigilib.org

ਫਿਰ ਸਤਿਗੁਰ ਨੇ ਬਚਨ ਅਲਾਈ ।
ਰਹਿਤ ਖਾਲਸੇ ਸਰਬ ਸੁਨਾਈ ।...੫੮
ਫੇਰ ਕੜਾਹ ਪ੍ਰਸਾਦ ਛਕਾਵੈਂ !
ਗੱਫੇ ਪੰਜਾਂ ਤਈਂ ਲਵਾਵੈਂ ।
ਨਾਮ ਧਰੇ ਫਿਰ ਤਿਨ ਕੇ ਜਾਨੋ ।
ਸੋ ਭੀ ਸੁਨੋ ਅਤੀ ਹਿਤ ਠਾਨੋ ॥ ੬੮

'ਅੰਮ੍ਰਿਤ ਸੰਸਕਾਰ' ਸੰਬੰਧੀ ਇਤਿਹਾਸਕ ਤੌਰ ਪੁਰ ਜਿਤਨਾ ਕੁ ਚਾਨਣ, ਪ੍ਰਾਪਤ ਮਸਾਲੇ ਦੇ ਆਸਰੇ ਪਾਇਆ ਜਾ ਸਕਦਾ ਸੀ; ਉਤੇ ਵਿਸਥਾਰ ਨਾਲ ਜਤਨ ਕੀਤਾ ਗਿਆ ਹੈ। 'ਖਾਲਸਾ ਪੰਥ' ਵਿਚ ਹੁਣ ਜੋ ਕੁਝ ਵਰਤਾਰਾ ਹੈ; ਇਸੇ ਮ੍ਰਿਯਾਦਾ ਨੂੰ ਪੁਣ-ਛਾਣ ਕੇ 'ਸ੍ਰੀ ਗੁਰੂ ਸਿੰਘ ਸਭਾ' ਲਹਿਰ ਦੇ ਜਨਮ ਤੋਂ ਲੈ ਕੇ ਚਲਾ ਆ ਰਿਹਾ ਹੈ। ਮੰਗਲ ਸਿੰਘ ਜੀ ਦਾ ਬਿਆਨ, ਇਸ ਮ੍ਰਿਯਾਦਾ ਦਾ ਆਖਰੀ ਸਰੂਪ ਸਮਝਿਆ ਜਾ ਸਕਦਾ ਹੈ।

ਲੇਕਿਨ ਖਾਲਸੇ ਦੀ ਰਹਿਤ-ਬਹਿਤ ਸੰਬੰਧੀ ਜੋ ਪੁਸਤਕ ਪਾਠਕਾਂ ਦੇ ਪੇਸ਼ ਕੀਤੀ ਜਾ ਰਹੀ ਹੈ; ਇਹ, ਹੁਣ ਤੱਕ ਛਪ ਚੁੱਕੀਆਂ ਸਭਨਾਂ ਨਾਲੋਂ ਪੁਰਾਣੀ ਹੈ । ਪ੍ਰਚਲਤ ਮ੍ਰਿਯਾਦਾ ਨਾਲੋਂ ਇਸ ਵਿੱਚ ਕਈ ਗੱਲਾਂ ਬਿਲਕੁਲ ਅਣੋਖੀਆਂ ਹਨ । ਜਿਹਾ ਕਿ ਅੰਮ੍ਰਿਤ ਅਭਿਲਾਖੀ ਦੇ ਪੋਸ਼ਾਕੇ ਵਿੱਚ -

"ਸੁਥਨ ਪੈਰਾਂ ਤੇ ਲੈ ਕੇ ਕਮਰ ਤਕ
ਮੌਜਿਆਂ ਦੀ ਤਰਹ ਸਿਵਾਇ ਪਹਿਰੇ;
ਚੂੜੀ ਵਿਚ ਕੋਈ ਪਵੈ ਨਾਹੀਂ !"-

ਰੇਬ ਪਾਜਾਮਾ ਜੁਰਾਬਾਂ ਦਾਊ—ਪੈਰ ਦੇ ਅੰਗੂਠੇ ਤੋਂ ਲੱਕ ਤੱਕ, ਇੱਕੋ ਬਸਤ੍ਰ—ਉਚੇਚਾ ਬਣਾ ਕੇ ਪਹਿਨਣ ਦੀ ਹਦਾਯਤ ਹੈ । ਅਰੁ

"ਪਗੜੀ, ਜਾਮਾ ਸੁਪੇਦ ਅਗ਼ਲਬੰਦੀ"

ਯਾਨੀ ਅੱਜ ਕੱਲ ਦੇ 'ਬੁ-ਸ਼ਰਟ' ਵਾਂਗੁ ਅਗਲੇ ਬੰਨਿਓਂ ਖੁਲ੍ਹਾ ਬੀੜ੍ਹੇ ਯਾ ਤਣੀਦਾਰ ਪਹਿਨਣ ਦਾ ਹੁਕਮ ਹੈ । ਨਾਲੇ ਇਕ ਹੋਰ ਨਵੀਂ ਸ਼ੈ "'ਪ੍ਰੇਮ (ਯਾ ਪ੍ਰਮ) ਜਨੇਊ' ਲੋਹੇ ਦਾ, ਅਥਵਾ ਸੁਇਨੇ ਦਾ" ਉਸ ਵਿੱਚ ਭੀ ਲੋਹੇ ਦੀਆਂ ਇਕ ਦੁਇ ਤਾਰਾਂ ਮਿਲਾਕੇ ਤੇ ਸੁਇਨੇ ਦੀ ਝਾਲ ਫੇਰਕੇ ਪਹਿਨਣ ਦੀ ਤਾਕੀਦ ਹੈ । ਜਿਸ ਨੂੰ ਅੱਜ ਕੱਲ ਸ਼ਾਇਦ

ਇ: ਪ: ੩੦.

Digitized by Panjab Digital Library | www.panjabdigilib.org

ਕੋਈ ਪੁਰਾਤਨ ਮਤੇ ਵਾਲਾ ਨਿਹੰਗ ਸਿੰਘ ਹੀ ਜਾਣਦਾ ਤੇ ਪਹਿਨਦਾ ਹੋਵੇ! ਜਾਪਦਾ ਇ, ਉਸ ਵਕਤ ਸਿੰਘ 'ਜੰਞੂ' ਤੇ 'ਸੇਲੀ' ਦੀ ਥਾਂ ਲੋਹੇ ਦੀਆਂ ਬਰੀਕ ਤਾਰਾਂ ਦਾ ਗੁੰਦਿਆ ਹੋਇਆ ਡੋਰਾ, ਗਾਤ੍ਰੇ ਵਾਂਙੂ ਪਹਿਨਦੇ ਸਨ; ਜੋ ਸ੍ਰੀ ਸਾਹਿਬ ਗਾਤ੍ਰੇ ਪਉਣ ਸਮੇਂ ਪਕਿਆਈ ਵਾਸਤੇ ਸਹਾਇਕ ਹੁੰਦਾ ਸੀ। ਹੁਣ ਵਿਰਲੇ ਨਿਹੰਗ ਸਿੰਘ ਦਸਤਾਰ ਉੱਤੋਂ ਦੀ, ਬੜੀ ਰੀਝ-ਬੂਝ ਨਾਲ ਸਜਾਉਂਦੇ ਹਨ।

ਹੋਰ, 'ਪੰਜ ਕਕਾਰ' ਦੀ ਥਾਂ, 'ਪੰਜੇ ਹਥਿਆਰ' ਬੰਨ੍ਹਣ ਦਾ ਹੁਕਮ ਹੈ। ਖ਼ੁਸਵਕਤ ਰਾਇ ਤੇ ਸੰਤ ਭੂਪ ਸਿੰਘ ਜੀ ਨੇ ਵੀ 'ਪੰਜ ਹਥਿਆਰ' ਹੀ ਲਿਖੇ ਹਨ। ਹੋਰ ਕਿਸੇ ਪੁਰਾਤਨ ਲਿਖਤ ਵਿੱਚ ਭੀ 'ਪੰਜ ਕਕਾਰ' ਦਾ ਵਿਰਵਾ ਨਹੀਂ ਮਿਲਿਆ; ਸਿਵਾਇ 'ਜੀਵਨ ਬਾਬਾ ਬੁੱਢਾ ਜੀ' ਦੇ; ਜੋ ਮਸਾਂ ਚਾਲੀਹ ਕੁ ਵਰ੍ਹਿਆਂ—ਯਾਨੀ 'ਸਿੰਘ ਸਭਾ-ਲਹਿਰ' ਸਮੇਂ - ਦੀ ਰਚਨਾ ਹੈ। ਲਿਖਾਰੀ ਨੇ-ਯਾ ਪ੍ਰਕਾਸ਼ਕ ਨੇ-ਅਪਣੇ ਲੇਖ ਦੀ ਪੁਸਟੀ ਵਿੱਚ ਇਕ ਫਾਰਸੀ ਛੰਦ—

"ਨਿਸ਼ਾਨਿ ਸਿੱਖੀ ਈਂ ਪੰਜ ਹਰਫ਼ ਕਾਫ਼।
ਹਰਗਿਜ਼ ਨ ਬਾਸ਼ਦ ਈਂ ਪੰਜ ਮੁਆੱਫ।
ਕੜਾ, ਕਾਰਦੋ ਕੱਛ, ਕੰਘਾ ਬਿਦਾਂ!
ਬਿਨ ਕੇਸ ਹੇਚਸਤ ਜੁਮਲਾ ਨਿਸ਼ਾਂ।"

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਰਚਨਾ ਦੱਸਕੇ ਪੇਸ਼ ਕੀਤਾ ਹੈ। ਇਹ ਛੰਦ ਉਨ੍ਹਾਂ ਕਿੱਥੋਂ ਪ੍ਰਾਪਤਿ ਕੀਤਾ ? ਕੁਝ ਨਹੀਂ ਦੱਸਿਆ। ਪ੍ਰੋਫੈਸਰ ਗੰਡਾ ਸਿੰਘ ਜੀ, ਸਕੱਤ੍ਰ-'ਸਿੱਖ ਹਿਸਟਰੀ ਸੋਸਾਇਟੀ'— ਨੇ ਭੀ ਇਹ ਛੰਦ 'ਮਾਖ਼ਜ਼ਿ ਤ੍ਵਾਰੀਖਿ ਸਿੱਖਾਂ' (ਫਾਰਸੀ) ਵਿੱਚ 'ਸਰਬ ਲੋਹ' ਗ੍ਰੰਥ ਦੇ ਕਿਸੇ ਲਿਖਤੀ ਸੈਂਚੇ ਦਾ ਹਵਾਲਾ ਦੇ ਕੇ ਲਿਖਿਆ ਹੈ। ਸੰਗਰੂਰ ਸ਼ਹਿਰ ਵਿੱਚ ਸੁਰੱਖਤ ਇੱਕ ਲਿਖਤੀ ਸੈਂਚੇ ਤੇ ਲਿਖਿਆ ਭੀ ਦੱਸਿਆ ਜਾਂਦਾ ਹੈ। ਸੋ, ਜਿਸ ਤਰਾਂ 'ਸਰਬ ਲੋਹ' ਗ੍ਰੰਥ ਦਸਵੇਂ ਪਾਤਿਸ਼ਾਹ ਨਾਲ ਮਨਸੂਬ ਕੀਤਾ ਜਾਂਦਾ ਹੈ, ਉਸੇ ਤਰਾਂ ਇਹ ਛੰਦ ਭੀ। ਪਰ ਇਹ ਮਨੌਤੀ ਦਰੁਸਤ ਨਹੀਂ। ਫਿਰ, ਇਹ ਛੰਦ ਇਸ ਗ੍ਰੰਥ ਦਾ ਅੰਸ ਭੀ ਨਹੀਂ, ਸਿਰਫ ਕਿਸੇ ਸੱਜਨ ਨੇ, ਯਾਦਗੀਰੀ ਵਾਸਤੇ, ਉਸ ਸੈਂਚੇ ਦੇ ਵਾਧੂ ਪੱਤ੍ਰੇ ਪੁਰ ਲਿਖ ਲਿਆ ਇ।

ਇਸ ਛੰਦ ਦਾ ਅਰਥ ਹੈ:-

'ਸਿੱਖੀ' ਦੇ ਨਿਸ਼ਾਨ ਇਹ ਪੰਜ 'ਕੱਕੇ' ਅੱਖਰ (ਨਾਲ ਲਿਖੇ

---



Digitized by Panjab Digital Library | www.panjabdigilib.org

ਜਾਂਦੇ ਨਾਵਾਂ ਵਾਲੀਆਂ ਵਸਤਾਂ) ਹਨ; ਜੋ ਕਦਾਚਿਤ ਮਾਫ ਨਹੀਂ ਕੀਤੇ ਜਾ ਸਕਦੇ। (ਧਾਰਨੇ ਜ਼ਰੂਰੀ ਹਨ)—ਕੜਾ, ਕਰਦ (ਛੋਟੀ ਸਿੱਧੀ ਕ੍ਰਿਪਾਨ) ਕਛਹਿਰਾ ਤੇ ਕੰਘਾ (ਚਾਰ ਤਾਂ ਇਹ) ਸਮਝੋ; (ਪੰਜਵੇਂ) ਕੇਸ; ਜਿਨ੍ਹਾਂ ਤੋਂ ਬਿਨਾਂ ਇਹ ਸਾਰੇ ਨਿਗੁਣੇ ਹਨ।

ਇਸ ਤਰਾਂ ਦੇ ਮਤ ਭੇਦਾਂ ਸੰਬੰਧੀ ਵਿਚਾਰ ਕਰਨਾ, ਸਮੁੱਚੇ 'ਪੰਥ' ਦਾ ਕੰਮ ਹੈ; ਅਸੀਂ ਸਿਰਫ ਅੱਜ ਤੋਂ ਸੌ—ਡੂਢ ਸੌ ਵਰ੍ਹਾ ਪਹਿਲਾਂ ਦੀ ਇਕ ਲਿਖਤ ਪੇਸ਼ ਕਰਕੇ, 'ਅੰਮ੍ਰਿਤ-ਸੰਸਕਾਰ' ਬਾਰੇ ਵਿਚਾਰ ਦਾ ਭੋਗ ਪਾ ਦੇਂਦੇ ਹਾਂ:-

'ਸੁਧਰਮ ਮਾਰਗ ਗ੍ਰੰਥ' ਦਾ ਲਿਖਾਰੀ ਸਤਿਗੁਰਾਂ ਵੱਲੋਂ ਪੰਜਾਂ ਪਿਆਰਿਆਂ ਨੂੰ 'ਅੰਮ੍ਰਿਤ ਛਕਾਵਣੇ ਕੀ ਰੀਤਿ' ਦ੍ਰਿੜ੍ਹਾਉਂਦਾ ਹੋਇਆ ਬੜੇ ਵਿਸਥਾਰ ਨਾਲ ਲਿਖਦਾ ਇ:—

> ਆਗੇ ਤਿਨ ਕੋ ਅੰਮ੍ਰਿਤ ਛਕਾਵਣੇ ਕੀ ਰੀਤਿ ਕਹੀ। ਇਹ ਕਹਾ; ਜੋ ਅੰਮ੍ਰਿਤ ਪਾਨ ਕਰੈਗਾ, ਚਾਰ ਵਰਣ ਮੇਂ, ਸੋ ਮੁਕਤ ਹੋਵੈਗਾ। ਔਰ ਨੀਚ ਆਦਿਕ ਭੀ ਗਤਿ ਪਾਵੈਂਗੇ। ਜਹਾਂ ਸਰਬ ਖਾਲਸਾ ਮਿਲ ਬੈਠੇ, ਤਹਾਂ ਬੀਚ ਗੁਰੂ ਰੂਪ ਜਾਨ ਕਰਿ 'ਗੁਰੂ ਗ੍ਰੰਥ ਸਾਹਬ' ਰਾਖ ਲੈਣਾ। ਵਹਾਂ ਪਾਂਚੋ ਮਿਲਿ ਏਹੀ ਰੀਤ ਕਰਣੀ ! ਜੋ ਅੰਮ੍ਰਿਤ ਛਕਿਆ ਚਾਹੈ ਕੱਛ ਪਹਿਰਾਵੈ। ਕੇਸ ਇਕੱਠੇ ਕਰਿ ਜੂੜਾ ਕਰੇ। ਦਸਤਾਰ ਸਜਾਵੈ। ਹਾਥ ਮੇਂ ਕਰਦ ਦੇ ਸਨਮੁਖ ਖੜਾ ਕਰਨਾ। ਗਾਤਰੇ ਮੈਂ ਸ੍ਰੀ ਸਾਹਿਬ ਪਵਾਵੈ। ਕਹੈ : "ਸ੍ਰੀ ਵਾਹਗੁਰੂ ਕਾ ਜਾਪ ਜਪਹੁ !" ਕੜਾਹ ਪ੍ਰਸਾਦ ਕਰਾਇ ਬੀਚ ਧਰੈ। ਤਉ ਸਿੰਘ ਉਤਮ ਲੋਹ ਕੇ ਪਾਤ੍ਰ ਮੇ ਸ੍ਰੀ ਅੰਮ੍ਰਿਤਸਰ ਜੀ ਦਾ ਅੰਮ੍ਰਿਤ ਪਾਵੇ। ਜੋ ਨਿਕਟ ਨ ਹੋਵੈ, ਤੋ ਜਲ ਸਰ ਕੂਪ ਆਦਿਕ ਪਾਵੈ। ਪਤਾਸੇ ਪਾਵੈ। ਸਰਬ ਲੋਹ ਕੀ ਕਰਦ ਪਾਵੈ। ਜੋ ਉਤਮ ਰਹਤਵਾਨ ਸਿੰਘ ਹੋਵੈ; ਸੋ ਪ੍ਰਥਮੈ ਸੰਪੂਰਣ 'ਜਪੁ' ਕਾ ਆਦਿ ਅੰਤ ਕਾ ਪਾਠ ਕਰੈ। 'ਜਾਪੁ ਜੀ' ਕਾ ਛੰਦ ਪੜ੍ਹੇ ! 'ਚੌਪਈ' ਪੜ੍ਹਨੀ। ਪੰਜ ਸਵੱਯੇ ਭਿੰਨ ੨ ਪੜ੍ਹੈ "ਸ੍ਰਾਵਗ ਸੁਧ ਸਮੂਹ..." ੧, 'ਦੀਨਨ ਕੀ ਪ੍ਰਤਿਪਾਲ...' ੨, 'ਪਾਪ ਸੰਬੂਹ ਬਿਨਾਸਨ ਕੋ...' ੩, 'ਸੱਤਿ ਸਦੈਵ...' ੪। ਪੰਜ ਪਉੜੀਆਂ ਅਨੰਦ ਜੀ ਕੀਆਂ ਪੜ੍ਹੈ। ਕਰਦ ਅੰਮ੍ਰਿਤ ਕੇ ਬੀਚ ਅਪਨੀ ਓਰ ਕੋ ਫੇਰੈ। ਅਰੁ ਚਾਰ

---



Digitized by Panjab Digital Library | www.panjabdigilib.org

ਸਿੰਘ ਸੂੰਘੇ ਪਾਂਚ ਪਾਂਚ ਵਾ ਦਸ ਦਸ ਅਕਾਲ ਉਸਤਤਿ ਕੇ ਪੜ੍ਹਣ। ਕਰਦ ਧਾਰਾ ਆਪਣੀ ਓਰ ਫੇਰੇਂ।

ਪੁਨਾ ਏਕ ਸਿੰਘ ਰਹਿਤਵਾਨ ਅੰਮ੍ਰਿਤ ਛਕਾਵੇ। ਸ੍ਰੀ ਸਾਹਿਬ ਆਪਣੇ ਗਾਤ੍ਰੇ ਪਾਇ ਕਰ, ਕਮਰ ਬਾਂਧ ਕਰਿ, ਕਰਦ ਸਹਤ ਅੰਮ੍ਰਿਤ ਕਾ ਕਟੋਰਾ ਹਾਥ ਮੋਂ ਲੇਕਰਿ, ਸਰਬ ਕੀ ਆਗਜ਼ਾ ਲੇਵੈ। ਅੰਮ੍ਰਿਤ ਛਕਨ ਵਾਲੇ ਸਿੱਖ ਪਾਸ ਜਾਇ ਖੜਾ ਹੋਵੈ। ਉਹ ਕਰਦ ਉਸ ਕੀ ਪਾਗ ਮੇ ਧਰ ਦੇਵੈ। ਅੰਮ੍ਰਿਤ ਛਕਣ ਵਾਲਾ ਸਿੱਖ, ਆਪਣੇ ਬਾਵੇਂ ਹਾਥ ਪਰ ਦਾਹਨਾਂ ਹਾਥ ਰਾਖੇ। ਤਬ ਉਹ ਸਿੰਘ, ਕਟੋਰੇ ਸੇ ਅੰਮ੍ਰਿਤ ਕਾ ਚੁਲ੍ਹਾ ਭਰਿ, ਉਸ ਕੇ ਹਾਥ ਮੋਂ ਡਾਰੇ; ਅਰੁ ਕਹੇ : "ਬੋਲਹੁ ਵਾਹਗੁਰੂ ਜੀ ਕੀ ਫਤਹ !" ਤਬ ਉਹ ਪੀਵੇ। ਜਿਸ ਤਰਾਂ ਸੁਣੇ, ਉਸੀ ਤਰਾਂ 'ਫਤਹ' ਬੁਲਾਵੇ। ਇਸੀ ਭਾਂਤਿ ਪਾਂਚ ਚੁਲ੍ਹੇ ਛਕਾਵੇ; ਨੇਤ੍ਰ ਸਨਮੁਖ ਕਰਿ 'ਅੰਮ੍ਰਿਤ' ਕੇ ਛਿੱਟੇ ਮਾਰੇ; ਅਰੁ 'ਫਤਹ' ਬੁਲਾਵੇ। ਪਾਂਚ ਵੇਰ ਕੇਸਾਂ ਮੋਂ ਪਾਵਣਾ।

*ਗੁਰ ਮੰਤ੍ਰ ੧–"੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥"

ਏਤਾ ਮੰਤਰ ਉਪਦੇਸ਼ ਕਰਣਾ। ਰਹਿਤ ਦਸਣੀ:–

ਮੀਣੇ, ਧੀਰ-ਮੱਲੀਏ, ਰਾਮ ਰਾਈਏ, ਸਿਰਮੁੰਡਿਤ ਇਨ੍ਹਾਂ ਨਾਲ ਬਰਤਣਾ ਨਾਹੀਂ ! ਸਿੰਘੋ ਕੀ ਸੇਵਾ ਕਰਣੀ ! ਸਬਦ ਕਾ ਅਭਯਾਸ ਕਰਣਾ। ਸ਼ਸਤ੍ਰ-ਸ਼ਾਸਤ੍ਰ ਵਿਦਯਾ ਸਿਖਣੀ।

(ਈਹਾਂ ਸੂਖਮ ਤੇ ਕਹੀ। ਆਗੇ ਦਯਾ ਸਿੰਘ ਜੀ ਕੋ ਬਹੁ ਪ੍ਰਕਾਰ ਉਪਦੇਸ ਕਰੈਂਗੇ) ਇਹ ਕਹਿ ਨਾਮ ਪੁੱਛਣਾਂ। ਸਿੱਖਾਂ ਕਉ ਸੁਨਾਵਣਾਂ। ਜੋ ਸਰਬੱਤ ਕੀ ਇੱਛਾ ਹੋਇ, ਓਹੀ ਨਾਮ ਰੱਖਣਾ, ਵਾ ਹੋਰ ਰਾਖਣਾਂ। ਜੈਸੇ 'ਸੰਗਤ' ਕਾ ਨਾਮ 'ਸੰਗਤ ਸਿੰਘ' ਰਖਣਾਂ। ਵਾਸੀ ਪੁੱਛਣੀ : ਅਨੰਦਪੁਰ।

---

*–ਇਹ 'ਮੂਲ-ਮੰਤ੍ਰ' ਹੈ; ਗੁਰਮੰਤ੍ਰ 'ਵਾਹਗੁਰੂ' ਮੰਨਿਆ ਗਿਆ ਹੈ।

---



Digitized by Panjab Digital Library | www.panjabdigilib.org

ਪ ਪੰਜ ਵਾਰੀ "ਵਾਹਗੁਰੂ !" ਕਹਿ ਅਰਦਾਸ ਕਰਣੀ। ਸਰਬੱਤ ਕੋ ਹਾਥ ਜੋੜ ਕਰਿ ਕਹਣਾ:-

"ਖਾਲਸਾ ਜੀ ! ਸਿੱਖ ਤਨਖਾਹੀਆ ਹੈ ਤਨਖਾਹ ਕਾ ਬਚਨ ਹੋਵੇ।" ਤਬ ਮੁਖ ਤੇ ਕਹੈਂ ਸਰਬਤ:-

"(੧) ਸਵਾ ਰੁਪਯਾ ! ਤਨਖਾਹ ਖਾਲਸੇ ਕੋ ਦੇਵੈ ! ਗੋਲਕ ਦਰਬਾਰ ਖਜਾਨੇ ਮੇਂ ਪਾਵੈ !"

ਸਿੱਖ ਕਹੈ:-"ਮੁਝੇ ਮਨਜ਼ੂਰ ਹੈ !' ਤਬ ਉਸ ਸਿੱਖ ਨੇ ਪਾਂਚ ਬੇਰ "ਵਾਹਗੁਰੂ !" ਕਹਿ ਅਰਦਾਸ ਕਰਣੀ:-

"ਸਿਖ ਤਨਖਾਹ ਮਨਜ਼ੂਰ ਕੀਤੀ ਹੈ ! ਬਖਸ਼ ਦਾ ਬਚਨ ਹੋਵੇ !" ਤਬ ਸਭਨਾਂ ਨੇ ਕਹਣਾਂ; ਜੋ-"ਵਾਹਗੁਰੂ, ਖਾਲਸਾ ਬਖਸ਼ੇ !"

'ਅੰਮ੍ਰਿਤ-ਪਾਹੁਲ' ਲੈਕੇ, ਮਿਲਿ ਸਰਬੱਤ ਖਾਲਸੇ ਕੇ ਪਦੋਂ ਕੋ ਪਰਣਾਮ ਕਰੈ। ਤਬ ਕੜਾਹ-ਪ੍ਰਸਾਦ ਵਰਤਾਵਣਾ, ਪਾਹੁਲ ਲੈਣੇ ਵਾਲਿਆਂ ਕੋ। ਆਪਸ ਮੇਂ ਕੜਾਹ ਮੁਖ ਪਾਵੈਂ। ਉਸ ਕੇ ਉਹ ਮੁਖ ਮੇਂ ਦੇਵੈ; ਉਸ ਕੇ ਉਹ ਮੁਖ ਮੈ ਦੇਵੈ ! (ਉਸੀ ਕਾਲ ਇਹ ਕਰੈ; ਫੇਰ ਜੂਠਾ ਨਾਂ ਖਾਵੈ। ਪੀਛੇ ਜਲ ਆਦਿਕ ਭੀ ਛਕੈ, ਤੇ ਪਾਤ੍ਰ ਸੁਚੇਤ ਕਰ ਲਵੈ। ਜੂਠਾ ਖਾਣਾ ਪੀਣਾਂ ਨਹੀਂ। ਜਿਉਂ ਸੌਚ ਰਖੇ, ਤਿਉਂ ਚੰਗੀ ਹੈ।) ਏਕ ਏਕ ਗ੍ਰਾਸ। ਜੂਠਾ ਹਾਥ ਕੜਾਹ ਕੋ ਨਾਂ ਲਾਵੈ !

ਪੁਨਾ: ਆਪ ਖਾਵੈ, ਰਹਤਾ ਵਰਤਾਵੈ ! ਜੂਠਾ ਖਾਣਾ ਬੁੱਧਿ ਨਾਸ ਕਰਤਾ ਹੈ। ਪ੍ਰਾਤਾਕਾਲ ਕੇਸੀਂ ਸਨਾਨ ਕਰੇ। ਜੋ ਅੰਮ੍ਰਿਤਸਰ (ਹੋਇ) ਕੇਸਾਂ ਸਮੇਤ ਸ਼ਨਾਨ ਟੁੱਭੇ ਲਗਾਵਣੇ; ਅਰੁ ਜੌ ਔਰ ਕੋਊ ਸਥਾਨ ਹੋਇ, ਤੌ ਕੇਸੀਂ ਸ਼ਨਾਨ ਕਹਾ ਹੈ। (ਔਰ ਜਹਾਂ ਸ਼ਨਾਨ ਕਰੈ, ਤਹਾਂ ਪਾਗ ਸਮੇਤ ਕਰੈ। ਜੋ ਅੰਮ੍ਰਿਤਸਰ ਜੀ ਸ਼ਨਾਨ ਕਰੈ; ਤੌ ਪਾਗ ਉਤਾਰ ਕੈ ਕਰੇ, ਕੇਸਾਂ ਸਮੇਤ। ਕਾਹੇ ਤੇ: ਜੋ ਸ੍ਰੀ ਅੰਮ੍ਰਿਤਸਰ ਜੀ ਮੇਂ ਕੇਸ ਪਵਿੱਤ੍ਰ ਹੋਤੇ ਹੈਂ) ਤੇ ਸ਼ਨਾਨ ਕਰ ਨਵੀਨ ਬਸਤ੍ਰ ਪਹਿਰੈ; ਤੇ ਕੇਸਰ ਛਿਣਕੇ; ਵ ਕੇਸਰੀ ਬਸਤ੍ਰ ਪਹਿਰੈ।......

ਅੰਮ੍ਰਿਤ ਛਕਾਵਣੇ ਕੇ ਤੀਨ ਹੁਕਮ ਹੈਂ:-ਪਹਿਲੇ, ਸਿੰਘ

ਇ: ਪ: ੩੪.

Digitized by Panjab Digital Library | www.panjabdigilib.org

ਪੁੱਤ੍ਰ ਕੋ ਚਾਲੀਸ ਦਿਨ ਅੰਤਰ ਅੰਮ੍ਰਿਤ ਦੇਵੈ। ਪੁਨ: ਪਾਂਚ ਅਰੁ ਸਾਤ ਬਰਖ ਲੋ ਪੁੱਤ੍ਰ ਸਿੰਘ ਕਾ ਨ ਹੋਯ; ਤੌ ਜੇਤੇ ਬਰਖ ਕਾ ਹੋਯ, ਤਿਸ ਕੋ ਅੰਮ੍ਰਿਤ ਛਕਾਵੈ। ਅੱਸੀਹ ਬਰਖ ਲੌ ਲਿਖਾ ਹੈ। (ਪੰਨਾ ੫੨ ਤੋਂ ੬੯ ਤੱਕ)

# ਖਾਲਸੇ ਦੀ ਰਹਿਣੀ ਬਹਿਣੀ

ਹਰਿ ਕੌਮ ਤੇ ਧਰਮ (ਮਜ਼ਹਬ) ਦੀ ਰਹਿਣੀ-ਬਹਿਣੀ (ਸ਼ਰੱਾ=ਮ੍ਰਿਜਾਦਾ) ਹੀ, ਉਸਦਾ ਜੀਵਨ-ਆਧਾਰ ਹੁੰਦਾ ਇ। ਸ਼ਰੱਾ—ਸ਼ਰੀਯੱਤ ਦੀਆਂ ਖ਼ੂਬੀਆਂ ਹਰ ਕੌਮ, ਮਜ਼ਹਬ ਤੇ ਧਰਮ-ਧੜੇ ਦੀ ਭਲਾਈ, ਵਾਧੇ ਤੇ ਪ੍ਰਚਾਰ ਦਾ ਹੀਲਾ-ਵਸੀਲਾ ਹੋਇਆ ਕਰਦੀਆਂ ਹਨ। ਬਲ-ਛਲ ਨਾਲ ਕਿਸੇ ਮਜ਼ਹਬ ਵਿੱਚ ਸਿਰਾਂ ਦੀ ਗਿਣਤੀ ਵਧਾਈ ਤਾਂ ਜਾ ਸਕਦੀ ਹੈ; ਪਰ 'ਖ਼ੂਬੀਆਂ' ਦੀ 'ਅਣਹੋਂਦ', ਉਸ ਦੀ 'ਹੋਂਦ' ਵਿੱਚ ਦੇਰ-ਪਾਈ ਬਹਾਲ ਨਹੀਂ ਰਹਿਣ ਦੇਂਦੀ। ਇਸੇ ਸਚਾਈ ਨੂੰ ਮੁਖ ਰਖਦਿਆਂ ਸਿੱਖ-ਸਤਿਗੁਰੂਆਂ ਨੇ 'ਸੱਚ-ਧਰਮ' ਦੇ ਪ੍ਰਚਾਰ ਲਈ, ਬੇਦੀ ਤੇ ਕਤੇਬੀ ਧਰਮਾਂ ਦੇ ਪ੍ਰਚਾਰਕਾਂ ਵਾਲੇ ਬਲ (ਤਲਵਾਰ, ਹਕੂਮਤ ਤੇ ਧਨ ਆਦਿਕ ਦਾ ਲਾਲਚ) ਤੇ ਛਲ (ਨਰਕ, ਸੁਰਗ ਦਾ ਡਰ ਅਰੁ ਸੁਖ-ਸੁਭੀਤਾ) ਦੀ ਥਾਂ ਪ੍ਰੇਮ ਦਾ ਰਸਤਾ ਅਖਤਯ਼ਾਰ ਕੀਤਾ। ਸਤਿਗੁਰਾਂ ਦੀ ਸਰਲ-ਸੂਧੀ ਤੇ ਨਿਰਾਲੀ ਅਕਾਲੀ-ਬਾਣੀ ਵਿੱਚ, 'ਗ਼ਰੀਬੀ' (ਨਿੰਮ੍ਰਤਾ) ਸੇਵਾ ਤੇ 'ਸਰਬ ਜੀਅ ਦਇਆ' ਦਾ ਹੀ ਉਪਦੇਸ਼ ਭਰਪੂਰ ਹੈ। ਅਰੁ ਗੁਰਬਾਣੀ ਦਾ ਸਮੁੱਚਾ ਤੇ ਸੰਖੇਪ ਭਾਵ, ਇਨ੍ਹਾਂ ਸਿੱਧਾਤਾਂ ਉੱਤੇ ਨਿਰਭਰ ਹੈ, ਕਿ—

"ਘਾਲਿ ਖਾਇ ਕਿਛੁ ਹਥਹੁ ਦੇਹਿ।
ਨਾਨਕ ਰਾਹੁ ਪਛਾਣਹਿ ਸੇਇ !!"
(ਸਲੋਕ ਮ: ੧—ਸਾਰੰਗ-ਵਾਰ, ਪਉੜੀ ੨੨)

ਗਰੀਬੀ 'ਗਦਾ' ਹਮਾਰੀ।
'ਖੰਨਾ' ਸਗਲਿ ਰੇਨੁ-ਛਾਰੀ।"
(ਸੋਰਠਿ ਮ: ੫)

"ਮਨਿ 'ਸੰਤੋਖੁ' ਸਰਬ ਜੀਅ 'ਦਇਆ।'
ਇਨ ਬਿਧਿ ਬਰਤੁ ਸੰਪੂਰਨ ਭਇਆ।"
(ਗਉੜੀ ਥਿਤੀ ਮ: ੫ ੫੧੧)

---



Digitized by Panjab Digital Library | www.panjabdigilib.org

'ਰਾਜੁ' ਨ ਚਾਹਉ, 'ਮੁਕਤਿ' ਨ ਚਾਹਉ
ਮਨਿ 'ਪ੍ਰੀਤਿ' ਚਰਨ ਕਮਲਾਰੇ! ੧-੧੩।੨੯॥
(ਦੇਵ ਗੰਧਾਰੀ ਮ: ੫)

ਅਤੇ—"ਸਾਚ ਕਹੌਂ ਸੁਨਿ ਲੇਹੁ ਸਭੈ,
ਜਿਨਿ 'ਪ੍ਰੇਮ' ਕੀਓ, ਤਿਨ ਹੀ ਪ੍ਰਭੁ ਪਾਯੋ !" ਆਦਿ ॥
(ਸ੍ਵੈਯੇ ਪਾ: ੧੦)

ਸਤਿਗੁਰੂ ਨਾਨਕ ਦੇਵ ਨੇ ਚਹੁੰ ਚੱਕਾਂ ਵਿੱਚ ਪਰਚਾਰ ਕਰਦਿਆਂ ਜੋ ਰਹਿਤ-ਮ੍ਰਿਯਾਦਾ ਦ੍ਰਿੜ੍ਹਾਈ; ਤੇ ਭਾਈ ਲਹਿਣਾਂ ਜੀ ਨੂੰ ਆਪਣਾ ਪ੍ਰੇਮ-ਮਾਰਗ ਦਸਦਿਆਂ ਸੁਣਾਈ; ਉਹੋ ਸੀਨਾ ਬ-ਸੀਨਾ ਅਗਾਹਾਂ ਉਪਦੇਸ਼ ਹੁੰਦੀ ਚਲੀ ਆਈ । ਸ੍ਰੀ ਗੁਰੂ ਅਮਰਦਾਸ ਜੀ ਨੇ ਉਹੋ 'ਰਹਿਣੀ-ਬਹਿਣੀ', ਅਪਣੇ ਬਣਨ ਵਾਲੇ ਜਾ-ਨਸ਼ੀਨ ਭਾਈ ਰਾਮਦਾਸ ਜੀ ਨੂੰ ਸਿਖਾਈ । ਉਸ ਸਮੇਂ ਦੇ ਲਿਖਾਰੀਆਂ ਨੇ ਸਤਿਗੁਰਾਂ ਦੇ ਉਪਦੇਸ਼ ਨੂੰ, 'ਸਾਖੀ ਗੁਰੂ ਅਮਰਦਾਸ ਕੀ ਮਹਲਾ ੩' ਸਿਰਲੇਖ ਦੇਕੇ ਇਨ੍ਹਾਂ ਸਿੱਧ-ਪੱਧਰੇ ਸਬਦਾਂ ਵਿੱਚ ਲਿਖਿਆ ਹੈ:-

ਜੋ ਸਿਖੁ ਗੁਰੂ ਕਾ ਹੋਵੈ, ਤਿਸਕਾ ਉਪਦੇਸੁ ਮੰਨਣਾ ! ਪਰ-ਇਸਤਰੀ ਨਾਲਿ ਪ੍ਰੀਤਿ ਨਾਹੀ ਕਰਣੀ ! ਜੇ ਪਰਮੇਸਰ ਕੀ ਭਗਤਣੀ ਹੋਵੈਗੀ, ਤਾ ਭੀ ਤੋਟਾ ਹੈ, ਲਾਹਾ ਨਾਹੀਂ । ਮੇਲਾ ਸਬਦਿ ਕਾ ਕਰਣਾ ! ਜਿਥੈ ਗੁਰੂ ਵਿਸਰੈ ਤਿਥੈ ਮਿਲਣਾ ਨਾਹੀ ! ਗੁਰੂ ਕਾ ਆਖਣਾ ਹੈ !!

ਅੰਨ ਬਹੁਤੀ ਭੁਖੈ ਲਗੀ ਜੇਵਣਾ; ਭਰੇ ਤੇ ਭਰਣਾ ਨਾਹੀ ! ਅੰਨੁ ਛਡਣਾ ਭੀ ਨਾਹੀ ! ਸਵਣਾ ਤਾਂ, ਜਾਂ ਬਹੁਤੀ ਨੀਂਦ ਆਵੈ ! ਨੀਂਦ ਬਿਨਾਂ ਸਵਣਾ ਨਾਹੀ; ਗਫਲਾਈ ਹੈ ! ਦੇਹੀ ਕੰਉ ਬਹੁਤੁ ਦੁਖੁ ਭੀ ਨਾਹੀ ਦੇਵਣਾ ! ਅਕੈ ਬਾਣੀ ਗਾਵਣੀ, ਅਕੈ ਗੁਰੂ ਕੀਆਂ ਗੱਲਾਂ (ਜੀਵਨ ਚਰਿਤ੍ਰ) ਬੋਲਣੀਆਂ ! ਅਕੈ ਕਿਸੈ ਦਿਆਂ ਬੁਲਾਇਆਂ ਬੋਲਣਾ ! ਸਬਦੁ ਗਾਵਣਾ ! ਕੂੜੁ ਨਾਹੀ ਬੋਲਣਾ !!

ਜੋ ਏਨ੍ਹਾ ਗਲਾਂ ਨੋ ਮਨੈ ਨਾਲਿ ਰਖੈਗਾ, ਸੋ ਮਹਾਂ ਪੁਰਖੁ ਹੋਵੈਗਾ ! ਉਸ ਕਾ ਲੇਖਾ ਸਗਲਾ ਨਿਬੜੈਗਾ, ਓਸ ਕੀ ਕੁਲਿ ਕਾ ਉਧਾਰੁ ਹੋਵੈਗਾ ! ਉਸ ਕੇ ਸੰਗੀ ਸਗਲੇ ਤਰਹਿੰਗੇ ! ਸਤਿ ਕਰਿ ਮੰਨਣਾ ! ਗੁਰੂ ਕਾ ਆਖਣਾ ਹੈ !!

---

ਇ: ਪ: ੩੬.

Digitized by Panjab Digital Library | www.panjabdigilib.org

ਜੇ ਕੋਈ ਗੁਰੂ ਨਾਲਹੁੰ ਭੁਲਦਾ ਹੋਵੈ, ਤਾਂ ਸਮਝਾਵਣਾ; ਆਪਣੀਅਹੁ ਧਿਰਹੁ ਆਖਣਾਂ; ਜੇ ਮੰਨੇ ਨਾਹੀਂ, ਤਾਂ ਓਹੁ ਜਾਣੈ ! ਏਹੁ ਆਖਣਾ ਗੁਰੂ ਕਾ ਹੈ !!

ਜੇ ਕੋਈ ਸਿਖੁ ਉਦਾਸੀ ਹੋਵੈਗਾ, ਤਾਂ ਉਸ ਕਾ ਬੁਰਾ ਹੋਵੈਗਾ ! ਜੇ ਸਿੱਖ ਗ੍ਰਿਸਤ ਵਿਚਿ ਅਰਾਧੇਗਾ, ਪਰਮੇਸਰ ਸੁਖੀ ਰਖੈਗਾ ! ਧਰਮ ਕੀ ਕਿਰਤਿ ਕਰਣੀ ਦੇਵਣਹਾਰੁ ਗੁਰੂ ਬਾਬਾ ਹੈ। ਸਿਖਾਂ ਕੀ ਸੇਵਾ ਕਰਣੀ; ਅਪਣਾ ਆਪੁ ਕਿਛੁ ਨਾਹੀਂ ਜਣਾਵਣਾ ! ਦੋਵੈਂ ਸਿਰੇ ਗੁਰੂ ਨੋ ਸਉਪਣੇ, ਅਲਿਪਤੁ ਰਹਣਾ ! ਗੁਰੂ ਕਾ ਆਖਣਾ ਹੈ !! ੧

ਫਿਰ ਸ੍ਰੀ ਗੁਰੂ ਰਾਮਦਾਸ ਜੀ ਨੇ ਇਸੇ ਗਾਡੀ-ਰਾਹ (ਪ੍ਰੇਮ-ਪੰਥ) ਦਾ ਨਕਸ਼ਾ, ਇਸ ਗੁਰ-ਸ਼ਬਦ ਵਿੱਚ ਉਲੀਕਿਆ ਹੈ:—

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ।
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।
ਉਦਮੁ ਕਰੇ ਭਲਕੇ ਪ੍ਰਭਾਤੀ,
ਇਸਨਾਨੁ ਕਰੇ ਅੰਮ੍ਰਿਤਸਰਿ ਨ੍ਹਾਵੈ !
ਉਪਦੇਸਿ ਗੁਰੂ : 'ਹਰਿ ! ਹਰਿ !!' ਜਪੁ ਜਾਪੈ,
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ।
ਫਿਰਿ ਚੜੈ ਦਿਵਸੁ ਗੁਰ-ਬਾਣੀ ਗਾਵੈ,
ਬਹਿੰਦਿਆਂ ਉਠਦਿਆਂ ਹਰਿ ਨਾਮੁ ਧਿਆਵੈ।
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ,
ਸੋ ਗੁਰ-ਸਿੱਖੁ ਗੁਰੂ ਮਨ ਭਾਵੈ।
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿੱਖ ਕੀ,
ਜੋ ਆਪਿ ਜਪੈ, ਅਵਰਹ ਨਾਮੁ ਜਪਾਵੈ !! ੨

(ਗਉੜੀ ਵਾਰ—ਮ: ੪, ਪ: ੧੧)

ਗੁਰ-ਉਪਦੇਸ਼ ਦੇ ਇਸੇ ਬੀਜ-ਮੰਤ੍ਰ ਨੂੰ, ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਲੰਮੀ (ਬਾਰਾਂ ਵਰ੍ਹੇ ਦੀ) ਗੈਰ ਹਾਜ਼ਰੀ ਸਮੇਂ; ਸਰਕਾਰੀ ਤੌਰ ਪੁਰ ਗੁਰ-ਗੱਦੀ ਉੱਤੇ ਥਾਪੇ ਗਏ 'ਗੁਰੂ ਸਾਹਿਬ ਜੀ' (ਮੀਣੇ-ਗੁਰੂ ਪ੍ਰਿਥੀ ਚੰਦ) ਦਾ ਮੁਕਾਬਲਾ ਕਰਦਿਆਂ, ਭਾਈ ਗੁਰਦਾਸ ਜੀ ਨੇ ਗੁਰ ਸਿੱਖੀ ਦੇ ਮੁਤਲਾਸ਼ੀ ਪ੍ਰਾਣੀਆਂ ਨੂੰ ਉਪਦੇਸ਼ਿਆ ਹੈ। ਅਰੁ

---

ਇ: ਪ: ੩੨.

Digitized by Panjab Digital Library | www.panjabdigilib.org

ਓੜਕ ਗੁਰੂ-ਆਗਿਆ ਪਾਕੇ ਅਠੱਤੀਹ 'ਵਾਰਾਂ' ਦੇ ਰੂਪ ਵਿੱਚ ਸਦਾ ਲਈ ਅਮਰ ਕਰ ਦਿੱਤਾ ਹੈ ॥

'ਨਿਰੰਕਾਰੀ-ਧਰਮ' ਦੀ ਫੁਲਵਾੜੀ ਵਿੱਚ, ਦਸੇ ਗੁਰੂ-ਜੋਤਿ ਜਾਮੇ, ਇਨ੍ਹਾਂ ਹੀ ਤੌਰ-ਤਰੀਕਿਆਂ ਦੁਆਰਾ ਕਿਸ਼ਤਕਾਰੀ ਕਰਦੇ ਰਹੇ ਹਨ । ਲੇਕਿਨ ਆਖ਼ਰੀ ਕਾਮਲ-ਕਿਰਸਾਣ-ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ-ਨੇ ਜਦੋਂ ਸਤਿਗੁਰ ਨਾਨਕ ਦੀ ਇਸ ਪ੍ਰੇਮ-ਫੁਲਵਾੜੀ ਨੂੰ, ਵਾੜ ਰੂਪ ਪਰਚਾਰਕਾਂ (ਮਸੰਦਾਂ) ਹੱਥੋਂ ਹੀ ਉਜਾੜੀ ਜਾਂਦੀ ਵੇਖਿਆ; ਤਾਂ ਇਸ ਕੰਡਿਆਲੀ ਵਾੜ ਨੂੰ ਉਖਾੜ ਕੇ ਸਾੜ ਹੀ ਸੁਟਿਆ । ਅਰੁ ਉਸ ਦੇ ਥਾਂ 'ਖਾਲਸਾ' ਰੂਪ ਸਰਬ-ਲੋਹ ਦਾ ਪੱਕਾ ਜੰਗਲਾ ਉਦਾਲੇ ਵਲ਼ ਦਿੱਤਾ। ਸਰਬ-ਲੋਹ ਦੀਆਂ ਇਨ੍ਹਾਂ ਤਾਰਾਂ ਅੰਦਰ ਬੀਰ-ਰਸੀ ਬਿਜਲੀ ਦੀ ਲਹਿਰ (ਕਰੰਟ) ਜਾਰੀ ਕਰਕੇ, ਇਸ 'ਪ੍ਰੇਮ-ਫੁਲਵਾੜੀ' ਨੂੰ ਸਦਾ ਲਈ ਸੁਰੱਖਿਤ ਭੀ ਬਣਾ ਦਿਤਾ ਗਿਆ।

ਸੰਗਤਿ ਨੂੰ 'ਖਾਲਸਾ' ਦਾ ਰੂਪ ਦੇਕੇ, ਜਦੋਂ ਸਤਿਗੁਰਾਂ ਨੇ 'ਪੰਜ ਪਿਆਰੇ' ਚੁਣੇ, ਤੇ 'ਪੰਚ-ਪਰਧਾਨ' ਵਾਲੀ ਥਾਪਨਾ ਥਾਪੀ; ਤਦੋਂ ਇਹ ਅਲੌਕਕ ਸਮਾਗਮ ਵੇਖਣ ਵਾਸਤੇ, ਆਂਢ-ਗੁਆਂਢ ਤੋਂ ਆਏ ਰਾਜਿਆਂ-ਉਮਰਾਵਾਂ ਨੂੰ ਭੀ-ਕੱਚੇ-ਪਿੱਲੇ ਪਰਖਣ ਦੇ ਖਿਆਲ ਨਾਲ ਠਕੋਰਿਆ। ਉਨ੍ਹਾਂ ਦੇ ਕਈ ਖਾਸ ਉਜ਼ਰ-ਉਲਾਂਭੇ ਨਿਵਿਰਤ ਕਰਦਿਆਂ ਆਪ ਨੇ ਫਰਮਾਇਆ:-

ਸਰਾਵਗ ਸੁੱਧ[1], ਸਮੂੰਹ ਸਿਧਾਨ ਕੇ
ਦੇਖ ਫਿਰਜੋ ਘਰਿ ਜੋਗਿ, ਜਤੀ ਕੇ !
ਸੂਰ ਸੁਰਾਰਦਨ[2], ਸੁੱਧ ਸੁਧਾਦਿਕ[3]
ਸੰਤ ਸਮੂਹ ਅਨੇਕ ਮਤੀ ਕੇ !
ਸਾਰੇ ਹੀ ਦੇਸ ਕੋ ਦੇਖ ਰਹਜੋ ਮਤੁ,
ਕੋਊ ਨ ਦੇਖੀਅਤ ਪ੍ਰਾਨਪਤੀ[4] ਕੇ !
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂੰ ਤੇ,
ਏਕ ਰਤੀ ਬਿਨੁ ਏਕ ਰਤੀ ਕੇ ॥੧॥੨੧

---

੧ ਸੁੱਧ ਸਰੇਵੜੇ, ਪੱਕੇ ਜੈਨੀ। ੨-ਸੁਰਾਂ (ਦੇਵਤਿਆਂ) ਨੂੰ ਦਲਣ ਵਾਲੇ-ਦੈਂਤ ਸੂਰਮੇ । ੩-'ਸੁੱਧ' ਆਦਿਕ ਸਰੇਣੀਆਂ ਦੇ ਦੇਵਤੇ। ੪-ਪ੍ਰਾਣਾਂ ਦਾ ਪਤੀ-ਪਰਮੇਸ਼ਰ ।

---

ਇ: ਪ: ੩੮.

Digitized by Panjab Digital Library | www.panjabdigilib.org

ਕਹਾ ਭਯੋ, ਦੋਊ ਲੋਚਨ ਮੂੰਦ ਕੈ,
ਬੈਠ ਰਹਯੋ ਬਕ-ਧਯਾਨ[1] ਲਗਾਯੋ ।
ਨ੍ਹਾਤਿ ਫਿਰਯੋ ਲੀਏ ਸਾਤ ਸਮੁੰਦ੍ਰਨ,
ਲੋਕ ਗਯੋ ਪਰਲੋਕ ਗਵਾਯੋ !
ਬਾਸ ਕੀਓ ਬਿਖਯਾਨ[2] ਸੋਂ ਬੈਠ ਕੈ,
ਐਸੇ ਹੀ ਐਸ਼ ਸੋਂ ਬੈਸ ਬਿਤਾਯੋ !
ਸਾਚ ਕਹੌਂ, ਸੁਨਿ ਲੇਹੁ ਸਭੈ,
ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਯੋ ! ੯॥੨੯
ਕਾਹੂੰ ਲੈ 'ਪਾਹਨ[3]' ਪੂਜਿ ਧਰਯੋ ਸਿਰਿ,
ਕਾਹੂੰ ਲੈ 'ਲਿੰਗ[4]' ਗਰੇ ਲਟਕਾਯੋ ।
ਕਾਹੂੰ ਲਖਯੋ ਹਰਿ ਅਵਾਚੀ[5] ਦਿਸਾ ਮਹਿ,
ਕਾਹੂੰ ਪਛਾਂਹ ਕੋ ਸੀਸ ਨਿਵਾਯੋ !
ਕੋਊ ਬੁਤਾਨ ਕੋ ਪੂਜਤ ਹੈ ਪਸੁ,
ਕੋਊ ਮ੍ਰਿਤਾਨ ਕੋ ਪੂਜਨ ਧਾਯੋ !
ਕੂਰ ਕ੍ਰਿਯਾ ਉਰਝਯੋ ਸਭ ਹੀ ਜਗ,
ਸ੍ਰੀ ਭਗਵਾਨ ਕੋ ਭੇਦ ਨ ਪਾਯੋ ॥੧੦॥੩੦
(ਅਕਾਲ ਉਸਤਤਿ)

ਅਰਥਾਤ—ਅਸਾਂ (ਦਸ ਜਾਮੇ ਧਾਰ ਕੇ 'ਸੱਚ-ਧਰਮ' ਦੀ ਤਲਾਸ਼) ਪੱਕੇ ਜੈਨੀਆਂ, ਸਾਰੇ ਸਿੱਧ ਜੋਗੀਆਂ ਤੇ ਜਤੀਆਂ ਦੇ ਘਰਿ ਜਾਕੇ ਕੀਤੀ ਹੈ। ਸੂਰਮੇ ਦੈਤਾਂ, ਸੁੱਧ ਦੇਵਤਿਆਂ, ਅਰੁ ਸਾਰੇ ਦੇਸ ਵਿਚ ਸਭਨਾਂ ਮਤ-ਮਤਾਂਤ੍ਰਾਂ ਦੇ ਸਾਧੂ-ਫਕੀਰਾਂ ਨੂੰ ਪਰਖ ਵੇਖਿਆ ਹੈ। ਪਰ ਕਿਸੇ ਨੂੰ ਬੀ ਪਰਮੇਸ਼ਰ ਦੇ ਅਨੁਸਾਰੀ ਨਹੀਂ ਪਾਇਆ । ਚੂੰਕਿ ਪਰਮੇਸ਼ਰ ਦੇ ਪਿਆਰ ਤੇ ਮਿਹਰ ਦੀ ਇਕ ਰੱਤੀ ਭੀ ਉਨ੍ਹਾਂ ਵਿੱਚ ਮੌਜੂਦ ਨਹੀਂ; ਇਸ ਲਈ ਸਚਾਈ ਦੇ ਬਾਜ਼ਾਰ ਵਿੱਚ ਉਨ੍ਹਾਂ ਦੀ ਰੱਤੀ ਭਰ ਕਦਰੁ-ਕੀਮਤ ਨਹੀਂ ਪੈ ਸਕਦੀ। ੧ ॥

---

੧-ਬਗਲੇ ਵਰਗਾ ਧਿਆਨ, ਪਾਖੰਡ । ੨—ਵਿਸ਼ੇ-ਭੋਗ । ੩—ਪੱਥਰ, ਸਾਲਗਰਾਮ । ੪—ਸ਼ਿਵਜੀ ਦੇ ਮੂਤ੍ਰੰਗ ਵਰਗਾ ਪੱਥਰ—ਸ਼ਿਵਲਿੰਗ; ਜੋ ਸ਼ਿਵਾਲਿਆਂ ਵਿੱਚ ਗੱਡ ਕੇ ਪੂਜਿਆ ਜਾਂਦਾ ਹੈ।
੫—ਦੱਖਣ (ਦਿਸ਼ਾ)।

---



Digitized by Panjab Digital Library | www.panjabdigilib.org

ਕੀ ਹੋਇਆ, ਜੇ ਕੋਈ ਅੱਖੀਂ ਮੀਟਕੇ ਬਗਲੇ ਵਾਂਙੂ ਧਿਆਨ ਲਾਈ (ਪਖੰਡ ਖਿਲਾਰੀ ਬੈਠਾ ਇ) ਯਾ ਸੱਤਾਂ ਸਮੁੰਦਰਾਂ ਤੱਕ (ਮੰਨੇ ਗਏ ਅਠਾਹਠ ਤੀਰਥਾਂ ਪੁਰ) ਨ੍ਹਾਉਂਦਾ ਫਿਰਦਾ ਇ ? ਉਸਨੇ ਇਸ ਲੋਕ ਦੇ ਸੁਖ ਤਾਂ (ਸਫਰ ਕਰਦਿਆਂ ਯਾ ਜੋਗ ਸਾਧਨਾਂ ਸਾਧਦਿਆਂ) ਗਵਾ ਲਏ; ਤੇ ਪਰਲੋਕ ਦੇ ਖਿਆਲੀ-ਸੁਖ ਭੀ (ਪ੍ਰਭੂ ਨਾਲ ਸੱਚਾ–ਸੁੱਚਾ ਪ੍ਰੇਮ ਨ ਕਰਨ ਕਰਕੇ) ਵੰਞਾਈਂ ਜਾ ਰਿਹਾ ਹੈ। ਇਉਂ ਇਹ ਨਿਵਿਰਤੀ ਮਾਰਗ ਉਨ੍ਹਾਂ ਦਾ ਫਜ਼ੂਲ ਹੈ। ਦੂਜੇ ਬੰਨੇ (ਪਰਵਿਰਤੀ ਮਾਰਗ ਧਾਰਨ ਵਾਲੇ) ਘਰਿਸਤੀਆਂ ਵਿਸ਼ੇ ਭੋਗਾਂ ਵਿੱਚ ਪੈਕੇ; ਸਾਰੀ ਉਮਰ ਇਸੇ ਤਰਾਂ ਦੇ ਐਸ਼–ਇਸ਼ਰਤ (ਭੋਗ-ਵਿਲਾਸ) ਵਿਚ ਗਵਾ ਦਿੱਤੀ। ਇਨ੍ਹਾਂ ਵਿੱਚੋਂ ਕਿਸੇ ਨੇ ਤਾਂ 'ਸਾਲਗਰਾਮ' ਨੂੰ ਪੂਜ ਕੇ ਸਿਰ ਤੇ ਧਰ ਲਿਆ; ਕਿਸੇ ਨੇ 'ਸ਼ਿਵਲਿੰਗ' ਲੈਕੇ ਗਲ੍ਹ ਪਾ ਲਿਆ। ਕਿਸੇ ਨੇ 'ਹਰੀ' (ਪਰਮਾਤਮਾ) ਨੂੰ ਦੱਖਣ ਪਾਸੇ (ਦੁਆਰਕਾ ਆਦਿ) ਵਸਦਾ ਸਮਝਕੇ ਮਥਾ ਟੇਕਣਾ ਠੀਕ ਮੰਨ ਲਿਆ; ਅਰੁ ਕਿਸੇ ਨੇ ਪਿਛਲੇ (ਕੱਬੇ) ਵਲਿ ਸਿਜਦਾ ਕਰ ਦਿਤਾ। ਕੋਈ ਪਸੂ (ਮੂਰਖ) ਮੂਰਤੀਆਂ ਪਿਆ ਪੂਜਦਾ ਇ; ਤੇ ਕੋਈ ਕਬਰਾਂ-ਮੜ੍ਹੀਆਂ (ਸਮਾਧਾਂ) ਦੀ ਮੁੱਠੀ ਚਾਪੀ ਕਰਨ ਭੱਜਾ ਜਾਂਦਾ ਹੈ। ਐਉਂ ਸਾਰਾ ਜੱਗ ਕੂੜੇ ਕਰਮਾਂ ਵਿਚ ਉਲਝਿਆ ਪਿਆ ਹੈ। ਕਿਸੇ ਨੇ ਭੀ ਅਕਾਲ ਪੁਰਖ ਵਾਹਗੁਰੂ ਦੀ ਹਕੀਕਤ ਨੂੰ ਨਹੀਂ ਸਮਝਿਆ। ਅਸੀਂ ਨਗਾਰੇ ਦੀ ਚੋਟ ਨਾਲ ਐਲਾਨ ਕਰਦੇ ਹਾਂ; ਸਾਰੇ ਜਣੇ ਕੰਨ ਖੋਲ੍ਹਕੇ ਸੁਣ ਲਓ ! :–

"ਜਿਨ੍ਹਾਂ ਨੇ ਪ੍ਰਭੂ ਨਾਲ ਸੱਚੀ ਸੁੱਚੀ ਪ੍ਰੀਤਿ ਲਾਈ ਹੈ, ਉਸੇ ਨੇ ਉਸ ਨੂੰ ਪ੍ਰਾਪਤਿ ਕੀਤਾ ਹੈ।" ਇਹੋ ਵਜਹ ਹੈ, ਕਿ ਅਸਾਂ 'ਸਚ ਧਰਮ' ਨੂੰ ਸਾਰੇ ਧਰਮਾਂ ਨਾਲੋਂ ਨਿਆਰਾ ਤੇ ਨਿਰੋਲ ਰੱਖਣ ਲਈ, ਇਹ ਨਵਾਂ 'ਨਿਰਮਲ ਪੰਥ' ਪ੍ਰਗਟ ਕੀਤਾ ਹੈ। ਅਰੁ ਅਪਣੇ ਸਿੱਖਾਂ ਨੂੰ ਹੁਕਮ ਦਿੱਤਾ ਹੈ:–

ਸ੍ਵੈਯਾ

ਜਾਗਤਿ ਜੋਤਿ ਜਪੈ ਨਿਸ ਬਾਸੁਰ,
ਏਕ ਬਿਨਾਂ ਮਨਿ ਨੈਕ ਨ ਆਨੈ !
ਪੂਰਨ ਪ੍ਰੇਮ ਪ੍ਰਤੀਤਿ ਸਜੈ,
ਬ੍ਰਤ, ਗੋਰ, ਮੜ੍ਹੀ, ਮਠ ਭੂਲਿ ਨ ਮਾਨੈ !

---

ਇ: ਪ: ੪੦.

Digitized by Panjab Digital Library | www.panjabdigilib.org

ਤੀਰਥੁ, ਦਾਨੁ, ਦਇਆ, ਤਪੁ, ਸੰਜਮੁ
ਏਕ ਬਿਨਾਂ ਨਹਿ ਏਕ ਪਛਾਨੈ !
ਪੂਰਨ ਜੋਤਿ ਜਗੈ ਘਟ ਮੈ
ਤਬ ਖਾਲਸ ਤਾਹਿ ਨਖਾਲਸ ਜਾਨੈ !!
(ਬਚਿਤ੍ਰ ਨਾਟਕ ਗ੍ਰੰਥ-ਅਸਫੋਟਕ ਕਬਿੱਤ)

ਰਾਗ ਰਾਮਕਲੀ ਪਾ: ੧੦
ਪ੍ਰਾਨੀ ! ਪਰਮ ਪੁਰਖ ਪਗਿ ਲਾਗੋ !
ਸੋਵਤ ਕਹਾ ਮੋਹ-ਨਿੰਦ੍ਰਾ ਮੈ, ਕਬਹੂੰ ਸੁਚਿਤ ਹ੍ਵੈ ਜਾਗੋ ॥ ੧ ।ਰਹਾਉ।
ਅਉਰਨ ਕਹਾ ਉਪਦੇਸਤ ਹੈ ਪਸੁ ! ਤੋਹਿ ਪ੍ਰਬੋਧ ਨ ਲਾਗੋ !
ਸਿੰਚਤ ਕਹਾ ਪਰੇ ਬਿਖਜਨ ਕਹੁ, ਕਬਹੂੰ ਬਿਖੈ ਰਸ ਤਜਾਗੋ !! ੧
ਕੇਵਲ ਕਰਮ, ਭਰਮ ਸੇ ਚੀਨਹੁ, ਧਰਮ-ਕਰਮਿ ਅਨੁਰਾਗੋ !
ਸੰਗ੍ਰਹ ਕਰੋ ਸਦਾ ਸਿਮ੍ਰਨ ਕੋ, ਪਰਮ ਪਾਪ ਤਜਿ ਭਾਗੋ !! ੨
ਜਾ ਤੇ ਦੂਖ ਪਾਪ ਨਹਿ ਭੇਟੈ, ਕਾਲ-ਜਾਲ ਤੇ ਤਾਗੋ !
ਜੌ ਸੁਖ ਚਾਹੋ ਸਦਾ ਸਭਨ ਕੋ, ਤੌ ਹਰਿ ਕੇ ਰਸਿ ਪਾਗੋ ॥੩॥੩
('ਬਿਚਿੱਤ੍ਰ ਨਾਟਕ ਗ੍ਰੰਥ'- ਅੰਤਿਕਾ)

ਖੰਡੇ ਦਾ ਅੰਮ੍ਰਿਤ ਛਕਾਉਣ ਸਮੇਂ ਦਸਵੇਂ ਗੁਰੂ ਨਾਨਕ ਨੇ ਅਪਣੇ 'ਨਿਰਮਲ ਪੰਥ' ਨੂੰ, ਹੋਰਨਾਂ ਮਤ-ਮਤਾਂਤਰਾਂ ਵਿਚ ਵੱਧ ਰਹੀ ਮੈਲਿ-ਮ੍ਰਿਯਾਦਾ ਤੋਂ ਬਚਾਈ ਰੱਖਣ ਵਾਸਤੇ, ਜੋ ਹੋਰ ਪੱਕੀਆਂ ਪਾਬੰਦੀਆਂ ਲਾਈਆਂ; ਉਨ੍ਹਾਂ ਦਾ ਜ਼ਿਕਰ—

(੧) ਪਹਿਲ-ਪਿਰਥਮੇ ਸਤਿਗੁਰਾਂ ਦੇ ਦਰਬਾਰੀ ਲਿਖਾਰੀ— ਕਵਿ ਸੈਨਾਪਤਿ, 'ਖਾਲਸਾ' ਨੇ ਇਸ ਤਰਾਂ ਕੀਤਾ ਹੈ: -

ਚੌਪਈ
ਗੁਰ ਸਿੱਖਨ ਕੋ ਬਚਨ ਸੁਨਾਯੋ ।
ਜੋ ਸਿੱਖਨ ਜਗ ਮੈ ਪ੍ਰਗਟਾਯੋ ।੧੮।੧੩੪: -
"ਸਿਰ ਗੁੰਮਨ ਕੇ ਮੁਖ ਨਹੀਂ ਲਾਗੋ !
ਪਾਂਚਨ ਕੋ ਸਭ ਸੰਗ ਤਯਾਗੋ !
ਮਰਨਿ ਪਰਨਿ ਤਿਨ ਕੇ ਕਛੁ ਹੋਵੈ;
ਤਹਾਂ ਸਿੱਖ ਨਹੀਂ ਜਾਇ ਖਲੋਵੈ !੧੯।੧੩੫
... ... ...

---

ਇ: ਪ: ੪੧.

Digitized by Panjab Digital Library | www.panjabdigilib.org

ਹੁੱਕਾ ਤਿਆਗੈ, ਹਰਿ ਗੁਨ ਗਾਵੈ !
*ਇੱਛਾ ਭੋਜਨ ਹਰ ਰਸ ਪਾਵੈ !
ਭਦਨ ਤਿਆਗ ਕਰੋ ਰੇ ਭਾਈ !"
ਤਬ ਸਿੱਖਨ ਯਹ ਬਾਤ ਸੁਨਾਈ:—੨੧।੧੩੭
"ਮਾਤ ਪਿਤਾ ਮਰੇ ਜੇ ਕੋਈ;
ਤਉ ਭੀ"-ਕਹਤ—"ਨ ਭੱਦਨ ਹੋਈ ?"

ਸਤਿਗੁਰਾਂ ਨੇ ਉੱਤਰ ਦਿੱਤਾ-

"ਮਾਤ ਪਿਤਾ ਗੋਬਿੰਦ ਹਮਾਰਾ !
ਏ ਸੰਸਾਰੀ ਝੂਠ ਪਸਾਰਾ !੨੨।੧੩੮
ਤਾ ਪਰ ਭੱਦਨ ਮੂਲ ਨ ਕੀਜੈ !
ਯਹ ਉਪਦੇਸ਼ ਸੱਤਿ ਕਰ ਲੀਜੈ !
ਭੱਦਨ ਭਰਮ-ਧਰਮ ਕਿਛੁ ਨਾਹੀਂ !
ਨਿਸਚੈ ਜਾਨ ਸੰਤ ਮਨ ਮਾਹੀਂ !!੨੩।੧੩੯

... ... ...

ਮੰਨਤ, ਗੋਲਕ ਅਰੁ ਦਸਵੰਧ !
ਘਰ ਮੈ ਰਾਖੋ; ਤਜੋ ਮਸੰਦ !
ਭੇਟ-ਕਾਰ ਸਤਿਗੁਰ ਕੀ ਹੋਇ;
ਜਾਇ ਹਜ਼ੂਰ ਚੜ੍ਹਾਵੈ ਸੋਇ !!੨੫।੧੪੧
(ਸ੍ਰੀ ਗੁਰ-ਸੋਭਾ, ਪੰਚਮੋ ਧਿਆਉ)

(੨) ਸਾਹਿਬਾਂ ਦੇ ਦਰਬਾਰੀ ਦੀਵਾਨ ਧਰਮ ਚੰਦ ਦਾ ਪੋਤ੍ਰਾ ਤੇ ਮਾਤਾ ਸਾਹਿਬਾਂ ਵਲੋਂ ਸ੍ਰੀ ਦਰਬਾਰ ਸਾਹਿਬ-ਅੰਮ੍ਰਿਤਸਰ ਦੇ ਨੀਯਤ ਕੀਤੇ ਪਹਿਲੇ ਦਾਰੋਗੇ—ਭਾਈ ਗੁਰਬਖ਼ਸ਼ ਸਿੰਘ 'ਛਿੱਬਰ'-ਦਾ ਪੁੱਤ੍ਰ ਭਾਈ ਕੇਸਰ ਸਿੰਘ 'ਛਿੱਬਰ' ਕਹਿੰਦਾ ਇ:—

ਰਹਿਤ ਗੁਰੂ ਕੀ ਦਿੱਤੀ ਸਮਝਾਇ:-
ਸਿਖ ਗੁਰੂ ਕਾ ਮੰਦੇ ਕਰਮ ਨਹੀਂ ਕਮਾਇ ! ੩੨੩
ਨਾਈ ਦਾ ਹਥੁ ਸੀਸ ਚਿਹਰੇ ਨ ਲਗਣਾ ਪਾਵੈ !
ਕੇਸਾਧਾਰੀ ਸਿੱਖ 'ਗੁਰੂ ਕਾ ਪੰਥ' ਕਹਾਵੈ !...੩੨੨

---

*ਹੁੱਕਾ (ਤਮਾਕੂ) ਵਰਤਣਾ ਛੱਡਕੇ, ਹੋਰ ਹਰ ਪ੍ਰਕਾਰ ਦੇ ਰਸਮਈ ਪਦਾਰਥ, ਅਪਣੀ ਰੁਚੀ ਅਨੁਸਾਰ ਛਕੇ ।

---



Digitized by Panjab Digital Library | www.panjabdigilib.org

ਗਨਿਕਾ ਦਾ ਸੰਗ ਨ ਕਰੇ! ਸੰਗ ਕੀਤੇ ਤਤਾ[1] ਹੋਵੈ!
ਬੀਰਜ ਪਵੇ ਕੁਥਾਇੰ; ਤਤੀ[2] ਤਤਾ[1] ਉਪਜ ਖੜੋਵੈ!
ਬੀਰਜ ਹੋਵੈ ਸਿੱਖ ਦਾ; ਘਰ ਤਤਿਆਂ ਕਰੇ ਨਿਵਾਸ।
ਸਿਖ ਹੋਵੈ ਗੁਰੂ ਦਾ, ਅੰਗ ਨ ਲਏ ਤਤੀ[2] ਦਾ ਮਾਸ!! ੩੨੪

ਸ਼ਰਾਬ, ਤਮਾਕੂ, ਜੂਆ, ਚੋਰੀ, ਯਾਰੀ;
ਇਨ ਸੋਂ ਹੇਤ ਨ ਕਰੈ!
ਕੁਸੰਗਤਿ ਮੰਦੀ ਸਭ ਪਰਹਰੈ!
ਸਬਦ-ਬਾਣੀ ਸੋਂ ਪ੍ਰੀਤਿ, ਸਤਿਸੰਗਤਿ ਵਿਚ ਜਾਵੈ!
ਨਿਜ ਨਾਰੀ ਸੋਂ ਪ੍ਰੀਤਿ ਲਗਾਵੈ।*
ਨਾਮ, ਦਾਨ, ਇਸਨਾਨ; ਧਰਮ ਦੀ ਕ੍ਰਿਤ ਕਮਾਵੈ!। ੩੨੫
ਸਿੱਖ, ਸਿੱਖ ਸੋਂ ਪ੍ਰੀਤਿ; ਦੁਸਟ ਸੋਂ ਨੇਹੁ ਨ ਲਾਵੈ!
ਕ੍ਰਿਪਨ ਹੋਇ ਨ ਦੱਬੈ; ਜਥਾ ਜਥਾ ਵੰਡਿ ਖਾਵੈ!
ਅਪਨਾ ਧਰਮ ਨ ਤਜੈ; ਨ ਬਿਰਾਨਾ ਲੇਵੈ!
ਪ੍ਰਤੀਤਿ ਰਖੈ ਨਿਜ ਗੁਰੂ ਪਰ; ਸਿਖ-ਸਾਧ ਸੰਤ ਨੂ ਸੇਵੈ! ੩੨੬

(੩) ਭਾਈ ਸੁੱਖਾ ਸਿੰਘ ਜੀ ਗ੍ਰੰਥੀ-ਕੇਸਗੜ੍ਹ ਸਾਹਿਬ ਨੇ, ਕਵਿ ਸੈਨਾਪਤਿ ਦੇ ਕਥਨ ਨੂੰ ਰਤਾ ਹੋਰ ਖੋਲ੍ਹਕੇ ਐਉਂ ਵਰਣਨ ਕੀਤਾ ਹੈ:–

"ਪਾਂਚਨ ਸੋਂ"–ਕਹਿ:-"ਮੇਲ ਨ ਕਰੀਯੈ!
ਨਾਮ ਦਾਨ ਨਿਸ ਦਿਨ ਉਰਿ ਧਰੀਯੈਂ!

---

੧–'ਤੁਰਕ' ਦਾ ਪਹਿਲਾ ਅੱਖਰ, ਇਸ਼ਾਰੇ ਮਾਤ੍ਰ ਵਰਤਿਆ ਹੈ
੨–ਤੁਰਕਣੀ, ਮਲੇਛਣੀ।

*ਇਸ ਸੰਬੰਧ ਵਿਚ, ਸਤਿਗੁਰਾਂ ਨੇ ਖ਼ੁਦ ਭੀ ਨੂਪ ਕੌਰ ਦਾ 'ਚਰਿਤ੍ਰ' ਬਿਆਨ ਕਰਦਿਆਂ ਲਿਖਿਆ ਇ:–

ਅੜਿਲ

ਸੁਧਿ ਜਬ ਤੇ ਹਮ ਧਰੀ, ਬਚਨ ਗੁਰ ਦਏ ਹਮਾਰੇ!
"ਪੂਤ! ਇਹੈ ਪ੍ਰਣਿ ਤੋਹਿ; ਪ੍ਰਾਨ ਜਬ ਲਗ ਘਟਿ ਥਾਰੇ!
ਨਿਜ-ਨਾਰੀ ਕੇ ਸਾਥ ਨੇਹੁੰ ਤੁਮ ਨਿੱਤ ਬਢੈਯਹੁ!
ਪਰ-ਨਾਰੀ ਕੀ ਸੇਜਿ, ਭੂਲਿ ਸੁਪਨੇ ਹੂੰ ਨ ਜੈਯਹੁ!!" ੫੧

(ਪੋਥੀ 'ਚਰਿਤ੍ਰੋ ਪਾਖਯਾਨ'–੨੧ ਵਾਂ ਚਰਿਤ੍ਰ)

---

ਇ: ਪ: ੪੩.

Digitized by Panjab Digital Library | www.panjabdigilib.org

ਮੀਨਾ ਔਰ ਮਸੰਦੀਆ ਜਾਨ ।
ਧੀਰਮਲਿ ਰਮਰਯਾ ਜੁ ਆਨ । ੪੮
*ਪਾਂਚਮ ਕੋ ਜਾਨਤ ਤੁਮ ਭ੍ਰਾਤ !
ਛਪੀ ਨਹੀਂ ਕਛੁ ਯਾ ਮੈ ਬਾਤ !
ਇਨ ਸੋਂ ਮੇਲ ਨ ਕਰੀਐ ਭਾਈ !"
ਕਰੁਣਾ ਨਿਧਿ ਇਹ ਬਿਧਿ ਫਰਮਾਈ:—੪੯
"ਮੋਰ ਬਚਨ ਸੋਂ ਕਰਹੁ ਪਜਾਰਾ !
'ਖੜਗਕੇਤੁ' ਹੈ ਰੱਛਕ ਥਾਰਾ !
ਝੂਠੇ ਸਰਬ ਉਪਾਵ ਤਿਆਗਹੁ !
ਸ੍ਰੀ ਅਸਿਧੁਜ ਕੀ ਚਰਨੀ ਲਾਗਹੁ !! ੫੦
†ਪੋਥੀ-ਗ੍ਰੰਥ ਮਹਲ ਦਸ ਬਾਨੀ !
ਸੋਧ ਲਹੋ ਪਦ ਜੋ ਨਿਰਬਾਨੀ !
ਸ਼ਸਤ੍ਰ ਅਸਤ੍ਰ ਸਿਮਰਹੁ ਬਰਬੁੱਧਾ !
ਖਲ-ਦਲ ਸਾਥ ਕਰਹੁ ਨਿਤ ਜੁੱਧਾ !! ੫੧
ਰਾਜ-ਜੋਗ ਤੁਮ ਕਹ ਮੈ ਦੀਨਾ !
ਪਰਮ ਜੋਤਿ ਸੰਗ ਪਰਚੋ ਕੀਨਾ !
ਸੰਤ ਸਮੂਹਨ ਕੋ ਸੁਖ ਦੀਜੈ !
ਅਚਲ ਰਾਜ ਧਰਨੀ ਮਹਿ ਕੀਜੈ ॥ ੫੨
'ਖਾਲਸ' ਕੀ ਚਰਨੀ ਸਭ ਲਾਗੋ !
ਪਰਮਜੋਤਿ ਕੇ ਰਸ ਮਹਿ ਪਾਗੋ !
ਖੜਗ-ਗੋਦਿ ਤੁਮ ਕਹ ਮੈ ਪਾਯੋ !
ਭਿੰਨ ਭਿੰਨ ਕਰ ਪੰਥ ਬਤਾਯੋ ॥ ੫੩

---

*ਪੰਜਵੇਂ (ਸਿਰਗੁੰਮ) ਨੂੰ ਤੁਸੀਂ ਸਾਰੇ ਭਾਈ ਜਾਣਦੇ ਹੀ ਓ ! ਅਰਥਾਤ—ਕੇਸਾਂ ਦੀ ਬੇਅਦਬੀ ਕਰਨ ਵਾਲਾ । †ਦਸਾਂ ਪਾਤਿਸ਼ਾਹਾਂ ਤੱਕ ਜੋ ਬਾਣੀ ਰਚੀ ਗਈ ਹੈ; ਉਸ ਦਾ ਪਾਠ 'ਪੋਥੀ—ਗ੍ਰੰਥ ਸਾਹਿਬ' ਵਿੱਚੋਂ ਕਰਕੇ ਜਨਮ-ਮਰਨ ਰਹਿਤ ਪਦਵੀ ਨੂੰ ਸਮਝਣਾ ! ਲੇਕਿਨ ਇਸ (ਪ੍ਰੇਮ ਸੁਮਾਰਗ) ਗ੍ਰੰਥ ਵਿੱਚ ਹੁਕਮ ਹੈ : "ਪੋਥੀ ਗਿਰੰਥ ਪਾਤਿਸ਼ਾਹੀ ਪਹਿਲੀ ਤੇ ਲੈਕੇ, ਅਰੁ ਪਾਤਿਸ਼ਾਹੀ ਨਾਵੀਂ ਤੀਕ ਜੋ ਬਾਣੀ ਹੈ (ਯਾਂਨੀ ਆਦਿ ਗ੍ਰੰਥ ਸਾਹਿਬ) ਸੋ ਪੜ੍ਹੈ !" (ਪੰਨਾ ੬, ਸਤਰ ੩)

---



Digitized by Panjab Digital Library | www.panjabdigilib.org

ਦੇਗ ਤੇਗ ਹ੍ਵੈ ਜੀਤ ਤਿਹਾਰੀ !
ਅਸਿਧੁਜ-ਰਹਤ ਲੇਹੁ ਉਰਿ ਧਾਰੀ ।
ਮਹਾਂਕਾਲ ਕਾ ਕਰਜੋ ਧਜਾਨਾ ।
ਘਟ ਮਹਿ ਨਿਰਖੋ ਹਰਿ ਭਗਵਾਨਾ ॥ ੫੪
[1]ਤੁਰਕ ਮਲੇਛਨ ਸੋ ਨਹੀਂ ਮਿਲਨਾ !
ਲੈ ਹਥੀਆਰ ਸਾਮੁਹੇ ਪਿਲਨਾ !"
ਇਹ ਬਿਧਿ ਕੈ ਤਿਨ ਸੋਂ ਕਰਤਾਰਾ ।
ਬਰਨੀ ਅਨਿਕ 'ਰਹਤ' ਬਿਸਥਾਰਾ:—੫੫

"ਸੇਵਾ ਭਾਉ-ਭਗਤਿ ਉਰਿ ਧਾਰੋ !
ਦੁਸਟ ਬਿਦਾਰ ਸੰਤ ਨਿਸਤਾਰੋ !
ਖੜਗਪਾਨ ਬਿਨੁ ਅਵਰੁ ਨ ਮਾਨਹੁ !
'ਸਤਿਨਾਮੁ' ਮੰਤ੍ਰ ਮੁਖ ਠਾਨਹੁ !! ੧੦੭
[2]ਬਿਖੀਆ ਕਿਰਿਆ, ਭੱਦਨ ਤਜਾਗਹੁ
ਜਟਾਜੂਟ ਰਹਬੋ ਅਨੁਰਾਗਹੁ !
ਸਬਦ ਬਿਨ ਅਨ ਜਾ ਨਹੀਂ ਮੇਲਾ !
ਨਿਸ ਦਿਨ ਸਾਧ ਸੰਗਤਿ ਸੋਂ ਕੇਲਾ !!" ੧੦੯

ਇਹ ਬਿਧਿ ਬਚਨ ਅਨੇਕ ਬਖਾਨੇ !
ਜੋ ਕਬਿ ਪੈ ਨਹੀਂ ਜਾਹਿੰ ਪ੍ਰਮਾਨੇ ।
ਪੁਨਿ ਪ੍ਰਭ ਜੂ ਅਰਦਾਸ ਕਰਾਇ ।
ਬੈਠੇ ਸਾਚ ਸਿੰਘਾਸਨ ਆਇ ॥ ੧੧੦

ਖਾਸ ਸਿੱਖ ਜੋ ਜੋ ਬਡਭਾਗੀ ।
ਸੁਨਿ ਬਚ ਭਏ ਪੰਥ-ਅਨੁਰਾਗੀ ।
ਬਚਨ ਅਮੋਲ ਜਿਨਕਰ ਲਾਗੇ;
ਸ੍ਰੀ ਮੁਖ ਸੁਨਤੇ ਵਹ ਅਨੁਰਾਗੇ ॥ ੧੨੯

ਕੱਛ, ਕੇਸ ਔ ਰਹਿਤ ਜੁ ਸਾਰੀ ।
ਸੋ ਲੈ ਮੱਧ ਆਤਿਮੈ ਧਾਰੀ ।

---

੧—ਮੈਲੀ ਇੱਛਾ ਵਾਲੇ ਮੁਸਲਮਾਨਾਂ ਨਾਲ ਨਹੀਂ ਮਿਲਣਾ !
੨—ਤਮਾਕੂ ਦਾ ਧੂੰ ਸੜ੍ਹਾਕਣਾ ।

---

ਇ: ੫: ੪੫.

Digitized by Panjab Digital Library | www.panjabdigilib.org

ਖੜਗਕੇਤੁ ਕੋ ਧਰਬੋ ਧਿਆਨਾ ।
ਜਿਹ ਬਿਧਿ ਕਹਯੋ ਨਾਥ ਭਗਵਾਨਾ ॥ ੧੨੯

ਸੂਦ ਬੈਸ ਖਤ੍ਰੀ ਦਿਜ[1] ਜਾਨਹੁ ।
ਏਕ ਠਵਰ ਕਰ ਭੋਜਨ ਠਾਨਹੁ !
ਬੇਦ, ਲੋਕ-ਮਤ ਸਰਬ ਤਯਾਗੀ ।
ਸ੍ਰੀ ਅਸਿਧੁਜ ਕੋ ਭਯੋ ਅਨੁਰਾਗੀ । ੧੩੩

ਹਿੰਦੂ ਤੁਰਕ ਸਗਲ ਮਤ ਤਜਾਗੇ ।
ਏਕ 'ਖਾਲਸਾ' ਰਸੁ ਅਨੁਰਾਗੇ ।
ਬਿੱਖਜਾ, ਭੱਦਨ, ਸ੍ਰਾਧ, ਜਠੇਰੇ ।
ਇਨੈ ਤਜਾਗ ਖਗਕੇਤੁ ਸੁ ਹੇਰੇ ॥ ੧੩੮

ਜਹਾਂ ਜਹਾਂ ਸੰਗਤਿ ਗੁਰ-ਪਜਾਰੀ ।
ਭਈ 'ਖਾਲਸਾ' ਸਰਬ ਸੁ ਸਾਰੀ ।
ਲਿਖ ਲਿਖ ਦੀਨੇ ਹੁਕਮ ਪਠਾਈ:—
"ਮਾਨੈ ਬਚਨ ਸੋਈ ਜਿਨ ਜਾਈ !" ੧੪੦

ਜਿਨ ਨਹੀਂ ਮਾਨਜੋ, ਰਾਰ ਬਢਾਈ ।
ਤਿਨ ਪ੍ਰਤਿ ਸ੍ਰੀ ਮੁਖ ਯੌਂ ਫੁਰਮਾਈ:—
"ਅਬ ਨਹੀਂ ਮਾਨਹੁਗੇ ਸੁਨ ਭਾਈ !
ਪੁਨਿ ਮਨ ਹੋ ਪਾਛੇ ਪਛੁਤਾਈ ! ੧੪੧

ਦੋਹਰਾ

ਤੁਮ ਅਬ ਹਮਰੇ ਬਚਨ ਬਰ, ਮਾਨਤ ਨਹੀਂ ਮਨ ਮਾਹਿ !
ਤੁਮੈ ਸਿੱਖ ਮੁਰ ਜਗਤ ਮੈ, ਕੋ ਮਾਨੈਗੋ ਨਾਹਿ ! ੧੪੨

ਚੌਪਈ

ਅਧਿਕ ਦੁਖੀ ਹ੍ਵੈ ਹੋ ਤੁਮ ਜਬੈ !
ਜੈ ਹੋ ਸਰਨਿ 'ਖਾਲਸੇ' ਤਬੈ !
ਤੁਮ ਕਹ ਤੋਰ ਤਾਰਿ ਅਧਿਕਾਈ !
ਲੈ ਹੈ 'ਸ੍ਰੀ ਖਾਲਸਾ' ਮਿਲਾਈ !!" ੧੪੩

---

੧—ਬ੍ਰਹਮਣ ।

---



Digitized by Panjab Digital Library | www.panjabdigilib.org

(੪) 'ਖਾਲਸਾ-ਰਾਜ' ਦੇ ਅੰਤਲੇ ਸਮੇਂ ਰਚੇ ਗ੍ਰੰਥ 'ਗੁਰ ਪੰਥ ਪ੍ਰਕਾਸ਼' ਵਿੱਚ, ਸ: ਰਤਨ ਸਿੰਘ, 'ਭੰਗੂ' ਲਿਖਦੇ ਹਨ:–

ਚੌਪਈ

ਪੁਨ ਸਤਿਗੁਰ ਉਨ ਸਿੱਛਜਾ ਦਈ:–
"ਮੀਣੇ, ਮਸੰਦਨ, ਬਰਤਜੋ ਨਹੀਂ !
ਕੁੜੀਮਾਰ, ਰਮਰਈ, ਨੜੀਮਾਰ !
ਜੋ ਇਨ ਮਿਲੈ, ਸੁ ਹੁਇ ਹੈ ਖ੍ਵਾਰ ! ੧੩
ਜਥਾ ਸ਼ਕਤਿ ਗੁਰ-ਗੋਲਕਿ ਪਾਯੋ !
ਕੜਾਹ ਕਰਾਇ ਖਾਲਸੈ ਛਕਾਯੋ !
ਪਹਿਰ ਕਛਹਿਰੇ ਸਿਰ ਬੰਧਜੋ ਪਾਗ !
'ਗੁਰ-ਗ੍ਰੰਥ' ਬਚਨ ਪਰ ਰਹਜੋ ਲਾਗ !!" ੧੪

ਦੋਹਰਾ

ਯੌਂ ਕਹਿ ਕੈ ਸ੍ਰੀ ਸਤਿਗੁਰੂ, ਗਲਿ ਤੇਗੋ ਦੀਨੋ ਪਾਇ ।
ਕਰਦ, ਚਕਰ ਸਿਰ ਪਰ ਧਰੈ, ਮੁਖੋਂ ਅਕਾਲ ਜਪਾਇ ॥ ੧੫

ਚੌਪਈ

ਔਰ ਕਹੀ:– "ਗੁਰਬਾਣੀ ਪੜ੍ਹਾਯੋ ।
'ਜਪੁ', 'ਜਾਪੁ' ਦੋਇ ਵੇਲੇ ਜਪਾਯੋ ।
ਔ 'ਅਨੰਦ', 'ਰਹਿਰਾਸ' ਜਪੱਯੋ !
'ਚੰਡੀ ਬਾਨੀ' ਖੜੇ ਪੜ੍ਹੱਯੋ ! ੧੬
ਦੁਇ ਵੇਲੇ ਉਠਿ ਬੰਧਜੋ ਦਸਤਾਰੇ !
ਪਹਰ ਆਠ ਰੱਖਜੋ ਸ਼ਸਤ੍ਰ ਸੰਭਾਰੇ !
ਪੀਓ ਸੁਖਾ ਅਰੁ ਖੇਲੋ ਸ਼ਿਕਾਰ !
ਸ਼ਸਤ੍ਰ ਵਿਦਯਾ ਜਿਮ ਹੋਇ ਸੰਭਾਰ । ੧੭
*ਕਰਿ ਝਟਕੇ, ਬਕਰਨ ਕੋ ਖੱਯੋ !
ਮੁਰਦੈ, ਕੁੱਠੇ ਨਿਕਟ ਨ ਜੱਯੋ !
ਕੇਸਨ ਕੀ ਕੀਜੋ ਪ੍ਰਤਿਪਾਲ !
ਨਹਿ ਉਸਤਰਨ ਸੋਂ ਕੱਟਜੋ ਬਾਲ ! ੧੮

*ਬੱਕਰਿਆਂ ਦਾ, ਹੱਥੀਂ ਝਟਕਾ ਕਰਕੇ, ਮਾਸ ਖਾਣਾ !

ਇ: ਪ: ੪੭.

Digitized by Panjab Digital Library | www.panjabdigilib.org

ਪਿਤ੍ਰਨ ਕਰਮ ਸੁ ਛੋਰਨ ਕਰਨੋਂ !
ਰੱਖਜੋ ਧਜਾਨ ਸੁ ਮਧ ਗੁਰ ਚਰਨੋਂ !
ਪਰੈ ਔਰ ਜੋ ਖੋਟੇ ਰਾਹਿ !
ਤਿਨ ਕੋ ਲਾਯੋ ਜਰੂਰ ਤਨਖਾਹਿ !!" ੧੯

ਰਹਿਤ-ਬਹਿਤ ਦਾ ਉਪਦੇਸ ਕਰਕੇ ਸਤਿਗੁਰਾਂ ਪੰਜਾਂ ਸਿੰਘਾਂ ਪਾਸੋਂ ਫਿਰ ਖ਼ੁਦ ਅੰਮ੍ਰਿਤ ਛਕਿਆ—

ਦੋਹਰਾ

ਕਰੀ ਜੁ ਸਤਿਗੁਰ ਪ੍ਰਥਮ ਬਿਧਿ, ਸੋਈ ਪੁਨ ਬਿਧਿ ਕੀਨ।
ਪੰਜ ਭੁਜੰਗੀ ਜੋ ਭਏ, ਗੁਰ ਉਨ ਤੇ ਪਾਹੁਲ ਲੀਨ॥ ੨੦

ਚੌਪਈ

ਵਹੀ ਵਰਤਾਰੋ ਭੁਜੰਗਨ ਵਰਤਾਯੋ।
'ਆਪੇ ਗੁਰ ਚੇਲਾ' ਕਹਿਵਾਯੋ।
ਯਹੀ ਆਦਿ ਹੁਤ ਆਯੋ ਵਰਤਾਰਾ।
ਜਿਮ ਨਾਨਕ ਗੁਰ ਅੰਗਦ ਧਾਰਾ॥ ੨੧
ਪੀਯੋ ਪਾਹੁਲ ਗੁਰ ਬਚਨਨਿ ਵਾਰੀ।
ਭਯੋ ਖਾਲਸੋ ਵਡ ਕਲਧਾਰੀ।
*ਸਾਲ ਬਾਵਨ ਪਰ ਸੱਤ੍ਰ ਸਈ।
ਬੁਧਵਾਰ ਬਸਾਖੈ ਪੰਥ ਉਤਪਤਿ ਭਈ॥ ੨੨

(੫) 'ਖਾਲਸਾ-ਰਾਜ' ਦੀ ਸਮਾਪਤੀ ਤੋਂ ਬੱਾਦ, ਖਾਲਸਾ-ਪੰਥ ਵਿੱਚ, ਬਾਬਾ ਰਾਮ ਸਿੰਘ ਜੀ 'ਨਾਮਧਾਰੀ', ਗੁਰਮਤਿ ਦੇ ਸਰਗਰਮ ਤੇ ਸਿਰਕੱਢ ਪਰਚਾਰਕ ਹੋ ਗੁਜ਼ਰੇ ਹਨ। ਆਪਨੇ ਨਾਮ ਸਿਮਰਨ ਤੇ ਸੇਵਾ ਭਾਵ ਦਾ, ਮਾਨੋ ਭੰਡਾਰ ਹੀ ਖੋਲ੍ਹ ਦਿੱਤਾ ਸੀ। ਆਪ ਨੇ ਸਿੱਖਾਂ ਨੂੰ ਜੋ ਕਰਣੀ-ਕਰਤੂਤ ਸਿਖਾਈ; ਉਸ ਦਾ ਨਮੂਨਾ ਆਪ ਦੇ ਇਸ ਹੁਕਮਨਾਮੇ ਤੋਂ ਪ੍ਰਗਟ ਹੈ:—

---

*" 'ਖਾਲਸਾ ਪੰਥ' ਦੀ ਉਤਪਤੀ ਸੰਮਤ ਸਤਾਰਾਂ ਸੈ ਬਵੰਜਾਹ ਦੇ ਵੈਸਾਖ ਮਹੀਨੇ ਵਿੱਚ ਬੁਧਵਾਰ ਦਿਨ ਹੋਈ।"—ਐਪਰ ਸੰਮਤ ੧੭੫੨ ਵਿੱਚ ਵੈਸਾਖੀ ਸ਼ੁਕ੍ਰਵਾਰੀ ਸੀ। ਇਸ ਲਈ ਇਹ ਸੰਮਤ ਗ਼ਲਤ ਹੈ। ਸੰਮਤ ੧੭੫੫ (ਗਤਿ) ਮੰਗਲ ਦੀ ਰਾਤਿ ਪੂਰਾ ਹੋਕੇ 'ਵੈਸਾਖੀ' ਲੱਗੀ ਸੀ; ਸੋ ਉਹ ਠੀਕ ਹੈ।

---

ਇ: ੫: ੪੮.

Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ।

ਲਿਖਤਮ ਰਾਮ ਸਿੰਘ । ਹੋਰ, ਸੰਬੂਹ ਖਾਲਸੇ ਜੀ ਕੋ - 'ਸ੍ਰੀ ਵਾਹਗੁਰੂ ਜੀ ਕਾ ਖਾਲਸਾ;
ਸ੍ਰੀ ਵਾਹਗੁਰੂ ਜੀ ਕੀ ਫਤਹ !'—
ਬੁਲਾਈ ਪ੍ਰਮਾਨ ਕਰਨੀ ! ਹੋਰ, ਰਹਿਤ ਸੰਬੂਹ ਸੰਗਤਿ ਦੇ ਵਾਸਤੇ, ਲਿਖਿਆ ਭੈਣੀ ਤੇ:—

ਪਿਛਲੀ ਰਾਤੀਂ ਉਠ ਕੇ ਦਾਤਨ ਕਰਨੀ । ਫੇਰ ਇਸਨਾਨ ਕਰਨਾ ! ਬਾਣੀ ਪੜ੍ਹਨੀ । ਜੇ ਕੰਠ ਨਾ ਹੋਵੈ; ਤਾਂ ਕੰਠ ਕਰ ਲੈਣੀ ! ਸਰਬ ਮਾਈ, ਬੀਬੀ, ਸਰਬਤ ਨੇ ਜਪੁ, ਜਾਪੁ, ਦੋਹਾਂ ਦੇ ਹਜਾਰੇ ਸਬਦ, ਜਰੂਰ ਕੰਠ ਕਰਨੇ । ਰਹਿਰਾਸ, ਆਰਤੀ ਸੋਹਿਲਾ; ਏਤਨੀ ਬਾਣੀ ਜ਼ਰੂਰ ਕੰਠ ਕਰਨੀ । ਤੇ ਸੀਲ ਸੰਤੋਖ ਸਭ ਨੇ ਰੱਖਣਾ । ਭਜਨ ਅਠੇ ਪਹਿਰ ਕਰਨਾ; ਗੁਰੂ ਸੱਚੇ ਦਾ !

ਹੋਰ ਪਰਾਈ ਧੀ, ਭੈਣ ਆਪਣੀ ਜਾਣਨੀ । ਪਰਾਇਆ ਹੱਕ ਗੁਰੂ ਜੀ ਨੇ ਅਗੇ ਲਿਖ ਹੀ ਛਡਿਆ ਹੈ—
"ਹਕੁ ਪਰਾਇਆ ਨਾਨਕਾ, ਉਸੁ ਸੂਅਰ ਉਸੁ ਗਾਇ ।"*

ਜੇ ਕੋਈ ਭਜਨ ਪੁੱਛਕੇ (ਗੁਰ ਮੰਤ੍ਰ ਲੈ ਕੇ) ਨਾ ਕਰੂਗਾ; ਉਸਦਾ ਮੂੰਹ ਦੁਹੀਂ ਜਹਾਨੀਂ ਕਾਲ੍ਹਾ ਹੋਊਗਾ !

ਹੋਰ ਕਿਸੇ ਦਾ ਕਬੋਲ ਸਹਿ ਜਾਣਾ ਸਭਦਾ ! ਜੇ ਕੋਈ ਮਾਰੇ ਕੁਛ, ਤਾਂ ਭੀ ਖਿਮਾ ਕਰਨੀ ! ਤੁਸਾਂ ਦਾ ਰੱਛਕ ਗੁਰੂ ਹੈ । ਹਰ ਵਕਤ ਤੁਸੀਂ ਆਪਣੀ ਭਲਾਈ ਛਪਾਉਣ ਦੀ ਕਰਨੀ।

ਦੀਵਾਨ ਲੌਣਾ । ਹਰਿ ਕੀਰਤਨ ਸ਼ਬਦ ਕਰਨਾ ! ਜੇਕਰ ਜੱਗ ਕਰਨਾ ਹੋਵੇ; ਚੌਕੇ ਬਿਚ ਪੈਰ ਧੋਇ ਕਰ ਬੜਨਾ ! ਅਰੁ ਹੋਮ ਭੀ ਕਰਨਾ । ਪਹਿਲਾਂ ਚੌਂਕਾ ਦੇਣਾ, ਹੋਮ ਦੀ ਜਗ੍ਹਾ । ਲਕੜੀ ਹੋਮ ਵਿਚ ਪਲਾਸ ਦੀ ਪਾਉਣੀ, ਜਾਂ ਬੇਰੀ ਦੀ। ਫੂਕ ਨਹੀਂ ਮਾਰਨੀ; ਹੋਮ ਦੀ ਅੱਗ ਨੂੰ ਪਖੀ ਨਾਲ ਝੱਲਣਾ। ਪੰਜ ਆਦਮੀ ਹੋਮ ਵਿਚ ਪੋਥੀਆਂ ਉਤੇ ਬਾਣੀ ਪੜ੍ਹਨੀ; ਚਉਪਈ, ਜਪੁ, ਜਾਪੁ, ਚੰਡੀ ਚਰਿਤ੍ਰ, ਅਕਾਲ ਉਸਤਤਿ। ਛੇਵਾਂ ਆਦਮੀ ਅਹੂਤੀ ਪਾਵੇ; ਸੱਤਵਾਂ ਮਗਰੋਂ ਜਲ ਦਾ

*ਵਾਰ ਮਾਝ ਕੀ, ਸਲੋਕ ਮ: ੧, ਪਉੜੀ ੭



Digitized by Panjab Digital Library | www.panjabdigilib.org

ਛਿੱਟਾ ਦੇਵੇ, ਥੋੜਾ ਥੋੜਾ।

ਜੋ ਕੋਈ ਮੰਦਾ ਕੰਮ ਕਰੇ—ਯਾਰੀ, ਚੋਰੀ ਕਾ;—ਕਿਸੇ ਥਾਂਇ ਦਿਵਾਨ ਵਿਚ ਨਹੀਂ ਬੜਨ ਦੇਣਾ। ਜੇਕਰ ਜੋਰਾਬਰ ਹੋਵੇ; ਤਾਂ ਸਭਨਾਂ ਅਰਦਾਸ ਕਰਨੀ: "ਜੀ! ਇਹ ਆਦਮੀ ਇਥੇ ਆਉਣ ਜੋਗਾ ਹੀ ਨ ਰਹੇ।"

ਹੋਰ, ਜੀ! ਸਭ ਨੇ ਹਥ ਜੋੜਨੇ ਪਰਮੇਸਰ ਅਗੇ; ਜੋ "ਹੇ ਮਹਾਰਾਜ! ਸਾਡਾ ਧਰਮ ਬਣਿਆ ਰਹੇ!"

ਹੋਰ, ਕੱਛਾਂ ਰਖਣੀਆਂ, ਪਾਉਂਚਾ ਪਾਇਕੇ ਲਾਹੁਣਾ!

ਹੋਰ, ਕਿਸੇ ਦਾ ਮੰਦਾ ਕਰਮ ਛਪਾਉਣਾ ਨਹੀਂ।

ਹੋਰ ਜੀ! ਕਿਸੇ ਨੇ ਧੀ ਭੈਣ ਦਾ ਪੈਸਾ ਨਹੀਂ ਲੈਣਾ! ਬੱਟਾ ਨਹੀਂ ਕਰਨਾ!

ਸਦਾ "ਗੁਰੂ! ਗੁਰੂ!!" ਜਪਦੇ ਰਹਿਣਾ!

ਦਾਰੂ, ਮਾਸ ਨਹੀਂ ਖਾਣਾ!

ਖ਼ੌਫ ਰੱਖਣਾ ਗੁਰੂ ਦਾ ਹਰਦਮ!! ੧੩

... ... ...

ਅਰੁ ਜਿਤਨਾ ਕੁ ਸਰੇ, ਉਤਨਾ ਕੁ ਪੁੰਨ ਦਾਨ ਕਰਣਾ; ਜਥਾ ਸ਼ਕਤਿ। ਭੁੱਖੇ ਨੂੰ ਰੋਟੀ; ਨੰਗੇ ਨੂੰ ਕਪੜਾ, ਜਿਤਨਾ ਸਰੇ!—

ਅਰੁ ਹਰ ਵਖਤ ਬੇਨਤੀ ਕਰਨੀ:—

'ਹੇ ਗੁਰੂ ਸਾਹਿਬ ਜੀ! ਅਸੀਂ ਅਪਰਾਧੀ ਪਾਪੀ ਜੀਉ ਹਾਂ; ਤੇਰਾ ਪਤਿਤ ਪਾਵਨ ਬਿਰਦ ਸੁਣਕੇ, ਤੇਰੇ ਬੂਹੇ ਆਇ ਡਿਗੇ ਹਾਂ! ਸਾਨੂੰ ਆਪਣੀ ਕਿਰਪਾ ਕਰਕੇ, ਗੁਰਮਤਿ ਦਾ ਖੈਰ ਪਾਉ! ਅਰੁ ਮਨੁੱਖਾਂ ਦਾ ਮੇਲਾ ਜਿਥੇ ਹੋਵੇ; ਤਾਂ ਗੁਰਮੁਖਾਂ ਦਾ ਮੇਲਾ ਹੋਵੇ! ਮਨਮੁਖਾਂ ਦੀ ਸੰਗਤਿ ਤੇ ਰੱਖ ਲਈ; ਮਹਾਰਾਜ! ਜਿਥੇ ਜੀਉ ਜਾਵੇ! ਅਰੁ ਹੇ ਮਹਾਰਾਜ! ਜੋ ਤੈ ਗੁਰੂ ਰੂਪ ਧਾਰ ਕੇ ਹੁਕਮ ਦਿਤਾ ਹੈ 'ਗੁਰੂ ਗ੍ਰੰਥ ਸਾਹਿਬ' ਮੈ ਸੋ ਤੂੰ ਆਪਣਾ ਹੁਕਮ ਸਦਾ ਈ ਮਨਾਈਂ! ਜਿਥੇ ਜੀਉ ਜਾਵੇ, ਸਦਾ ਈ ਆਪਣੇ ਹੁਕਮ ਉਤੇ ਪਰਤੀਤ ਦਾ ਦਾਨ ਦੇਈਂ! ਹੇ ਮਹਾਰਾਜ! ਮੈਨੂੰ ਦੂਜੇ ਭਾਉ ਤੇ ਸਦਾ ਹੀ ਰੱਖ ਲਈਂ! ਤੇਰਿਆਂ ਚਰਨਾਂ ਤੇ ਬਿਨਾਂ ਮੇਰੀ ਦੂਜੇ ਥਾਂ ਕਦੇ ਭੀ ਪਰਤੀਤ (ਪ੍ਰੀਤਿ) ਨਾ ਹੋਏ! ਹੇ ਮਹਾਰਾਜ! ਮੈਨੂੰ ਸਦਾ ਹੀ ਬੇਮੁਖੀ ਤੋਂ ਰੱਖ ਲਈ!'

---

ਇ: ਪ: ੫੦.

Digitized by Panjab Digital Library | www.panjabdigilib.org

'ਬੇਮੁਖੀ' ਇਸਦਾ ਨਾਉਂ ਹੈ, ਜੋ ਗੁਰੂ ਦੇ ਹੁਕਮ ਤੇ ਫਿਰ ਜਾਣਾ! ਅਰ ਬਡਾ ਦੁਖ ਹੈ ਬੇਮੁਖੀ ਦਾ ! ਇਹ ਮੰਗ ਗੁਰੂ ਸਾਹਿਬ ਤੇ ਹਰ ਵਖਤ-ਕਦੇ ਬੋਲਕੇ ਮੰਗਣੀ, ਕਦੇ ਅੰਦਰੋਂ ਹੀ। ਅੰਤਰਜਾਮੀ ਸਾਰੇ ਹੀ ਸੁਣਦਾ ਹੈ।......ਅਰਦਾਸ ਲਿਖੀ ਚੇਤ੍ਰ ਵਦੀ ਸਾਲ ੧੯੩੧ ।

... ... ... ...

ਜੋ ਮੈਨੂੰ ਹੁਕਮ ਹੈ ਗੁਰੂ ਸਾਹਿਬ ਦਾ; ਸੋ ਮੈ ਲਿਖ ਦਿੰਦਾ ਹਾਂ; ਸਭ ਨੂੰ ਸੁਣਾਇ ਦੇਣੀ; ਜੋ, ਕੋਈ ਭੀ ਚੀਜ ਨਾ ਲਵੇ, ਕਿਸੇ ਦੀ । ਖੋਹ ਲੈਣਾ, ਚੁਰਾਇ ਲੈਣਾ, ਲੈਕੇ ਨਾ ਦੇਣਾ; ਇਹ ਮਹਾਂ ਪਾਪ ਹੈ । ਅਰਦਾਸ ਲਿਖੀ ਚੇਤ ਬਦੀ ੨, ਸਾਲ ੧੯੩੧॥੧੪

ਗੁਰੂਆਂ ਗੁਰੂ 'ਗਰੰਥ ਸਾਹਿਬ' ਗੁਰੂ ਹੈ। ਸੋ 'ਸਬਦ-ਗੁਰੂ' ਜਿਥੇ ਕੋਈ ਮੰਨੂ; ਉਧਾ, ਉਥੇ ਹੀ ਭਲਾ ਹੋ ਜਾਊਗਾ। ਸੱਤਿ ਮੰਨਣੀ! ਇਹ ਬਾਤ ਹੈ॥ (ਪੰਨਾ ੧੮)

ਭੋਗ ਗੁਰੂ ਗ੍ਰੰਥ ਸਾਹਿਬ ਦੇ, ਤੇ ਬਾਣੀ ਕੰਠ ਕਰਨੇ ਸਰਬ ਬੁਢੇ, ਬਾਲੇ, ਮਾਈ, ਬੀਬੀ; ਪਿਛਲ ਰਾਤ੍ਰ ਇਸ਼ਨਾਨੁ । ਤੇ ਲੜਕੇ ਲੜਕੀਆਂ ਨੂੰ ਅੱਖਰ ਪੜ੍ਹਾ ਦੇਣੇ ।

ਅਰੁ ਜਥਾ ਸ਼ਕਤਿ ਸੇਵਾ ਭੀ ਕਰਨੀ ਅੰਨ ਬਸਤ੍ਰ ਦੀ, ਲੋੜਮੰਦ ਦੀ; ਚਾਹੇ ਕਿਸੇ ਪੰਥ ਦਾ ਹੋਵੇ; ਚਾਹੇ ਨਿੰਦਕ ਭੀ ਹੋਵੇ।...ਬੰਡ ਛਕਣਾ ਜਥਾ ਸ਼ਕਤਿ।

... ... ... ...

ਪਖੰਡ ਨਹੀਂ ਕਿਸੇ ਕਰਨਾ! ਪਖੰਡ ਕੀਤੇ ਤੇ ਮੂੰਹ ਕਾਲਾ ਹੁੰਦਾ ਹੈ, ਦੀਨ-ਦੁਨੀ ਮੈ ।.........

ਅਰੁ ਬਸ ਕਰਕੇ ਕਿਸੇ ਕੋ ਫਿੱਕਾ ਭੀ ਨਹੀਂ ਬੋਲਣਾ। ਸੰਮਤ ੧੯੩੭ ਹਾੜ੍ਹ ਬਦੀ ੧ ॥ (ਪੰਨਾ ੫੦)

... ... ... ...

ਮੇਲੇ ਉਤੇ ਅੰਨ ਪਾਣੀ ਆਪੋ ਆਪਣਾ ਖਾਣਾ, ਗੁਰਦੁਆਰੇ ਤੀਰਥ ਉਤੇ—ਮੁਕਤਸਰ, ਅਨੰਦਪੁਰ, ਦਮਦਮੇ, ਅੰਮ੍ਰਿਤਸਰ !......

ਹੋਰ, ਭਾਈ ! ਦਸਾਂ ਪਾਤਸ਼ਾਹੀਆਂ ਤੇ ਪਿੱਛੇ ਤਾਂ

---

ਇ: ੫: ੫੧.

Digitized by Panjab Digital Library | www.panjabdigilib.org

ਮਹਾਰਾਜ ਜੀ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਇਸਥਾਪਨ ਕਰ ਗਏ ਹਨ! ਸੋ ਸਦਾ ਹੀ ਇਸਥਿਤ ਹੈ। ਹੋਰ ਗੁਰੂ ਕੋਈ ਨਹੀਂ! (ਪੰਨਾ ੫੪)

... ... ... ...

ਭਜਨ ਬਾਣੀ ਤੋਂ ਬਿਨਾਂ, ਭਾਵੇਂ ਕੋਈ ਕਿਤਨਾ ਕੰਮ ਕਰੇ; ਰਿਜਕ ਦਾ ਬਾਧਾ ਨਹੀਂ ਹੁੰਦਾ। ਜੇ ਰਿਜਕ ਵੀ ਹੈ ਕਿਸੇ ਪਾਸ ਬਹੁਤਾ; ਉਸ ਦੀ ਨੀਤ ਨਹੀਂ ਭਰਦੀ। ਤ੍ਰਿਸਨਾ ਦੀ ਅੱਗ ਸਦਾ ਹੀ ਲਗੀ ਰਹਿੰਦੀ ਹੈ। ਪੁੰਨ ਦਾਨ ਵੀ ਨਹੀਂ ਹੋ ਸਕਦਾ। ਧਨ ਪਿਆ ਹੀ ਛਡਕੇ ਮਰ ਜਾਂਦੇ ਹੈਨਿ।...(ਪੰਨਾ ੫੯)

ਅਰੁ ਸਭ ਨੇ ਬਾਣੀ ਕੰਠ ਕਰਨੀ ! ਪੰਜ ਗ੍ਰੰਥ ਤਾਂਈ ਨਾ ਹੋਵੇ, ਤਾਂ ਜਪੁ, ਰਹਿਰਾਸ, ਆਰਤੀ ਸੋਹਿਲਾ। ਹੋਰ ਜੇ ਸੁਖਮਨੀ, ਆਸਾ ਦੀ ਵਾਰ। ਪਹਿਲੇ ਤੇ ਸ਼ਨਾਨ ਕਰਕੇ ਬਾਣੀ ਪੜ੍ਹਨੀ; ਜਿਨੀ ਕੰਠ ਹੋਵੇ, ਤਾਂ ਕੱਲੇ ਬੈਠਕੇ ਭਜਨ ਬਾਣੀ ਕਰਨਾ। ਅਰੁ ਇਸ਼ਨਾਨ ਸਵਾ ਪਹਿਰ ਦਾ ਤੇ ਬਡਾ ਈ ਮਹਾਤਮ ਹੈ। ਪਰ ਫੇਰ ਜਿਥੇ ਤਾਈਂ ਪੁੱਜੇ–ਸਵਾ ਪਹਿਰ, ਚਾਰ ਘੜੀ, ਦੋ ਘੜੀ, ਪਹਿ ਪਾਟੀ ਤੇ ਤਾਂ ਜ਼ਰੂਰ ਹੀ ਕਰਨਾ। ਸਾਲ ੧੯੩੭, ਚੇਤ ਸੁਦੀ ੧੧ ॥

ਸੁਚੇਤੇ ਜਾ ਕੇ ਨ੍ਹੌਣਾ। ਆਕੇ ਕਪਾਹੇ ਲੀੜੇ ਧੋਇ ਲੈਣੇ। ਇਹ ਤੇ ਬਹੁਤ ਅੱਛੀ ਬਾਤ ਹੈ। ਪਰ ਜੋ ਬਹੁਤਾ ਨਾ ਪੁਜੇ; ਤਾਂ ਪਾਣੀ ਦਾ ਗੜਵਾ ਤਾਂ ਸਭ ਨੇ ਲੈ ਜਾਣਾ; ਮਰਦਾਨੇ ਭੀ, ਜਨਾਨੇ ਭੀ। ਬਿਨਾ ਪਾਣੀ ਨਹੀਂ ਜਾਣਾਂ, ਝਾੜੇ-ਜੰਗਲ ਕਿਨੇ ਭੀ। ਅਰੁ ਚੌਂਕਾ ਦੇ ਕੇ ਪ੍ਰਸ਼ਾਦਿ ਕਰਨਾ। ਸਭ ਨੇ ਚੌਂਕੇ ਵਿੱਚ ਪੈਰ ਧੋ ਕੇ ਵੜਨਾ। ਵਿਚ ਬੈਠਕੇ ਚੌਂਕੇ ਦੇ ਰੋਟੀ ਨਾਂ ਖਾਣੀ; ਪ੍ਰਸਾਦਿ ਪਕੌਣ ਵਾਲੀ ਨੇ। ਜੋ ਇਹ ਬਾਤ ਮੰਨੇਗਾ; ਤਾਂ ਉਸਨੂੰ ਅਛਾ ਫਾਇਦਾ ਹੋਊਗਾ। ਜੋ ਨਾ ਮੰਨੂਗਾ; ਉਹ ਭੂਤ ਹੈ, ਮਾਨੁੱਖ ਨਹੀਂ। (ਪੰਨਾ ੬੩–੪)

ਇਨ੍ਹਾਂ ਉੱਤੇ ਦੱਸੀਆਂ ਸੰਖੇਪ 'ਰਹਿਤਾਂ' ਦਾ ਆਧਾਰ, ਸਤਿਗੁਰਾਂ ਦਾ ਲਿਖਾਇਆ 'ਰਹਿਤਨਾਮਾ'–'ਬੁਧਿ-ਬਿਬੇਕ' ਹੀ ਹੈ। ਜਿਸਨੂੰ ਵਾਰਤਕ ਰੂਪ ਦੇ ਕੇ 'ਪ੍ਰੇਮ ਸੁਮਾਰਗ' ਨਾਮ ਰੱਖਿਆ ਗਿਆ ਹੈ। ਬਾਬਾ ਰਾਮ ਸਿੰਘ ਜੀ ਨੇ ਤਾਂ, ਅਪਣੇ ਇਕੀਹਵੇਂ ਹੁਕਮਨਾਮੇ ਵਿੱਚ, ਸੰਗਤਿ ਨੂੰ ਇਸ ਗ੍ਰੰਥ ਦੇ ਪੜ੍ਹਨ ਦੀ ਹਦਾਯਤ ਭੀ ਕੀਤੀ ਹੈ ॥

---

ਇ: ਪ: ੫੨.

Digitized by Panjab Digital Library | www.panjabdigilib.org

# ਰਹਿਤਨਾਮਾ ਲਿਖਾਇਆ

'ਮਸੰਦੀ ਮ੍ਰਿਯਾਦਾ' ਮਨਸੂਖ ਕਰਕੇ, ਜਦੋਂ ਸ੍ਰੀ ਗੁਰੂ ਜੀ ਨੇ, ਸੰਗਤਿ ਨੂੰ 'ਖਾਲਸਾ' ਬਣਾ ਲਿਆ; ਅਰੁ ਫਿਰ ਨਾਮ-ਦਾਨੁ, ਗੁਰੁਪਦੇਸ਼ ਤੇ 'ਪਾਹੁਲ' ਦੇਣ ਵਾਸਤੇ, ਕਿਸੇ ਇਕ ਗੁਰਮੁਖ ਦੀ ਥਾਂ, 'ਪੰਚ ਪਰਧਾਨ' ਗੁਰਮੁਖ (ਪੰਜ ਪਿਆਰੇ) ਚੁਣਨ ਦੀ ਰੀਤਿ ਪ੍ਰਚਲਤ ਕਰ ਦਿੱਤੀ; ਤਦੋਂ ਲਾਜ਼ਮੀ ਤੌਰ ਪੁਰ ਇਸ ਮ੍ਰਿਯਾਦਾ ਨੂੰ ਅਮਰ ਰੱਖਣ ਲਈ 'ਖਾਲਸਾ-ਸਿਮ੍ਰਿਤੀ' ਭੀ ਤਿਆਰ ਕਰਨੀ ਹੀ ਸੀ । ਜਿਵੇਂ ਪਹਿਲਾਂ 'ਖੰਡੇ ਦਾ ਅੰਮ੍ਰਿਤ' ਖ਼ੁਦ ਤਿਆਰ ਕਰਕੇ ਪੰਜਾਂ ਪਿਆਰਿਆਂ ਨੂੰ ਛਕਾਇਆ; ਤਿਵੇਂ ਉਨ੍ਹਾਂ ਪਾਸੋਂ ਤਿਆਰ ਕਰਵਾਕੇ ਖ਼ੁਦ ਛਕਿਆ ਤੇ ਹੋਰਨਾਂ ਅਭਿਲਾਖੀ ਪ੍ਰੇਮੀਆਂ ਨੂੰ ਛਕਵਾਇਆ । ਜਿਨ੍ਹਾਂ ਨੂੰ ਸਿੱਖ ਇਤਿਹਾਸ ਵਿੱਚ 'ਪੰਝੀ ਮੁਕਤੇ' ਨਾਮ ਦੇ ਕੇ ਸਤਿਕਾਰਿਆ ਗਿਆ । ਫਿਰ ਪੰਜਾਂ ਪਿਆਰਿਆਂ ਨੂੰ ਜੱਥੇਦਾਰ ਥਾਪਕੇ ਚਾਰ ਚਾਰ ਗੁਰਮੁਖ ਸਿੰਘ, ਪੰਝੀਆਂ ਮੁਕਤਿਆਂ ਵਿਚੋਂ ਉਨ੍ਹਾਂ ਨਾਲ ਸ਼ਾਮਿਲ ਕਰਕੇ ਪੰਜਾਂ ਪਿਆਰਿਆਂ ਦੇ ਪੰਜ ਜੱਥੇ ਸਾਜੇ । ਉਨ੍ਹਾਂ ਨੂੰ ਬਾਹਰ ਇਲਾਕਿਆਂ ਵਿੱਚ ਅੰਮ੍ਰਿਤ ਪਰਚਾਰ ਕਰਨ ਵਾਸਤੇ ਭੇਜਿਆ । ਉਨ੍ਹਾਂ ਦੀ ਅਗਵਾਈ ਵਾਸਤੇ ਉਸ ਮੌਕੇ 'ਖਾਲਸਾ-ਸਿਮ੍ਰਿਤੀ' (ਰਹਿਤਨਾਮਾ) ਗ੍ਰੰਥ ਤਿਆਰ ਕੀਤਾ ਗਿਆ । ਇਸ ਗੱਲ ਦੀ ਗੁਵਾਹੀ ਪੁਰਾਤਨ ਇਤਿਹਾਸ-ਗ੍ਰੰਥਾਂ ਵਿੱਚ ਮਿਲਦੀ ਹੈ:—

(੧) ਭਾਈ ਕੇਸਰ ਸਿੰਘ, 'ਛਿੱਬਰ' ਦਾ ਕਹਿਣਾ ਹੈ:—

ਸੰਮਤ ਸਤਾਰਾਂ ਸੈ ਇਕਾਹਟ ਸੇ ਗਏ ।
ਮੇਲੇ ਵਿਸਾਖੀ ਦੇ ਸਿਖ ਸੰਗਤਿ ਸਭ ਆਵਤ ਭਏ।
ਸਿਖ ਸੰਗਤਿ ਆਏ ਲਖ ਹਜ਼ਾਰ ।
ਸਭ ਤੇ ਊਚਾ ਸਾਹਿਬ ਕਾ ਦਰਬਾਰ ॥੪੪੨
ਹਜੂਰਿ ਮੁਕਤੇ ਹੋਏ ਦਸ ਤੇ ਚਾਰ (੧੪) ।
ਹੱਛੇ ਸਿੱਖ ਰਹਿਤ-ਬਿਬੇਕ ਬੁੱਧਿ-ਬਿਚਾਰ ।
ਸਿਖ ਸੰਗਤਿ ਦੇ, ਪਾਸ ਤਿਨ੍ਹਾਂ ਦੇ ਜਾਨ !
ਵਹੁ ਆਗੇ ਤੇ ਯਹਿ ਕਰਤ ਬਖਾਨ ।੪੪੩
ਸਿਖੀ ਦੀ ਰਹਿਤ ਦਾ ਕਰਨ ਉਪਦੇਸ:—
"ਗੁਰੂ ਕਾ ਸਿਖ, ਸਿਖ ਨਾਲ ਕਰੇ ਪਿਆਰ ਹੇਤੁ !

---

ਇ: ਪ: ਪ੩.

Digitized by Panjab Digital Library | www.panjabdigilib.org

ਬ੍ਰਹਮੇ,[1] ਮੁਹੰਮਦ ਦੀ ਕਾਨ[2] ਨ ਕਰੇ !
ਸਿਖ, ਨਾਤਾ ਸਿਖ ਨਾਲ ਹੀ ਕਰੇ !!੪੪੪
ਜੰਞੂ, ਟਿੱਕਾ, ਧੋਤੀ ਕਰੇ ਤਿਆਗੁ !
ਨਾ ਤਤੇ ਦੀ ਸੰਗਤਿ,ਨਾ ਤਤੇ ਸੇਤੀ ਸੁਪਨੇ ਭੀ ਕਰੇ ਲਾਗ।
ਨਾਤਾ ਸਿੱਖ ਨਾਲ, ਜਾਤਿ ਬਰਨ ਕੁਛ ਪੁੱਛੇ ਨਾਹੀ !"
ਇਹ ਉਪਦੇਸ ਮੁਕਤੇ ਕਰਨ ਸਭਨਾਂ ਹੀ ॥ ੪੪੫
ਸਿਖ ਸੰਗਤਿ ਸੁਣਕੇ ਕਰਨ ਬੀਚਾਰ:—
ਜੋ:—'ਇਹ ਉਪਦੇਸ ਹੈ ਅਨਾਚਾਰ[3] !'
ਮੁਸੱਦੀਆਂ ਸਿਖਾਂ, ਦੀਵਾਨ ਨੂ ਏਹ ਖਬਰ ਹੋਈ।
... ... ... ॥੪੪੬
ਸਿਖ ਕਿਰਤੀਆਂ ਆਇ ਸੁਨਾਇਆ:—
ਜੋ "ਇਹ ਉਪਦੇਸ਼ ਅਸਾਥੋਂ ਨਹੀ ਜਾਂਦਾ ਕਮਾਇਆ!"੪੪੭
ਤਬ ਸਾਹਿਬ ਏਹ ਫੁਰਮਾਇਆ:—
"ਇਹ ਹੁਕਮ ਅਸਾਡਾ ਜਾਇ ਕਮਾਇਆ !......
ਸ਼ਸਤ੍ਰਧਾਰੀ ਹੋਵੈਗਾ ਪੰਥ ।
ਗੁਰੂ ਕੇ ਸਿਖ ਚਲਣਗੇ ਮਤੇ-ਗ੍ਰੰਥ ।—
'ਹੁਕਮਿ ਮਨਿਐ ਹੋਵੈ ਪਰਵਾਣੁ,
ਤਾ ਖਸਮੈ ਕਾ ਮਹਲੁ ਪਾਇਸੀ'—
(ਵਾਰ ਆਸਾ ਮ: ੧, ਪਉੜੀ ੧੫)
ਇਹ ਬਚਨ—'ਗ੍ਰੰਥ ਸਾਹਿਬ' ਆਖਿ ਸੁਣਾਇਸੀ ॥੪੮੮
ਸਿਖ ਸੋਈ ਜੋ ਹੁਕਮ—'ਖ਼ਾਸ ਦਸਖਤ' ਅਤੇ 'ਗ੍ਰੰਥ ਜੀ' ਮੰਨੇ !
ਜੋ ਲਿਖਿਆ ਹੋਵੇ 'ਖਾਸ ਦਸਖਤੀ'—ਭੰਨੇ ਟੁੱਟੇ ਅੱਖਰ ਦੇਖ ਲਏ 'ਵੰਨ-ਕੁਵੰਨੇ'
'ਵਾਕ ਗ੍ਰੰਥ' ਅਤੇ 'ਹੁਕਮਨਾਵੇਂ' ਸਚੁ ਕਰਿ ਜਾਣੈ।
ਪਰ ਜੇਹੜਾ 'ਦਸਖਤ ਖਾਸ' ਗੁਰੂ ਕੇ ਪਛਾਣੈ ॥੪੮੯
ਚਤਰਾਈਆਂ ਚਾਤ੍ਰ ਬਹੁਤ ਕਰੇਸਨ।
ਪਰ ਮ੍ਰਿਜਾਦ ਗ੍ਰੰਥ ਨ ਭੰਨ ਸਕੇਸਨ।
... ... ... ॥੪੯੦

---

੧-ਹਿੰਦੂਆਂ ਦਾ ਵਡੇਰਾ। ਤਿੰਨਾਂ ਮੁਖੀ ਦੇਵਤਿਆਂ 'ਚੋਂ ਇੱਕ।
੨-ਕਾਣ, ਕਨੌਡ, ਮੁਹਛੰਦਗੀ, ਝੇਪ।
੩-ਹਿੰਦੂ ਮਰਿਜਾਦਾ ਵਿਰੁੱਧ, ਬ੍ਰਹਮਣੀ ਧਰਮ ਦੇ ਉਲਟ।

---



Digitized by Panjab Digital Library | www.panjabdigilib.org

ਸਾਹਿਬ ਬਚਨ ਐਸੇ ਹੈ ਕੀਤਾ:-
ਸਿੱਖ ਨਾਤਾ ਸਿੱਖ ਨਾਲ ਕਰੇ;
ਪਰ ਮੱਥੇ ਨਾਲ ਮੱਥਾ ਮਿਲਦਾ ਵੇਖ ਲੀਤਾ !
'ਗ੍ਰੰਥ ਜੀ' ਵਿਚ ਭੀ ਹੈ ਐਸੇ ਕਹਿਆ।
ਸੋਈ ਬਚਨ ਸਚਿ ਕਰਿ ਲਹਿਆ।
"ਮੂਲੁ ਜਾਣਿ ਗੱਲਾਂ ਕਰੇ, ਹਾਣਿ ਲਾਏ ਹਾਣੁ।"-*
ਇਹ ਬਚਨ 'ਗ੍ਰੰਥ ਜੀ' ਕੇ ਸਤਿ ਕਰਿ ਜਾਣ !੪੯੧
ਜੋ ਸਿਖ ਨੂੰ ਸੇਵਕ ਨਾਲ ਨਾਤਾ ਲੈਣ ਦਾ ਹੋਵੈ।
ਤਾਂ ਜਿਉਂ ਤਿਉਂ ਕਰਿ ਲਏ, ਕੰਮ ਨਹੀਂ ਖੋਵੈ।
ਹਥ ਜੋੜਿ ਪਿਛੋਂ ਲਏ ਬਖਸ਼ਾਇ।
ਕੇਸਾਂ ਦਾ ਬੁਰਾ ਨਹੀ ਮੂਲ ਮੰਗਾਇ ॥੪੯੨
ਹੋਰ ਰਹਿਤ ਕੁਰਹਿਤ ਸਭ ਲਏ ਬਖਸ਼ਾਇ।
ਕੇਸਾਂ ਦਾ ਮੰਦਾ ਨਹੀਂ ਮੂਲ ਮੰਗਾਇ !"
ਚੌਪੇ ਸਿੰਘ ਨੂੰ ਬਚਨ ਸਾਹਿਬ ਇਹ ਕੀਤਾ:-
"ਲਿਖ 'ਰਹਿਤਨਾਮਾ-ਬੁਧਿ ਬਿਬੇਕ', ਸਿੱਖੀ ਦੀ ਰੀਤਾ !" ੪੯੩
ਤਿਨ ਕਹਿਆ: "ਗਰੀਬ ਨਿਵਾਜ ! ਤੇਰੇ ਰਿਦੇ ਦੀ ਤੂਹੇਂ ਜਾਣੇ !
ਇਹ ਜੀਉ ਤੁੱਛ ਬੁੱਧਿ, ਤੇਰੇ ਹਿਰਦੇ ਦੀ ਕਿਆ ਪਛਾਣੇ ?"
ਬਚਨੁ ਕੀਤਾ:-"ਤੇਰੀਆਂ ਰਸਨਾਂ ਉਪਰਿ ਹਉਂ ਹਾਂ !
ਤੂ ਦੀਦਾਰ ਕਰੁ, ਸਨਮੁਖ ਸਉਹਾਂ !!"੪੯੪
ਦੀਦਾਰ ਕਰਨੇ ਨਾਲਿ, ਬੁੱਧਿ ਪ੍ਰਗਟੁ ਹੋਇ ਆਈ।
ਤਿਨ 'ਰਹਿਤ ਨਾਮਾ' ਲਿਖਿਆ, ਦਿਨ ਤ੍ਰੈ-ਚਾਰ[1] ਲਾਈ।
ਜੋ ਸਿੱਖੀ ਦੀ ਰੀਤਿ ਆਹੀ, ਸਭ ਲਿਖੀ।
ਜਿਸ ਦੇ ਪੜ੍ਹਿਆਂ ਪ੍ਰਾਪਤਿ ਹੋਵੈ ਸਿੱਖੀ॥ ੪੯੫

---

*ਵਾਰ ਮਾਝ ਕੀ-ਸਲੋਕ ਮਹਲਾ ੨, ਪਉੜੀ ੨੨ ॥

੧-ਤਿੰਨ+ਚਾਰ=ਸੱਤ; ਯਾਨੀ ਭਾਈ ਚੌਂਪਾ ਸਿੰਘ ਨੇ ਸੱਤਾਂ ਦਿਨਾਂ ਵਿਚ 'ਰਹਿਤ ਨਾਮਾ' ਲਿਖਕੇ ਸ੍ਰੀ ਗੁਰੂ ਮਹਾਰਾਜ ਦੇ ਹਜ਼ੂਰਿ ਪੇਸ਼ ਕੀਤਾ। ਠੀਕ ਇਹੋ ਗੱਲ ਬਾਬਾ ਸੁਮੇਰ ਸਿੰਘ ਨੇ 'ਸ੍ਰੀ ਗੁਰੁ ਪ੍ਰੇਮ ਪਦ ਪ੍ਰਕਾਸ਼' ਗ੍ਰੰਥ ਦੇ 'ਦਸਮ ਮੰਡਲ' ਦੀ ੧੯ਵੀਂ ਸਾਖੀ ਦੇ ਸੋਲ੍ਹਵੇਂ ਛੰਦ ਵਿਚ ਆਖੀ ਹੈ।

---



Digitized by Panjab Digital Library | www.panjabdigilib.org

ਸੋ ਪਹਿਲੇ ਉਸਦਾ ਉਤਾਰਾ, ਸੀਤਲਸਿੰਘ 'ਬਹੁਰੂਪੀਏ' ਲਿਖਾਇਆ।
ਉਪਰਿ ਦਸਖਤ 'ਸਹੀ' ਲਏ ਪਵਾਇਆ।
ਫਿਰਿ 'ਸੂਦ' ਸਿੱਖ ਨੇ ਕੀਤਾ ਉਤਾਰਾ।
ਤਿਨ ਭੀ ਖਾਸ ਦਸਖਤ 'ਸਹੀ' ਪਵਾਈ ਮਝਾਰਾ ॥੪੯੬

... ... ... ... ...

ਅਠਾਰਾਂ ਸੈ ਤਨਖਾਹ ਅਤੇ ਰਹਿਤ ਲਿਖਣ ਵਿਚ ਆਈ।...੫੦੧

... ... ... ... ...

'ਬਚਿਤ੍ਰ ਨਾਟਕ' ਦੇ ਪੰਜਵੇਂ ਧਿਆਇ ਵਿਚਿ ਹੈ ਲਿਖਿਆ।
ਧਰਮ ਹੇਤ ਸਾਹਿਬ ਦੀਨੀ ਸਿਖਿਆ:—
"ਕਾਰਨ ਧਰਮੁ ਪੰਥ ਜੁਦਾ ਹੈ ਕੀਤਾ!
ਗੁਰੂ ਕਾ ਸਿੱਖ ਚਲੇ ਧਰਮ ਕੀ ਰੀਤਾ!!"੫੦੪

(ਦਸਵਾਂ ਚਰਨ)

ਇਹ ਇਸ਼ਾਰਾ ਭਾਈ ਸਾਹਿਬ ਨੇ 'ਵਿਚਿੱਤ੍ਰ ਨਾਟਕ ਗ੍ਰੰਥ' ਦੀਆਂ ਇਨ੍ਹਾਂ ਪੰਕਤੀਆਂ ਵੱਲਿ ਕੀਤਾ ਜਾਪਦਾ ਇ:—

**ਦੋਹਰਾ**

ਤਿਨ ਬੇਦੀਅਨ ਕੀ ਕੁਲ ਬਿਖੈ, ਪ੍ਰਗਟੇ ਨਾਨਕ ਰਾਇ।
ਸਭ ਸਿੱਖਨ ਕੋ ਸੁਖ ਦਏ, ਜਹ ਤਹ ਭਏ ਸਹਾਇ ॥੪

**ਚੌਪਈ**

ਤਿਨ ਇਹ ਕਲਿ ਮੋ ਧਰਮੁ ਚਲਾਯੋ।
ਸਭ ਸਾਧਨ ਕੋ ਰਾਹਿ ਬਤਾਯੋ।
ਜੋ ਤਾ ਕੇ ਮਾਰਗ ਮਹਿ ਆਏ।
ਤੇ ਕਬਹੂੰ ਨਹਿ ਪਾਪ ਸੰਤਾਏ ॥੫
ਜੇ ਜੇ ਪੰਥ ਤਵਨ ਕੇ ਪਰੇ।
ਤਾਪ ਪਾਪ ਤਿਨ ਕੇ ਪ੍ਰਭਿ ਹਰੇ।
ਦੂਖ ਭੂਖ ਕਬਹੂੰ ਨ ਸੰਤਾਏ।
ਜਾਲ ਕਾਲ ਕੇ ਬੀਚਿ ਨ ਆਏ ॥੬

ਯੱਾਨੀ, ਇਹ ਪੰਥ 'ਖਾਲਸਾ' (ਨਿਰਮਲ) ਅਸਾਂ ਅੱਡ ਨਹੀਂ ਕੀਤਾ; ਸਗੋਂ ਸਤਿਗੁਰੂ ਨਾਨਕ ਰਾਇ ਨੇ ਹੀ ਹਿੰਦੂ-ਤੁਰਕ ਦੇ ਪੁਰਾਣੇ ਚਲੇ ਆ ਰਹੇ ਧਰਮਾਂ ਤੋਂ ਨਿਆਰਾ 'ਸੰਤ-ਮਾਰਗੁ' ਚਾਲੂ ਕੀਤਾ ਹੈ।

ਇ: ਪ: ਪ੬.

Digitized by Panjab Digital Library | www.panjabdigilib.org

ਸਾਡੀ ਡਿਊਟੀ ਤਾਂ ਇਸ 'ਨਿਰਮਲ ਪੰਥ' ਦਾ ਪ੍ਰਚਾਰ ਕਰਨ, ਤੇ ਇਸਦਾ ਅੰਤਮ ਰੂਪ ਡੋਲ੍ਹਕੇ ਰਹਿਤ ਮਿਰਜਾਦਾ ਦੀ ਠੁੱਕ ਬੰਨ੍ਹਣ ਵਾਸਤੇ ਸ੍ਰੀ ਗੁਰੂ ਅਕਾਲ ਪੁਰਖੁ ਵਲੋਂ ਲੱਗੀ ਹੈ । ਸੋ ਅੱਜ ਇਹ ਰਹਿਤ-ਨਾਮਾ 'ਬੁੱਧਿ ਬਿਬੇਕ' ਨਾਮੇ ਲਿਖਵਾਕੇ ਪੂਰੀ ਕਰ ਦਿੱਤੀ ਹੈ ॥

(੨) ਇਸ ਮੌਕੇ 'ਰਹਿਤ ਨਾਮਾ' ਲਿਖੇ ਜਾਣ ਦਾ ਪਤਾ, 'ਸ੍ਰੀ ਤਖ਼ਤ ਪਟਣਾ ਸਾਹਿਬ' ਦੇ ਗ੍ਰੰਥੀ ਬਾਬਾ ਸੁਮੇਰ ਸਿੰਘ ਜੀ ਨੇ ਵੀ ਸੰਮਤੁ ੧੯੩੮ ਬਿੱ: ਵਿੱਚ ਰਚੇ ਗ੍ਰੰਥ–'ਸ੍ਰੀ ਗੁਰ-ਪ੍ਰੇਮ ਪਦ, ਪ੍ਰਕਾਸ਼'– ਵਿਖੇ ਦਿੱਤਾ ਹੈ। ਲਿਖਦੇ ਨਿ:–

**ਚੌਪਈ**

... ... ...

ਤਾਂ ਤੇ ਚੌਪਾ ਸਿੰਘ ਬੁਲਾਈ।
ਕਹੀ ਕ੍ਰਿਪਾਨਿਧਿ ਕਛੁ ਮੁਸਕਾਈ:–
"ਤੁਮ ਮੇਰੇ ਘਰ ਕੇ ਹੋ ਗਜਾਤਾ!
'ਛਿਬ੍ਰ ਬਿਪ੍ਰ'[1] ਧਰਮਾਦਿਕ ਖਜਾਤਾ !੧੩
ਤਾਂਤੇ ਰਹਤਨ ਲਿਖ ਕਰਿ ਲਜਾਵੋ।
ਮੇਰੇ ਦਸਖਤ ਤਬ ਕਰਵਾਵੋ!
ਤਵ ਰਸਨਾ ਪਰ ਮੋਰ ਨਿਵਾਸਾ!
ਮਿਲਿ ਗੁਰਮੁਖਨ ਲਿਖਹੁ ਰਹਿਰਾਸਾ[2]!੧੪
ਸਰਬ ਭਾਉ ਸਭ ਭਾਂਤਿ ਸੰਭਾਰੀ!
'ਗੁਰੂ ਗ੍ਰੰਥ'–ਤੁਕ ਕੇ ਅਨੁਸਾਰੀ।
ਰਚਹੁ 'ਰਹਤ ਨਾਮਾ' ਸੁਖ ਧਾਮਾ!"
ਸੁਨਿ ਤਿਨ ਕਰਜੋ ਤਬਾ ਹੀ ਕਾਮਾ।੧੫
ਸਪਤਮ ਦਿਵਸ ਤਜਾਰ ਕਰਿ ਲਜਾਯੋ।
ਸਾਚੇ ਸਤਿਗੁਰ ਸੁਨਿ ਸੁਖ ਪਾਯੋ।
ਨਿਜ ਕਰ-ਕਮਲ ਸਹੀ ਕਰ ਦੀਨੀ।
ਸੰਸਜ ਸਰਬ ਹਤਨ ਕਰ ਚੀਨੀ ॥੧੬। ਸਾਖੀ ੭੯ਵੀਂ
(ਛਾਪਾ ਲਿੱਥੋ–ਪੰਨਾ ੨੮੬)

---

੧–ਛਿੱਬਰ ਗੋਤ੍ਰੀ ਬ੍ਰਹਮਣ। ਭਾਈ ਚੌਂਪਾ ਸਿੰਘ ਇਸੇ ਕੁਲਿ ਦਾ ਦੀਪਕ ਸੀ। ੨–(ਫਾਰਸੀ–'ਰਾਹਿ ਰਾਸਤ') ਸਿੱਧਾ ਰਾਹ।

---



Digitized by Panjab Digital Library | www.panjabdigilib.org

ਸੋ, ਇਨ੍ਹਾਂ ਪੁਰਾਣੀਆਂ ਲਿਖਤਾਂ ਤੋਂ ਯਕੀਨ ਹੁੰਦਾ ਹੈ, ਕਿ ਸ੍ਰੀ ਸਤਿਗੁਰੂ ਨੇ 'ਨਿਰਮਲ ਪੰਥ' ਨੂੰ ਆਖਰੀ ਤੇ ਸਥਾਈ ਰੂਪ ਦੇ ਕੇ ਉਸਦੀ ਅਟੱਲ ਮ੍ਰਿਯਾਦਾ ਭੀ ਜ਼ਰੂਰ ਉਸੇ ਵੇਲੇ 'ਰਹਿਤ ਨਾਮਾ' ਲਿਖਵਾਕੇ ਬੰਨ੍ਹ ਦਿੱਤੀ ਸੀ। ਭਾਈ ਚੌਂਪਾ ਸਿੰਘ ਦਾ ਲਿਖਿਆ 'ਰਹਿਤ ਨਾਮਾ' ਪੰਡਿਤ ਤਾਰਾ ਸਿੰਘ ਜੀ 'ਨਰੋਤਮ' ਨੇ ਵੇਖਿਆ ਹੈ। 'ਸ੍ਰੀ ਗੁਰ ਤੀਰਥ ਸੰਗ੍ਰਹ' ਵਿੱਚ ਉਸਦਾ ਜ਼ਿਕਰ ਕਰਦਿਆਂ, ਬਾਬਾ ਸੁਮੇਰ ਸਿੰਘ ਦੇ ਇਸ ਕਥਨ ਦੀ ਉਗਾਹੀ ਭੀ ਭਰੀ ਹੈ, ਕਿ ਉਸ 'ਰਹਿਤ ਨਾਮੇ' ਵਿਚ 'ਸ੍ਰੀ ਗੁਰੂ ਗ੍ਰੰਥ' ਦੀਆਂ ਤੁਕਾਂ ਦੇ ਭਾਵ ਹਰਿ ਪਹਿਲੂ ਤੋਂ ਵਿਚਾਰ ਕੇ, ਰਹਿਤਾਂ-ਕੁਰਹਿਤਾਂ ਵਰਣਨ ਕੀਤੀਆਂ ਹਨ। ਪੰਡਿਤ ਜੀ ਦੇ ਲਫਜ ਹਨ:-

"ਚੌਧਵਾਂ ਗੁਰੂ ਦਸਮ ਜੀ ਕੇ ਖਿਲਾਵੇ ਚੌਂਪਾ ਸਿੰਘ ਜੀ ਕਾ।
ਇਸ ਨੇ ਬੀਚ ਮੋਂ ਗ੍ਰੰਥ ਸਾਹਿਬ ਜੀ ਕੀ ਤੁਕਾਂ ਭੀ ਲਿਖੀ ਹੈਂ"।
(ਪੰਨਾ ੧੧੬)

ਪ੍ਰੋਫੈਸਰ ਗੰਡਾ ਸਿੰਘ ਸਾਹਿਬ, ਸਕੱਤਰ-'ਸਿੱਖ ਹਿਸਟਰੀ ਸੋਸਾਇਟੀ' ਨੇ ਬੀ ਉਸ ਗ੍ਰੰਥ ਦੇ ਦਰਸ਼ਨ ਕਿਤੇ ਕੀਤੇ ਹਨ, ਜੋ ਚੰਗਾ ਚੋਖਾ ਵੱਡਾ ਸੀ। ਪਰ ਜੋ ਬਾਜ਼ਾਰੋਂ ਹੁਣ ਛਪਿਆ ਲਭਦਾ ਹੈ; ਉਹ ਮਸਾਂ ਚੁਵਰਕੀ ਜਿਹੀ ਹੈ; ਜੋ ਭਾਈ ਸਾਹਿਬ ਦੇ ਨਾਮ ਪੁਰ ਕਿਸੇ ਹੋਰਸ ਪ੍ਰੇਮੀ ਨੇ ਲਿਖਿ ਛਪਵਾ ਕੇ ਪ੍ਰਕਾਸ਼ੀ ਹੈ। ਇਸੇ ਤਰਾਂ ਭਾਈ ਦਇਆ ਸਿੰਘ ਜੀ, ਭਾਈ ਨੰਦ ਲਾਲ, ਭਾਈ ਪ੍ਰਹਲਾਦ ਸਿੰਘ, ਤੇ ਭਾਈ ਦੇਸਾ ਸਿੰਘ ਆਦਿ ਹਜ਼ੂਰੀ ਸਿੰਘਾਂ ਦੇ ਨਾਮ ਪੁਰ ਅਨੇਕਾਂ 'ਰਹਿਤ ਨਾਮੇ' ਲਿਖੇ-ਛਪੇ ਲਭਦੇ ਹਨ। ਪਰ ਹਨ ਸਾਰੇ ਹੀ ਗੁੰਮਨਾਮ ਵਿੱਦਵਾਨਾਂ ਦੇ ਰਚੇ ਹੋਏ। ਉਨ੍ਹਾਂ ਦੀ ਹਕੀਕਤ; ਅੰਦਰਲੀਆਂ ਉਗਾਹੀਆਂ ਤੋਂ ਹੀ ਖੁੱਲ੍ਹ ਜਾਂਦੀ ਹੈ।

ਭਾਈ ਕੇਸਰ ਸਿੰਘ 'ਛਿੱਬਰ' ਦੇ ਰਚੇ 'ਬੰਸਾਵਲੀ-ਨਾਮੇ' ਦਾ ਇੱਕ ਉਤਾਰਾ ਪਿੰਡ ਰਾਣੀਵਲ੍ਹਾ, (ਤਸੀਲ ਤਰਨ ਤਾਰਨ-ਜ਼ਿਲਾ ਅੰਮ੍ਰਿਤਸਰ) ਦੇ ਵਸਨੀਕ ਕਿਸੇ ਪ੍ਰੇਮੀ ਭਾਈ ਮਤਾਬ ਸਿੰਘ ਨੇ ਸੰਮਤ ੧੯੧੪ ਬਿ: ਵਿੱਚ ਕੀਤਾ ਹੈ; ਉਹ ਗ੍ਰੰਥ ਕਿਸੇ ਤਰਾਂ ਸਾਡੇ ਪਾਸ ਭੀ ਪੜ੍ਹਨ ਵਾਸਤੇ-ਪੁੱਜ ਗਿਆ ਸੀ। ਉਸ ਪੁਸਤਕ ਵਿੱਚ, ਚੰਗਾ-ਵੱਡਾ ਛੇ ਸੌ ਤੋਂ ਵੱਧ ਛੰਦਾਂ ਵਿੱਚ ਲਿਖਿਆ 'ਰਹਿਤਨਾਮਾ' ਭੀ ਹੈਸੀ। ਐਪਰ ਉਸਨੂੰ ਪੜ੍ਹਨ ਦਾ ਅਉਸਰ ਨਹੀਂ ਮਿਲਿਆ। ਹੋ ਸਕਦਾ ਇ,



Digitized by Panjab Digital Library | www.panjabdigilib.org

ਉਹ ਭਾਈ ਚੌਂਪਾ ਸਿੰਘ ਵਾਲੇ ਰਹਿਤਨਾਮੇ ਦਾ ਹੀ ਉਤਾਰਾ ਹੋਵੇ; ਅਰੁ ਭਾਈ ਕੇਸਰ ਸਿੰਘ 'ਛਿੱਬਰ' ਨੇ ਆਪਣੀ ਪੁਸਤਕ ਦੇ ਨਾਲ ਉਹ ਵੀ ਸ਼ਾਮਿਲ ਕਰ ਦਿੱਤਾ ਹੋਵੇ । ਦੋਵੇਂ ਬਜ਼ੁਰਗ ਇਕੋ ਕੁਲਿ 'ਛਿੱਬਰ' ਦੇ ਚੰਨ-ਚਰਾਗ ਹੋਣ ਦੇ ਨਾਤੇ, ਕੋਈ ਖਰੜਾ ਉਨ੍ਹਾਂ ਦੇ ਹੱਥ ਲੱਗ ਗਿਆ ਹੋਵੇ; ਇਹ ਗੱਲ ਸੰਭਵ ਭੀ ਹੈ ॥

ਲੇਕਿਨ ਇਹ ਗ੍ਰੰਥ ਜੋ ਅਸੀਂ ਆਪਦੇ ਪੇਸ਼ ਕਰ ਰਹੇ ਹਾਂ; ਭਾਈ ਚੌਂਪਾ ਸਿੰਘ ਦਾ ਲਿਖਿਆ 'ਬੁੱਧਿ ਬਿਬੇਕ' ਰਹਿਤ-ਨਾਮਾ ਨਹੀਂ; ਇਸ ਦਾ ਨਾਮ 'ਪ੍ਰੇਮ-ਸੁਮਾਰਗ' ਹੈ । ਇਹ ਕਿਸੇ ਕਵਿਤਾ ਵਿਚ ਲਿਖੇ 'ਰਹਿਤ ਨਾਮੇ' ਦਾ ਵਾਰਤਕ ਕੀਤਾ ਹੋਇਆ ਖਰੜਾ ਸਹੀ ਹੁੰਦਾ ਇ ॥

## ਇਹ ਲੱਭਾ ਕਿਵੇਂ ?

ਇਨ੍ਹਾਂ ਅੱਖਰਾਂ ਦੇ ਲਿਖਾਰੀ ਨੂੰ ਗੁਰਮਤਿ ਦੀ ਗੁੜ੍ਹਤੀ, ਅੱਠ-ਦਸ ਵਰ੍ਹੇ ਦੀ ਉਮਰੇ ਗੁਰਮੁਖੀ ਅੱਖਰ ਸਿਖਾਣ ਵਾਲੇ ਗੁਰਮੁਖ ਸਿੰਘ ਬਾਬਾ ਗੁਰਦਿੱਤ ਸਿੰਘ ਜੀ ਤੋਂ ਮਿਲੀ ਸੀ । ਉਸੇ ਵਕਤ ਤੋਂ ਦਸਮ ਪਾਤਿਸ਼ਾਹ ਦੀ ਬਾਣੀ ਪੜ੍ਹਨ-ਗੁੜ੍ਹਨ ਦਾ ਸ਼ੌਂਕ ਜਾਗਿਆ ਸੀ।

ਫਿਰ 'ਗੁਰਦੁਆਰਾ ਸੁਧਾਰ' ਲਹਿਰ ਸਮੇਂ ਜਦੋਂ ਪੰਥਕ ਸਰਗਰਮੀਆਂ ਵਿੱਚ ਹਿੱਸਾ ਲੈਣ ਦਾ ਅਉਸਰ ਮਿਲਿਆ; ਤਾਂ ਜੇਲ-ਯਾਤਰਾ ਵਿੱਚ ਹੋਰ ਧਾਰਮਕ ਗ੍ਰੰਥਾਂ ਦੇ ਪਾਠ ਵਿਚਾਰ ਦਾ ਸੁਭਾਗ ਭੀ ਲੱਧਾ ।

੧੯੨੭ ਈ: ਵਿਚ ਜੇਲੋਂ ਖਲਾਸੀ ਮਿਲਣ ਪੁਰ ਏਸੇ ਸਮੇਂ ਮੁੜਿ 'ਅਕਾਲੀ' ਅਖਬਾਰਾਂ ਦੀ ਸੇਵਾ ਮਿਲੀ। ਸ਼ਾਇਦ-ਸਨ ੧੯੩੦ ਈ: ਵਿਚ 'ਖਾਲਸਾ ਸਮਾਚਾਰ—ਅੰਮ੍ਰਿਤਸਰ' ਦੇ ਸਤਿਕਾਰ ਜੋਗ ਸੰਪਾਦਕ--ਭਾਈ ਸੇਵਾ ਸਿੰਘ ਜੀ-ਨਾਲ ਦਸਵੇਂ ਪਾਤਿਸ਼ਾਹ ਦੀ ਰਚਨਾ ਬਾਰੇ ਵਿਚਾਰ; ਕਦੀ ਕਦਾਈਂ ਹੁੰਦੀ ਰਹੀ। ਉਨ੍ਹਾਂ ਹੀ ਦਿਨਾਂ ਵਿੱਚ ਭਾਈ ਸਾਹਿਬ ਨੇ ਇਸ ਗ੍ਰੰਥ—'ਪ੍ਰੇਮ-ਸੁਮਾਰਗ'—ਦਾ ਜ਼ਿਕਰ ਕੀਤਾ। ਅਰੁ ਦੱਸਿਆ, ਕਿ "ਪੁਸਤਕ ਦੁਰਲੱਭ ਹੈ; ਪਰੁ ਇਕ ਕਾਪੀ 'ਪਬਲਿਕ ਲਾਇਬ੍ਰੇਰੀ—ਲਾਹੌਰ' ਵਿੱਚ ਹੈਗੀ ਐ।" ਲੇਕਿਨ ਉਸ ਮੌਕੇ ਇਸ ਸਰੀਰ ਦੀ ਸੇਵਾ ਚੂੰਕਿ 'ਅਕਾਲੀ' ਅਖਬਾਰਾਂ ਦੇ ਸਮਰਪਨ ਸੀ;

---

ਇ: ਪ: ਪ੯.

Digitized by Panjab Digital Library | www.panjabdigilib.org

ਕੰਮ ਕਾਰ ਦੇ ਅਠਾ-ਕੱਠ ਰੁਝੇਵੇਂ ਦੇ ਕਾਰਨ—ਸਾਲ ਕੁ ਭਰ ਲਾਹੌਰ ਰਹਿੰਦਿਆਂ ਭੀ—'ਪਬਲਿਕ ਲਾਇਬ੍ਰੇਰੀ' ਤੱਕ ਜਾਣ ਦੀ ਫੁਰਸਤ ਨਾ ਮਿਲੀ।

ਸੰਮਤ ੧੯੯੭ ਬਿੱ: (੧੯੪੦ ਈ:) ਤੋਂ ਬੁੰਗਾ—'ਸ਼ਹੀਦ ਗੰਜ ਬਾਬਾ ਬਸੰਤ ਸਿੰਘ ਜੀ' ਵਿੱਚ ਟਿਕਣ ਲਈ ਟਿਕਾਣਾ ਪ੍ਰਾਪਤਿ ਹੋਇਆ। ਇਸ ਬੁੰਗੇ ਦੇ ਸਾਮ੍ਹਣੇ ਮਕਾਨ ਵਿਚ ਬ੍ਰਿਧ ਬਾਬਾ ਈਸ਼ਰ ਸਿੰਘ ਜੀ 'ਰਾਗੀ' ਨਿਵਾਸ ਰਖਦੇ ਸਨ । ਬੀਕਾਨੇਰ ਰਿਆਸਤ ਵਿਚ ਜ਼ਮੀਨ ਖਰੀਦ ਲੈਣ ਕਰਕੇ, ਉਨ੍ਹਾਂ ਨੂੰ 'ਗੁਰੂ ਕੀ ਨਗਰੀ' ਦਾ ਵਾਸਾ ਛੱਡਣਾ ਪੈ ਗਿਆ । ਬਾਬਾ ਜੀ ਨੇ ਅਪਣੇ ਪੁਰਾਣੇ ਪੁਸਤਕਾਂ ਦੇ ਪਟਾਰ ਝਾੜੇ—ਫੋਲੇ; ਤਾਂ ਇੱਕ ਫਟਿਆ-ਪੁਰਾਣਾ ਲਿਖਤੀ ਪੁਸਤਕ, ਸ਼ਾਇਦ ਨਿਕਾਰਾ ਜਾਣਕੇ—'ਸ਼ਹੀਦ ਗੰਜ' ਵਿੱਚ ਲੱਗੇ ਸੇਵਾਦਾਰ—ਭਾਈ ਸੰਤਾ ਸਿੰਘ, ਨੰਗਲ (ਜ਼ਿਲਾ ਲੁੱਧਿਆਣਾ) ਨਿਵਾਸੀ—ਨੂੰ ਦੇ ਗਏ । ਭਾਈ ਜੀ ਨੇ ਉਹ ਸਾਨੂੰ ਸੌਂਪ ਦਿੱਤਾ । ਪੜ੍ਹਿਆ, ਤਾਂ ਨਾਮ 'ਪ੍ਰੇਮ-ਸੁਮਾਰਗ' ਮੱਾਲੂਮ ਹੋਇਆ । ਇਸ ਨਾਮ ਨੇ ਸੁੱਤੀਆਂ ਯਾਦਾਂ ਜਗਾ ਦਿੱਤੀਆਂ। ਪਰੁ ਪੁਸਤਕ ਦਾ ਸਿਰਫ ਧੜ ਹੀ ਧੜ ਸੀ; ਸਿਰ ਤੇ ਪੈਰ ਜ਼ਾਲਿਮ ਸਮੇਂ ਦੀ ਬੇਦਰੇਗ ਤੇਗ ਨੇ ਲਾਹ ਸੁੱਟੇ ਸਨ। ਏਨਾਂ ਹੀ ਗ਼ਨੀਮਤ ਜਾਣਕੇ, ਰਾਤ-ਬਰਾਤੇ ਉਸ ਨੂੰ ਪਦ-ਛੇਦ ਰੂਪ ਵਿੱਚ ਨਵਾਂ ਚੋਲਾ ਪਹਿਨਾ ਦਿੱਤਾ ਗਿਆ । ਪਰ ਪੂਰਾ ਕਰਨ ਦੀ ਖੁਤਖੁਤੀ ਅੰਦਰ ਲੱਗੀ ਹੀ ਰਹੀ।

ਉਨ੍ਹੀਂ ਦਿਨੀਂ ਚੂੰਕਿ ਗੁਰਦੁਆਰਿਆਂ ਦੇ ਪ੍ਰਬੰਧ ਦੀ ਦੇਖ-ਭਾਲ, ਤੇ ਹਿਸਾਬ-ਕਿਤਾਬ ਦੀ ਪੁੱਛ-ਪੜਤਾਲ ਵਾਸਤੇ ਦੌਰੇ ਪਏ ਰਹਿੰਦੇ ਸਨ; ਟਿਕਾਉ ਘੱਟ ਹੀ ਪ੍ਰਾਪਤਿ ਹੁੰਦਾ ਸੀ। ਕਈ ਵਾਰੀ ਇਕ-ਦੋ ਦਿਨਾਂ ਦੀ ਛੁੱਟੀ ਲੈਕੇ ਲਾਹੌਰ ਜਾਣਾ; ਤੇ ਪਬਲਿਕ ਲਾਇਬ੍ਰੇਰੀ ਵਿੱਚ ਬਹਿਕੇ 'ਪ੍ਰੇਮ-ਸੁਮਾਰਗ' ਦੀ ਨਕਲ ਕਰਨੀ । ਇਸ ਤਰਾਂ ਕੁਝ ਆਪ; ਤੇ ਕੁਝ ਸ: ਬਚਿੰਤ ਸਿੰਘ ਸਾਹਿਬ ਗੁ: ਇੰਸਪੈਕਟਰ ਦੇ ਉੱਦਮ ਨਾਲ—ਜੋ ਉਸ ਮੌਕੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ 'ਕਾਨੂਨੀ ਮਹਿਕਮੇ' ਵਿਚ ਲਾਹੌਰ, ਲੱਗੇ ਹੋਏ ਸਨ—ਉਤਾਰਾ ਕਰਕੇ; ਇਹ ਦੁਰਲੱਭ ਰਹਿਤਨਾਮਾ, ਮਸਾਂ ੨ ਮੁਕੰਮਲ ਕੀਤਾ । ਹਾਂ, ਸੱਚ ! ਬਾਬਾ ਈਸ਼ਰ ਸਿੰਘ ਪਾਸੋਂ ਮਿਲਿਆ ਪੁਰਾਣਾ ਪੁਸਤਕ, ਸਾਡੇ ਇੱਕ ਸਾਥੀ ਸ: ਅਰਜਨ ਸਿੰਘ, ਗੁ: ਇੰਸ: ਨੇ ਪੜ੍ਹਨ ਲਈ ਮੰਗ ਲਿਆ; ਤੇ ਮੁੜਿ ਦਰਸ਼ਨ ਹੀ ਨਹੀਂ

---



Digitized by Panjab Digital Library | www.panjabdigilib.org

ਕਰਾਏ । ਇਸ ਤਰ੍ਹਾਂ ਅਪਣਾ ਕੀਤਾ ਉਤਾਰਾ ਹੀ ਪੱਲੇ ਰਹਿ ਗਿਆ ਸੀ ।

—o—

## ਗ੍ਰੰਥ-ਕਰਤਾ ਨਾਲ ਜਾਣ-ਪਛਾਣ

ਇਸ ਪੁਸਤਕ ਦੇ ਅਰੰਭ ਵਿੱਚ ਕਿਤੇ ੨ 'ਸ੍ਰੀ ਮੁਖਵਾਕ ਪਾਤਸ਼ਾਹੀ ੧੦' ਤੇ ਕਿਤੇ ਸਿਰਫ 'ਪਾਤਸ਼ਾਹੀ ੧੦' ਪਾਠ ਮਿਲਦਾ ਹੈ। ਇਸ ਦਾ ਮਤਲਬ ਸਿਰਫ ਇਹੋ ਹੈ, ਕਿ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਬਿਚਿੱਤ੍ਰ ਨਾਟਕ ਗ੍ਰੰਥ' ਦੇ 'ਅਪਨੀ ਕਥਾ' ਵਾਲੇ ਭਾਗ ਵਿੱਚ, ਆਪਣੇ ਪ੍ਰਤਿ ਅਕਾਲ ਪੁਰਖ ਦੀ ਆਗਿਆ ਦਾ ਜੋ ਜ਼ਿਕਰ ਕੀਤਾ ਹੈ; ਉਸੇ ਦਾ ਉਲੇਖ ਇਸ ਦੇ ਪਹਿਲੇ ਅਧਿਆਉ ਵਿਚ ਕੀਤਾ ਗਿਆ ਹੈ। ਫਿਰ ਕੁਝ ਭਵਿੱਖਤ ਬਚਨ ਭੀ ਦਸਮ ਪਾਤਿਸ਼ਾਹ ਵਲੋਂ, 'ਕਲਕੀ ਅਵਤਾਰ ਕਥਾ' ਤੇ 'ਸਾਖੀ ਰਤਨ ਮਾਲ (ਸੌ ਸਾਖੀ) ਵਿੱਚ' ਵਰਨੇ ਪ੍ਰਸੰਗਾਂ ਦੀ ਰੌਸ਼ਨੀ ਲੈ ਕੇ ਆਖੇ ਹਨ। ਲੇਕਿਨ ਇਸ ਤੋਂ ਇਹ ਨਹੀਂ ਮਨਿ ਲੈਣਾ ਚਾਹੀਦਾ, ਕਿ ਦਸਵੇਂ ਪਾਤਿਸ਼ਾਹ ਖ਼ੁਦ ਆਪ ਇਸ ਗ੍ਰੰਥ ਦੇ ਰਚਣਹਾਰ ਹਨ। ਇਸੇ ਅਧਿਆਉ ਦੇ ਦੂਜੇ ਪੰਨੇ ਪੁਰ ਤੇਰ੍ਹਵੀਂ ਸਤਰ ਤੋਂ ਲਿਖਿਆ ਇਹ ਪਾਠ–

> "ਜੋ ਬਿਰਦੁ ਜਾਨਕੈ ਸਤਿਗੁਰੂ ਜੀ ਨੇ ਕਹੀ ਹੈ। ਤਬ ਬਿਰਦੁ ਜਾਨਕੈ ਦਸ ਜਾਮੇ ਇਨ੍ਹਾਂ ਜੀਆਂ ਦੇ ਵਾਸਤੇ ਸਤਿਗੁਰੂ ਪੈਧੇ ਸੇ; ਜੋ ਇਨ੍ਹਾਂ ਜੀਆਂ ਦੀ ਪਾਰਗਿਰਾਮੀ ਹੋਵੈ!"–

ਸਪਸ਼ਟ ਕਰ ਦੇਂਦਾ ਹੈ; ਕਿ ਇਸ ਗ੍ਰੰਥ ਦਾ ਲਿਖਾਰੀ, ਦਸਾਂ ਪਾਤਿਸ਼ਾਹਾਂ ਦੇ ਜੋਤਿ-ਜਾਮਿਆਂ ਤੋਂ ਵੱਖਰਾ ਕੋਈ ਹੋਰ ਹੈ। ਜਿਸਨੇ ਸਤਿਗੁਰਾਂ ਦੇ ਸ੍ਰੀ ਮੁਖ ਤੋਂ ਸੁਣੇ, ਯਾ ਉਨ੍ਹਾਂ ਦੇ ਕਵਿਤਾ ਵਿੱਚ ਲਿਖੇ ਬਚਨਾਂ ਨੂੰ ਵਾਰਤਕ ਕਰਕੇ ਪ੍ਰਚਾਰਿਆ ਹੈ। ਫਿਰ ਪੰਨੇ ਤੀਜੇ ਦੀ ਪੰਧਰਵੀਂ ਸਤਰ ਤੋਂ ਅਰੰਭੇ ਇਹ ਲਫਜ਼–

> ਅਰੁ ਕਹੈਗਾ : "ਮੈਂ ਪਰਮ ਪੁਰਖੁ ਕਾ ਦਾਸ ਹੌਂ! ਮਰਦ ਕਾ ਚੇਲਾ ਹੌਂ!" ਅਰੁ ਜਿਤਨੀਆਂ ਮੰਜੀਆਂ

---

ਇ: ਪ: ੬੧.

Digitized by Panjab Digital Library | www.panjabdigilib.org

ਹੋਨਿਗੀਆਂ, ਤਿਤਣੀਆਂ ਸਭਣਾਂ ਕਾ ਨਾਸੁ ਹੋਇਗਾ।
ਕਿਉਂ ਜੋ ਓਤ ਸਮੇਂ ਦੀਵਾਨ ਸਭ ਮੌਕੂਫ ਹੋਨਿਗੇ;
ਓਤ ਸਮੇ ਕੇ। ਅਗਲੀਆਂ ਕੇ, ਪਿਛਲੀਆਂ ਸਭਨਾਂ
ਮੰਜੀਆਂ ਕਾ ਨਾਸੁ ਕਰੇਗਾ।—

ਇਸ਼ਾਰਾ ਕਰਦੇ ਹਨਿ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਾਕ—

"ਮੈ ਹੋਂ ਪਰਮ ਪੁਰਖ ਕੋ ਦਾਸਾ॥
ਦੇਖਣ ਆਇਓ ਜਗਤ ਤਮਾਸਾ॥...੩੩॥ਆਦਿ;
('ਅਪਨੀ ਕਥਾ'—ਅਧਿ: ੬)

ਅਰੁ ਮਸੰਦਾਂ ਦੀਆਂ ਮੰਜੀਆਂ (ਗੱਦੀਆਂ) ਦੇ ਸਾਰੇ ਦੀਵਾਨ (ਦਰਬਾਰ-ਸੰਗਤਾਂ) ਮਨਸੂਖ ਕਰਕੇ ਸਰਬਤਿ ਸੰਗਤਿ ਨੂੰ ਅਪਣਾ 'ਖਾਲਸਾ' ਬਨਾਉਣ ਦੇ ਪ੍ਰਸੰਗ ਵਲਿ। ਭਾਵੇਂ ਇਹ ਬਚਨ ਅਕਾਲ ਪੁਰਖ ਵੱਲੋਂ ਦਸਵੇਂ ਪਾਤਿਸ਼ਾਹ ਪ੍ਰਤਿ ਆਖੇ ਦੱਸੇ ਹਨ; ਪਰ ਦੱਸਣਹਾਰ ਗੁਰੂ ਗੋਬਿੰਦ ਸਿੰਘ ਸਾਹਿਬ ਨਹੀਂ, ਸਗੋਂ ਉੱਤਮ, ਮੱਧਮ ਪੁਰਖ ਤੋਂ ਵੱਖਰਾ ਕੋਈ ਤੀਜਾ-ਤਿਹਾੜ (ਥ੍ਰਡ-ਪਰਸਨ) ਹੈ। ਹੋ ਸਕਦਾ ਇ, ਇਸ ਲਿਖਾਰੀ ਦੇ ਰੂਬਰੂ, ਭਾਈ ਚੌਂਪਾ ਸਿੰਘ ਪਾਸੋਂ ਲਿਖਵਾਇਆ ਸ੍ਰੀ ਦਸਮੇਸ਼ ਜੀ ਦਾ 'ਬੁੱਧਿ-ਬਿਬੇਕ-ਰਹਿਤਨਾਮਾ' ਹੀ ਹੋਵੇ। ਅਰੁ ਉਸੇ ਦੇ ਆਸਰੇ ਇਹ ਸਾਰਾ ਗ੍ਰੰਥ ਤਿਆਰ ਹੋਇਆ ਹੋਵੇ। ਲੇਕਿਨ ਇਸ ਵਿਚ ਦੱਸੀ ਗਈ ਰਹਿਤ ਮ੍ਰਿਜਾਦਾ ਚੂੰਕਿ ਉਹੋ ਹੈ, ਜੋ ਦਸਵੇਂ ਪਾਤਿਸ਼ਾਹ ਨੇ ਸੰਗਤਿ ਨੂੰ ਅਪਣਾ 'ਖਾਲਸਾ' ਬਣਾ ਕੇ, ਤੇ ਖੰਡੇ ਦਾ ਅੰਮ੍ਰਿਤ ਛਕਾ ਕੇ, ਉਪਦੇਸ਼ੀ ਸੀ। ਅਰੁ ਫਿਰ ਭਾਈ ਚੌਂਪਾ ਸਿੰਘ ਪਾਸੋਂ ਲਿਖਵਾਕੇ, ਸਹੀ ਪਾਈ ਸੀ। ਇਸੇ ਕਰਕੇ ਇਸ ਗ੍ਰੰਥ ਪੁਰ 'ਪਾਤਿਸ਼ਾਹੀ ੧੦' ਪਾਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਸਿੱਧਾ ਮਨਸੂਬ ਕੀਤਾ ਹੈ।

ਇਹ ਪੋਥੀ ਪੜ੍ਹਦਿਆਂ ਕਈ ਥਾਂਈਂ ਐਉਂ ਜਾਪਦਾ ਇ, ਜਿਵੇਂ ਲਿਖਾਰੀ ਕਿਸੇ ਛੰਦ-ਬੰਦ ਪੁਸਤਕ ਨੂੰ ਉਸੇ ਬੋਲੀ ਵਿੱਚ ਵਾਰਤਕ ਕਰਦਾ ਜਾ ਰਿਹਾ ਹੈ; ਜਿਸ ਵਿਚ, ਅਸਲ ਲੇਖਕ ਨੇ ਲਿਖੀ ਸੀ। ਜਿਹਾ ਕਿ ਹੇਠ ਲਿਖੇ ਵਾਕ ਯਾ ਬਚਨ, ਕਈ ਛੰਦਾਂ ਵਿਚੋਂ ਭਾਵ ਲੈਕੇ ਪੂਰੇ ਕੀਤੇ ਹਨ; ਪਰ ਨਾਲ ਛੰਦਾਂ ਦੇ ਅੰਕ ਭੀ ਦੇ ਦਿੱਤੇ ਹਨ।

"ਇਸ ਪ੍ਰਾਣੀ ਸਿਖ ਖਾਲਸੇ ਸ੍ਰੀ ਅਕਾਲ ਪੁਰਖ ਕੇ ਨੋ ਚਾਹੀਐ॥੧॥ ਪਹਿਲੇ ਤਉ ਪ੍ਰਸਾਦਿ ਕਰਨੇ ਕੀ, ਖਾਣ ਕੀ



Digitized by Panjab Digital Library | www.panjabdigilib.org

ਜਾਗਹਿ ਅਛੀ ਬਨਾਏ ॥ ੨ ॥ ਲੀਪਿ ਪੋਚੇ ਮਾਟੀ ਸਪੇਦ ਸਾਥਿ ॥੩" (ਪੰਨਾ ਪ੬)

ਅਤੇ-"ਜਬ ਪ੍ਰਸਾਦਿ ਹੋਵੈ, ਅਰੁ ਸਬੱਬ ਪਾਇਕੈ ਜੋ ਆਦਮੀ ਪ੍ਰਸਾਦਿ ਦੀ ਤਿਆਰੀ ਸਮੈ ਆਵਨਿ। ਆਗੈ ਪ੍ਰਸਾਦਿ ਮਾਫਿਕ ਹੋਵੈ। ਤਾਂ ਮਨ ਬਿਖੈ ਨਾ ਲਿਆਵੈ, ਜੋ 'ਥੋੜਾ ਹੈ। ਕਿਉਂ ਆਏ ਹੈਨਿ।' ਇਸ ਨੀਅਤ ਵਿਚਾਰ ਦਾਲਿਦ੍ਰ ਹੋਂਦਾ ਹੈ ॥ ੮ ॥ ਅਰੁ ਜੋ ਆਏ ਹੋਇ ਥੋੜੇ ਮੈ ਮਨ ਬਚ ਕ੍ਰਮ ਕਰਿ ਰਾਜੀ ਹੋਵੈਂ। ਛੱਡਿ ਨ ਖਾਏਂ। ਉਸ ਵਿਚ ਬਰਕਤਿ ਪਵੈ; ਕਿਸੀ ਗੱਲ ਦੀ ਕਮੀ ਨ ਹੋਵੈ ॥ ੯" (ਪੰਨਾ ਪ੮)

"ਸਾਗ ਜਹਾਂ ਤਕ ਹੈ, ਸੋ ਸਭ ਪਵਿਤ੍ਰ ਹੈ। ਜੋ ਇਨ੍ਹਾਂ ਵਸਤਾਂ ਮੈ ਸੇ ਅਪਨੀ ਦੇਹੀ ਨੂੰ ਮਾਫਿਕ ਹੋਵੈ ਸੋ ਸਭ ਖਾਏ ॥੪॥ ਮਾਸ ਖਾਣੇ ਮੈ ਬੀਚਾਰ ਹੈ।ਪ॥ ਮੱਛੀ ਖਾਣੇ ਮੈ ਬੀਚਾਰ ਹੈ।੬॥ ਕਿਉਕਰਿ ਕਿ ਪ੍ਰਥਮ ਤਉ ਅਖੇਟ ਬ੍ਰਿਤ ਸ਼ਿਕਾਰ ਕਰਿ ਖਾਏ।੭॥ ਅਰੁ ਜੋ ਸ਼ਿਕਾਰ ਕਰਿ ਨ ਸਕੈ ਝਟਕੇ ਕਾ ਖਾਏ। ਅਰੁ ਜੋ ਜਾਨਵਰ ਕਦਾਂਚ ਅਚਾਨਕ ਚੋਟ ਲੱਗੇ ਜੀਵ ਦੇਇ, ਤਾਂ ਉਸ ਦਾ ਭੀ ਮਾਸ ਖਾਣਾ ਕਹਿਆ ਹੈ। ਇਕ ਨਹੀਂ ਖਾਇ: ਜੋ ਜਾਨ ਕਰਿ ਰੋਗੀ ਹੋਇ; ਉਸਦਾ ਮਾਸ ਬਹੁਤ ਬੁਰਾ ਹੈ ਖਾਣਾ। ਅਪਵਿਤ੍ਰ ਸਿਰ ਅਪਵਿਤ੍ਰ ਹੈ। ਭਾਵੈਂ ਸ਼ਿਕਾਰ ਕਰੇ ਭਾਵੈਂ ਝਟਕਾ। ਭਾਵੈਂ ਚੋਟ ਲਾਗੇ; ਭਾਵੈ ਜ਼ਿਬਹ ਹੋਵੈ। ਸਭ ਏ ਰੋਗ ਕਰਕੇ ਖਾਣਾ ਕਹਿਆ ਨਾਹੀ ॥ ੮" (ਪੰਨਾ ਪ੯)–ਆਦਿ ॥

ਉੱਤੇ ਦਿੱਤੇ ਵਾਰਤਕ ਪਾਠਾਂ ਵਿੱਚ, ਕਿਸੇ ਛੰਦ ਦਾ ਸੰਖੇਪ ਭਾਵ, ਇਕ ਨਿੱਕੇ ਜੇਹੇ ਵਾਕ ਯਾ ਤੁਕ ਵਿੱਚ ਹੀ ਦੇ ਦਿੱਤਾ ਹੈ, ਪਰ ਕਿਸੇ ਇੱਕ ਤੁਕ ਯਾ ਵਾਕ ਨੂੰ, ਇੱਕ ਤੋਂ ਵੱਧ ਛੰਦਾਂ ਵਿੱਚੋਂ ਭਾਵ ਲੈਕੇ ਪੂਰਿਆਂ ਕੀਤਾ ਗਿਆ ਹੈ। ਅਰੁ ਕਿਸੇ ਛੰਦ ਦਾ ਭਾਵ ਸਪਸ਼ਟ ਕਰਨ ਲਈ ਲੰਮਾ ਪਾਠ ਲਿਖਣਾ ਪਿਆ ਹੈ। ਸੋ, ਸਪਸਟ ਹੈ; ਕਿ ਗ੍ਰੰਥ-ਲਿਖਾਰੀ ਕਿਸੇ ਕਵਿਤਾ ਵਿੱਚ ਰਚੇ ਹੋਏ ਗ੍ਰੰਥ ਨੂੰ ਆਮ-ਫਹਿਮ ਵਾਰਤਾ ਵਿੱਚ ਲਿਖਣ ਦਾ ਜਤਨ ਕਰ ਰਿਹਾ ਹੈ ॥

ਅਸਲ ਗ੍ਰੰਥ ਦੇ ਰਚਣਹਾਰ, ਜੇ ਦਸਵੇਂ ਪਾਤਿਸ਼ਾਹ ਆਪ ਨਹੀਂ, ਤਾਂ ਉਨ੍ਹਾਂ ਦਾ ਕੋਈ ਸਮਕਾਲੀ ਤੇ ਨਿਕਟਵਰਤੀ ਵਿੱਦਵਾਨ ਜ਼ਰੂਰ ਪ੍ਰਤੀਤਿ ਹੁੰਦਾ ਇ। ਅਰੁ ਉਹ ਸੰਸਾਰ ਦੇ ਜ਼ਰੂਰੀ ਮਸਲਿਆਂ–

---

।ਇ: ਪ: ੬੩.

Digitized by Panjab Digital Library | www.panjabdigilib.org

ਧਰਮ, ਅਰਥ, ਕਾਮ ਤੇ ਮੋਖ–ਤੋਂ ਪੂਰੀ ਤਰਾਂ ਜਾਣੂ ਹੈ। ਜ਼ਿੰਦਗੀ ਦੇ ਹਰ ਪਹਿਲੂ ਦੀ ਉਸ ਨੂੰ ਸਿੱਖੀ ਨੁਕਤਾ ਨਿਗਾਹ ਤੋਂ ਚੰਗੀ-ਚੋਖੀ ਵਾਕਫੀਅਤ ਹੈ। ਫਾਰਸੀ ਬੋਲੀ ਤੇ ਸਰਕਾਰੀ ਰਿਵਾਜੀ ਸ਼ਬਦਾਵਲੀ (ਇਸਤਿਲਾਹਾਤ) ਸੰਬੰਧੀ ਉਸ ਨੂੰ ਚੰਗਾ ਗਿਆਨ ਹੈ। ਰਾਜ-ਪ੍ਰਬੰਧ ਸੰਬੰਧੀ ਅਹੁਦਿਆਂ ਤੇ ਮਨਸਬਾਂ ਆਦਿ ਬਾਰੇ ਨਵੇਂ ਖਾਲਸਈ ਸ਼ਬਦ ਬੜੇ ਢੁਕਵੇਂ ਤੇ ਭਾਵ-ਪੂਰਤ ਘੜ ਸਕਦਾ ਹੈ। ਆਮ-ਵਾਕਫੀਅਤ (ਜਨਰਲ ਨਾਲਿਜ) ਭੀ ਗ੍ਰੰਥਕਾਰ ਦੀ, ਭਾਈ ਗੁਰਦਾਸ 'ਭੱਲੇ' ਵਾਂਗੂ ਬੜੀ ਖੁੱਲ੍ਹੀ ਤੇ ਵਿਸ਼ਾਲ ਹੈ। ਫਾਰਸੀ ਦੇ ਕਈ ਲਫਜ਼ਾਂ ਨੂੰ ਆਮ ਪ੍ਰਚਲਤ ਰੂਪ ਵਿੱਚ ਭੀ ਵਰਤਦਾ ਹੈ ਜਿਹਾ ਕਿ 'ਪੈਗੰਬਰ' ਨੂੰ 'ਪਿਕੰਬਰ', 'ਫਾਰਗ਼' ਨੂੰ 'ਫਾਰਕ', 'ਨਜ਼ਦੀਕ' ਨੂੰ 'ਨਜੀਕ', 'ਰੋਜ਼ਗਾਰ' ਨੂੰ 'ਰੁਜਗਾਰ' 'ਸਫੇਦ' ਨੂੰ 'ਸੁਪੇਦ' ਤੇ 'ਮੁਨਕਿਰ' ਨੂ 'ਨਮੁੱਕ੍ਰ' ਆਦਿ। ਇਨ੍ਹਾਂ ਰੂਪਾਂਤ੍ਰ ਸ਼ਬਦਾਂ ਤੋਂ ਬਿਨਾਂ, ਲਿਖਾਰੀ ਨੇ ਹੋਰ ਅਨੇਕਾਂ ਲਫਜ਼ ਅੱਰਬੀ-ਫਾਰਸੀ ਦੇ ਪੂਰੀ ਸੁੱਧ ਸੂਰਤਿ ਵਿੱਚ ਵਰਤੇ ਹਨ। ਜਿਹਾ ਕਿ– ਮਉਕੂਫ਼, ਰੁਜੂੱ, ਜਮੱਯਤ, ਕੁਸ਼ਾਇਸ਼, ਮੱਲੂਮ, ਆਸਤੀਨ, ਕਮਰ, ਫਤਹ, ਪਾਇਜਾਮਾ, ਮੌਜ਼ੇ, ਬਾਜ਼ੂਬੰਦ, ਐਜਿਜ਼ ਰੁਖ਼ਸਤ, ਖ਼ਸਲਤ, ਜ਼ਿਬਹ ਤੇ ਮੁਯੱਸਰ ਆਦਿ।

ਇਸ ਤਰਾਂ ਦੀ ਵਿਸ਼ੇਸ਼ ਯੋਗਤਾ ਤੇ ਵਿਸ਼ਾਲ ਜਾਣਕਾਰੀ ਤੋਂ ਪਤਾ ਲਗਦਾ ਇ, ਕਿ ਇਸ ਗ੍ਰੰਥ ਦਾ ਲਿਖਾਰੀ, ਸ੍ਰੀ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਦਾ ਕੋਈ ਦਰਬਾਰੀ ਲਿਖਾਰੀ ਮੁਨਸ਼ੀ-ਫਾਜ਼ਿਲ ਤੇ ਮਹਾਂ-ਗਿਆਨੀ ਹੈ॥

ਇਸ ਗ੍ਰੰਥ ਦੀ ਬੋਲੀ ਭੀ ਉਹੋ ਹੈ, ਜੋ ਸਤਿਗੁਰਾਂ ਦੇ ਸਮੇ ਯਾ ਉਸਦੇ ਅਗਲੇ-ਪਿਛਲੇ ਨੇੜ ਵਿੱਚ ਲਿਖੀ-ਵਰਤੀ ਜਾਂਦੀ ਸੀ। ਜਿਹਾ ਕੁ ਭਾਈ ਸਾਹਿਬ ਮਨੀ ਸਿੰਘ 'ਸ਼ਹੀਦ' ਨੇ ਮਾਤਾ ਸੁੰਦਰ ਸਰੂਪ ਜੀ ਤੇ ਸਾਹਿਬ ਦੇਵਾਂ ਜੀ ਵਲਿ ਲਿਖੇ ਇਸ ਬਿਨੈ ਪੱਤ੍ਰ ਵਿੱਚ ਵਰਤੀ ਹੈ:–

"੧ ਓ ਅਕਾਲ ਸਹਾਏ॥

ਪੂਜ ਮਾਤਾ ਜੀ ਜੀ ਦੇ ਚਰਨਾ ਪਰ ਮਨੀ ਸਿੰਘ ਕੀ ਡੰਡੋਤ ਬੰਦਨਾ॥
ਬਹੁਰੋ ਸਮਾਚਾਰ ਵਾਚਨਾ ਕਿ ਇਧਰ ਆਉਨ ਪਰ ਸਾਡਾ
ਸਰੀਰ ਵਾਯੂ ਕਾ ਅਧਿਕ ਵਿਕਾਰੀ ਹੋਇ ਗਇਆ ਹੈ।
ਸੁਅਸਤ ਨਾਹੀ ਰਿਹਿਆ। ਤਾਪ ਕੀ ਕਥਾ ਦੋ ਬਾਰ ਸੁਨੀ।



Digitized by Panjab Digital Library | www.panjabdigilib.org

ਪਰ ਮੰਦਿਰ ਕੀ ਸੇਵਾ ਮੇਂ ਕੋਈ ਆਲੁਕ ਨਾਹੀ। ਦੇਸੁ ਵਿਚਿ ਖਾਲਸੇ ਕਾ ਬਲੁ ਛੁਟਿ ਗਇਆ ਹੈ॥ ਸਿੰਘ ਪਰਬਤਾਂ ਬਬਾਨਾਂ ਵਿਚਿ ਜਾਇ ਬਸੇ ਹੈਨ ॥ ਮਲੇਛੋਂ ਕੀ ਦੇਸੁ ਮੇ ਦੋਹੀ ਹੈ॥ ਬਸਤੀ ਮੇ ਬਾਲਕ ਜੁਵਾ ਇਸਤ੍ਰੀ ਸਲਾਮਤੁ ਨਾਹੀਂ ॥ ਮੁਛ ਮੁਛ ਕਰਿ ਮਾਰਦੇ ਹੈਨ ॥ ਗੁਰੂ ਦਰੋਹੀ ਬੀ ਉਨਾਂ ਦੇ ਸੰਗੁ ਮਿਲਿ ਗਏ ਹੈਨ॥ ਹੰਦਾਲੀਏ ਮਿਲਿ ਕਰਿ ਮੁਕਬਰੀ ਕਰਦੇ ਹੈਨ॥ ਸਬੀ ਚਕੁ ਛੋੜ ਗਏ ਹੈਨ॥ ਮੁਤਸਦੀ ਭਾਗ ਗਏ ਹੈਨ॥ ਸਾਡੇ ਪਰ ਅਬੀ ਤੋ ਅਕਾਲ ਕੀ ਰਛਾ ਹੈ॥ ਕਲ ਕੀ ਖਬਰ ਨਾਹੀਂ॥ ਸਾਹਿਬਾਂ ਦੇ ਹੁਕਮ ਅਟਲ ਹੈਨਿ॥ ਬਿਨੋਦ ਸਿੰਘ ਦੇ ਪੁਤਰੇਲੇ ਦਾ ਹੁਕਮ ਸਤੁ ਹੋਇ ਗਇਆ ਹੈ। ਪੋਥੀਆਂ ਜੋ ਝੰਡਾ ਸਿੰਘ ਹਥਿ ਭੇਜੀ ਥੀ। ਉਨਾ ਵਿਚਿ ਸਾਹਿਬਾਂ ਦੇ ੩੦੩ ਚਰਿਤ੍ਰ-ਉਪਖਿਆਨ ਦੀ ਪੋਥੀ ਜੋ ਹੈ ਸੋ ਸੀਹਾਂ ਸਿੰਘ ਨੂੰ ਮਹਲ ਵਿਚਿ ਦੇਨਾ ਜੀ ॥ ਨਾਮਮਾਲਾ ਕੀ ਪੋਥੀ ਦੀ ਖਬਰੁ ਅਬੀ ਮਿਲੀ ਨਾਹੀ॥ ਕਰਿਸਨਾਵਤਾਰ ਪੂਰਬਾਰਧ ਤੋ ਮਿਲਾ॥ ਉਤਰਾਰਧ ਨਾਹੀ ॥ ਜੋ ਮਿਲਾ ਅਸੀ ਭੇਜ ਦੇਵਾਗੇ॥ ਦੇਸ ਵਿਚਿ ਗੋਗਾ ਹੈ ਕਿ ਬੰਦਾ ਬੰਧਨ ਮੁਕਤਿ ਹੋਇ ਭਾਗ ਗਇਆ ਹੈ॥ ਸਾਹਿਬ ਬਾਹੁੜੀ ਕਰਨਗੇ॥ ਤੋਲਾ ੫ ਸੋਨਾ ਸਾਹਿਬਜਾਦੇ ਕੀ ਘਰਨੀ ਕੇ ਆਭੂਖਨ ਲਈ ਗੁਰੂ ਕਿਆਂ ਖਡੂਰ ਸੇ ਭੇਜਾ ਹੈ॥ ੧੭ ਰਜਤਪਨ ਬੀ ਝੰਡਾ ਸਿੰਘ ਸੇ ਭਰ ਪਾਨੇ ॥ ਪੰਜ ਰਜਤਪਨ ਇਸੇ ਤੋਸਾ ਦੀਆ। ਇਸ ਨੂੰ ਬਦਰਕਾ ਬੀ ਹੈ। ਇਸ ਸੇ ਉਠਿ ਜਾਵੇਗਾ। ਮੁਸਤਦੀਓਂ ਨੇ ਹਿਸਾਬ ਨਾਹੀ ਦੀਆ। ਜੋ ਦੇਂਦੇ ਤਾਂ ਬਡੇ ਸਹਿਰ ਸੇ ਹੁੰਡੀ ਕਰਾਇ ਭੇਜਦੇ। ਅਸਾਡੇ ਸਰੀਰ ਦੀ ਰਛਿਆ ਰਹੀ ਤਾਂ ਕੁਆਰ ਦੇ ਮਹੀਨੇ ਆਵਾਂਗੇ॥ ਮਿਤੀ ਵੈਸਾਖੁ ੨੨ ॥ ਦਸਖਤ ਮਨੀ ਸਿੰਘ॥ ਗੁਰੂ ਚਕੁ ਬੁੰਗਾ॥ ਜੁਆਬ ਪੋਰੀ ਮੇਂ ॥"

ਇਸ ਬੋਲੀ ਤੇ ਤਰਜ਼ਿ ਬਿਆਨੀ ਦੇ ਮੇਲ-ਗੇਲ ਤੋਂ, ਖਿਆਲ ਹੋ ਸਕਦਾ ਇ, ਕਿ ਭਾਈ ਮਨੀ ਸਿੰਘ ਜੀ ਨੇ ਯਾ ਉਨ੍ਹਾਂ ਦੇ ਕਿਸੇ ਹੋਰ ਸੰਗੀ ਸਾਥੀ ਵਿੱਦਵਾਨ ਨੇ ਹੀ ਭਾਈ ਚੌਂਪਾ ਸਿੰਘ ਵਾਲੇ ਰਹਿਤਨਾਮੇ ਨੂੰ ਸਰਲ ਵਾਰਤਾ ਵਿੱਚ ਉਲਥਾਇਆ ਹੋਵੇ॥

ਇ: ਪ: ੬੫.

Digitized by Panjab Digital Library | www.panjabdigilib.org

# 'ਪ੍ਰੇਮ ਸੁਮਾਰਗ' ਦਾ ਰਚਨ-ਕਾਲ

ਇਸ ਗ੍ਰੰਥ ਦਾ ਜੋ ਉਤਾਰਾ, ਸਰ ਅਤਰ ਸਿੰਘ ਸਾਹਿਬ—'ਭਦੌੜ' ਨੇ 'ਪਬਲਿਕ ਲਾਇਬ੍ਰੇਰੀ—ਲਾਹੌਰ' ਨੂੰ ਸੌਂਪਿਆ ਹੈ, ਉਸਦੇ ਅੰਤ ਪੁਰ "ਸੰਮਤ ੧੯੩੧" ਪਿਆ ਹੋਇਆ ਹੈ। ਇਸ ਤੋਂ ਪਹਿਲਾਂ ਦੀ ਲਿਖਤੀ ਸੈਂਚੀ ਹਾਲਾਂ ਤੱਕ ਹੱਥ ਨਹੀਂ ਲੱਗੀ। ਇਸੇ ਇਰਦੇ-ਗਿਰਦੇ (ਸੰਮਤ ੧੯੩੪ ਬਿੱ.) ਵਿੱਚ, ਸਤਿਕਾਰ ਜੋਗ ਬਾਬਾ ਰਾਮ ਸਿੰਘ ਜੀ 'ਨਾਮਧਾਰੀ', ਨਜ਼ਰਬੰਦੀ ਦੇ ਦਿਨੀਂ ਲਿਖੇ ਇਕ ਹੁਕਮਨਾਮੇ ਨਾਲਿ ਇਕ 'ਸੰਚੀ'—ਵੀਹ ਵਿੱਸਵੇ 'ਸਾਖੀ ਰਤਨ ਮਾਲ' (ਸੌ ਸਾਖੀ)—ਭੇਜਕੇ, ਤਾਕੀਦ ਕਰਦੇ ਹਨ:—

੧ ੴ ਸਤਿਗੁਰ ਪ੍ਰਸਾਦਿ ॥

ਭਾਈ ਇਹ ਸੰਚੀ ਭੇਜੀ ਹੈ ਤੁਮਾਰੇ ਪਾਸ; ਤੁਸੀਂ ਪੜ੍ਹਕੇ, ਫੇਰ ਸਾਨੂੰ ਦੇ ਦੇਣੀ! ਨਾਨੂ ਸਿੰਘ* ਏਸ ਸੰਚੀ ਨਾਲ ਪਿਆਰ ਰਖਦਾ ਹੈ; ਨਿਤ ਦੇਖਦਾ ਪੜ੍ਹਦਾ ਹੈ। ਜੇ ਤੁਸੀਂ ਰਖਣੀ ਹੋਵੇ ਤਾਂ ਉਤਾਰ ਕਰ ਲੈਣੀ। ਨਹੀਂ ਤਾਂ, ਪੰਜਾਬ ਤੇ ਈ ਆਈ ਹੈ; ਤੁਸੀਂ ਓਥੇ ਜਾ ਕੇ ਦੇਖ ਲੈਣੀ; ਉਤਾਰ ਲੈਣੀ। ਇਹ ਸੰਚੀ 'ਪ੍ਰਹਲਾਦ ਸਰ' ਬਾਲੀ ਪੋਥੀ ਤੇ ਨਿਕਲੀ ਹੈ। ਸਾਨੂੰ ਦੇ ਗਿਆ ਹੈ ਨਰੈਣ ਸਿੰਘ†। ਏਦੂੰ ਪਿਛੇ ਜੋ ਸੰਚੀ ਮੈ ਲਿਖਾ ਹੈ; ਸੋ ਸਭ ਪੂਰਾ ਹੁੰਦਾ ਆਇਆ ਹੈ। ਅਰੁ ਭਾਈ! ਹੁਣ ਏਸ ਸੰਚੀ ਮੈ ਜੋ ਲਿਖਾ ਹੈ; ਸੌ ਸਾਖੀਆਂ ਮੈ, ਜੋ ਬਾਤ ਗੁਰੂ ਜੀ ਨੇ ਲਿਖੀ ਹੈ (ਉਹੀ ਹੈ)। ਅਗੇ ਗੁਰੂ ਜਾਣੇ! ਨਾਲੇ 'ਪ੍ਰੇਮ ਸੁਮਾਰਗ' ਮੈ ਲਿਖਾ ਹੈ; ਦੇਖ ਲੈਣਾ!

---

*ਭਾਈ ਨਾਨੂੰ ਸਿੰਘ (ਪ੍ਰਸਿੱਧ ਨਾਮ ਕਿਰਪਾਲ ਸਿੰਘ) ਬਾਬਾ ਜੀ ਦਾ 'ਗੜਵਈ' ਸੀ।

੧-(ਫ਼ਾਰਸੀ 'ਅੱਰਜ਼ਦਾਸ਼ਤ') ਬਿਨੈ ਪੱਤ੍ਰ, ਚਿੱਠੀ।

†ਭਾਈ ਨਰੈਣ ਸਿੰਘ, ਫਿਲੌਰ—ਜ਼ਿਲਾ ਜਾਲੰਧਰ ਦੇ ਵਸਨੀਕ; ਤੇ ਬਾਬਾ ਜੀ ਦੇ ਸਾਦਿਕ ਸਨ।

---



Digitized by Panjab Digital Library | www.panjabdigilib.org

ਅਗੇ ਹੋਰ, ਏਸ ਸੰਚੀ ਦਾ ਦੀਦਾਰ ਕਰਿਆ ਕਰਨਾ।
ਗੁਰੂ ਦੇ ਬਚਨ ਹੈਨ। ਇਹ ਅਰਦਾਸ ਪੜ੍ਹਕੇ ਸਾਨੂੰ ਦੇ ਦੇਣੀ;
ਕਲ ਬਾਰਾਂ ਬਜੇ॥...॥੨੧ ('ਹੁਕਮਨਾਮੇ'-ਪੰਨਾ ੧੮)

ਇਨ੍ਹਾਂ ਦੇ ਲਾਗ-ਲਉਣੇ ਹੀ, ਪੰਡਿਤ ਤਾਰਾ ਸਿੰਘ ਜੀ 'ਨਰੋਤਮ' ਨੇ 'ਸ੍ਰੀ ਗੁਰ-ਤੀਰਥ ਸੰਗ੍ਰਹ' ਪੁਸਤਕ ਰਚੀ ਹੈ। ਜਿਸਦੇ ਪੰਨਾ ੧੧੫ ਪੁਰ ਰਹਿਤਨਾਮਿਆਂ ਦੀ ਸੂਚੀ ਦਿੱਤੀ ਹੋਈ ਹੈ। ਦਸਵੇਂ ਨੰਬਰ ਤੇ ਲਿਖਿਆ ਇ:-

"੧੦ ਦਸਵਾਂ ਗੁਰੂ ਜੀ ਕੇ ਨਾਮ ਕਾ-'ਪ੍ਰੇਮ ਸੁਮਾਰਗ ਗ੍ਰੰਥ'।

ਇਨ੍ਹਾਂ ਤੋਂ ਬਿਨਾਂ, ਸ: ਬ: ਭਾਈ ਕਾਨ੍ਹ ਸਿੰਘ ਜੀ ਨੇ ਆਪਣੇ ਲਿਖੇ ਗ੍ਰੰਥ 'ਗੁਰਮਤ ਸੁਧਾਕਰ' ਦੀ ਕਲਾ ੯ ਵਿਚ ਇਸ ਗ੍ਰੰਥ ਦਾ ਸਾਰੰਸ ਦੇਂਦਿਆਂ ਮੰਨਿਆ ਹੈ, ਕਿ

"ਇਸ ਪੁਸਤਕ ਦੇ ਆਦਿ, 'ਸ੍ਰੀ ਮੁਖਵਾਕ ਪਾਤਸ਼ਾਹੀ ੧੦' ਲਿਖਿਆ ਹੈ। ਪਰ ਇਹ ਕਿਸੇ ਪ੍ਰੇਮੀ ਸਿੱਖ ਦੀ ਰਚਨਾ ਹੈ; ਜੋ ੧੮੮੦ ਅਥਵਾ ੮੫ ਵਿਚ ਲਿਖੀ ਗਈ ਹੈ।"

(ਫੁਟ ਨੋਟ-ਪੰਨਾ ੪੪੫)

ਐਪਰ ਇਸ ਗ੍ਰੰਥ ਦੇ ਅਪਣੇ ਲਫ਼ਜ਼-

"ਅਰੁ ਸਿੰਘ ਹੋਇ ਕਰਿ ਹਥੀਆਰ ਆਪਸ ਤੇ ਜੁਦਾ ਨ ਕਰੈ। ਅਰੁ ਸਿੰਘ, ਮੁਖ-ਗਊ ਹੋਇ ਰਹੈ। ਅਤੇ ਜੇ ਕੋਈ ਪੰਜ ਕਪੜੇ (ਤੇ ਹਥੀਆਰ) ਪਹਿਰ ਕਰਿ ਨਿਕਲੇ; ਦੁਨੀਆ ਵਿਚ ਉਸ ਨੂੰ ਕੋਈ ਸਬਬ ਆਇ ਬਣੈ। ਅਰੁ ਕਦਾਂਚ ਜਾਣੈ ਜੋ ਕੋਈ ਦੁਸਟ ਖੜਾ ਹੈ; ਪਿੱਛਾ ਛਡਦਾ ਨਾਹੀ। ਅਰੁ ਧਰਮ ਉਪਰਿ ਅਰੁ ਆਪਣੀ ਗਰੀਬੀ ਅਬਰੋਈ ਉਪਰਿ ਆਇ ਬਣੀ ਹੈ। ਅਰੁ ਜਬ ਜਾਣੈ ਕਿਸੀ ਸਬਬੁ ਰਹੰਦਾ ਨਾਹੀਂ; ਤਾਂ ਓੜਕ ਨੂੰ ਹਥੀਆਰੁ ਕਰੈ। ਪਰ ਇਕ ਫੁਰ ਕੀ ਢਿਲ ਨ ਕਰੇ। ਅਰੁ ਪਿੱਛਾ ਨ ਦੇਇ। ਅਰੁ ਕਦਾਂਚ ਜਾਣੈ, ਜੋ ਮੇਰੀ ਰਛਿਆ ਗੁਰੂ ਬਾਬਾ ਕਰਦਾ ਹੈ; ਅਰੁ ਦਾਉ ਨਿਕਲਨੇ ਦਾ ਹੈ; ਤਾਂ ਨਿਕਾਲ ਰਖੈ। ਆਪ ਕਉ ਬਚਾਇ ਕਢੈ। ਅਰੁ ਕਦਾਂਚ ਜਾਣੈ ਮੁਝ ਤੇ ਹਥੀਆਰੁ ਕਰਨੇ ਕਾ ਪਰਾਕ੍ਰਮ ਨਹੀਂ (ਬਣ ਆਂਵਦਾ); ਅਰੁ ਆਇ ਬਣੀ ਹੈ; ਤਾਂ



Digitized by Panjab Digital Library | www.panjabdigilib.org

ਓਤ ਵਖਤ ਓਨ੍ਹਾਂ ਦੇ ਵਡਕੇ* ਨੂੰ—ਜਿਸ ਨੂੰ ਓਹੁ ਮੰਨਦੇ ਹੈਨਿ. ਆਖਦੇ ਹੈਨਿ: 'ਜੋ ਅਸਾਂ ਨੂੰ ਅੰਤਕਾਲ ਸਹਾਈ ਹੋਂਦਾ ਹੈ!'— ਓਸਦਾ ਅਮਰੁ ਪਾਏ!...........ਅਰੁ ਜੋ ਜਾਨੈ ਅਪਨੇ ਧਰਮ ਉਪਰਿ ਆਇ ਬਨੀ ਹੈ; ਤਾਂ ਓਤ ਵਖਤ ਓਨ੍ਹਾਂ ਦੇ ਵਡਕੇ ਨੋ ਬੁਰਾ ਬੋਲੈ। ਪਰ ਤਦਿ, ਜਦਿ ਜਾਨੈ ਜੋ ਸਖਤੀ ਕਰਦੇ ਹੈਨਿ; ਬਚਦਾ ਕਿਵੇਂ ਨਾਹੀਂ। ਤਾਂ ਆਪਣਾ ਧਰਮੁ ਰਖੈ। ਓਨ੍ਹਾਂ ਦੇ ਵਡਕੇ ਨੂੰ ਬੁਰਾ ਬੋਲੈ। ਕਿਉਂ ਜੋ ਉਨ੍ਹਾਂ ਦੁਰਬਚਨਾਂ ਦਾ ਸਦਕਾ ਉਸੀ ਵਖਤਿ ਮਾਰਸਨਿ। ਕਿਉਂ ਜੋ ਏਹੁ ਮਰਨਾ ਆਪਣੇ ਧਰਮ ਪਰਿ ਹੈ; ਤਾਂ ਨਾਮੁ ਜਪੈ।

ਅਰੁ ਇਨ੍ਹਾਂ ਮਲੇਛਾਂ ਕੀ ਸਾਇਤ ਨਜੀਕਿ ਆਇ ਲਾਗੀ ਹੈ। ਪਰੁ ਬਹੁਤੁ ਸਖਤੀ ਕਰਨਿਗੇ। ਪਰੁ ਇਹ ਭੀ ਅੰਤ ਨੂੰ ਸਜਾਇ ਭਾਰੀ ਪਾਵਨਿਗੇ। ਅਰੁ ਜੋ ਕੋਈ ਸਿਖ ਖਾਲਸੇ ਕਾ ਹੋਵੈਗਾ; ਸੋ ਆਪਸ ਮੋਂ ਪਿਆਰ ਕਰਨਾ; ਅਰੁ ਨੇਕੀ ਬਦੀ ਨੂੰ ਇਕਠੇ ਹੋਇ ਜਾਣਾ। ਅਰੁ ਜੇ ਇਕ ਸਿਖ ਉਪਰਿ ਆਇ ਬਣੈਗੀ; ਤਾਂ ਸਭੇ ਇਕੱਠੇ ਜੀਉ ਦੇਣੇ ਨੂੰ ਤਈਆਰੁ ਹੋਣਾ! ਤਬ ਸਿਖਾਂ ਨੂੰ ਸਿਖੀ ਦਾ ਫਲੁ ਹੋਇਗਾ। ਅਰੁ ਉਸ ਵਖਤ ਗੁਰੂ ਬਾਬਾ ਸ੍ਰੀ ਅਕਾਲ ਪੁਰਖੁ ਉਨ੍ਹਾਂ ਦੇ ਸਿਰ ਉਪਰਿ ਪਰਤੱਖ ਆਇ ਸਹਾਈ ਹੋਇਗਾ। ਇਸ ਗੱਲ ਵਿਚ ਫੇਰ ਨਾਹੀ!!" (ਪੰਨਾ ੧੨, ੧੩)——

ਖੋਜੀ ਦਾ ਧਿਆਨ ਉਸ ਬਿਖੜੇ ਸਮੇ ਵਲਿ——ਦੂਰ ਪਿੱਛੇ—ਲੈ ਜਾਂਦੇ ਹਨ; ਜਿਸ ਦਾ ਜ਼ਿਕਰ ਭਾਈ ਮਨੀ ਸਿੰਘ ਜੀ ਨੇ ਆਪਣੇ ਬਿਨੈ ਪੱਤ੍ਰ ਵਿਚ ਇੰਵ ਕੀਤਾ ਹੈ:—

"ਦੇਸ ਵਿਚਿ ਖਾਲਸੇ ਕਾ ਬਲੁ ਛੁਟਿ ਗਇਆ ਹੈ। ਸਿੰਘ ਪਰਬਤਾਂ ਬਬਾਨਾਂ ਵਿਚਿ ਜਾਇ ਬਸੇ ਹੈਨ। ਮਲੇਛੋਂ ਕੀ ਦੇਸੁ ਮੇ ਦੋਹੀ ਹੈ। ਬਸਤੀ ਮੇ ਬਾਲਕ ਜੁਵਾ ਇਸਤ੍ਰੀ ਸਲਾਮਤੁ ਨਾਹੀਂ। ਮੁਛ ਮੁਛ ਕਰਿ ਮਾਰਦੇ ਹੈਨ। ਗੁਰੂ ਦਰੋਹੀ ਬੀ ਉਨ੍ਹਾਂ ਦੇ ਸੰਗੁ ਮਿਲਿ ਗਏ ਹੈਨ। ਹੰਦਾਲੀਏ ਮਿਲਿ ਕਰਿ ਮੁਕਬਰੀ ਕਰਦੇ ਹੈਨਿ।..........ਦੇਸ ਵਿਚਿ ਗੋਗਾ ਹੈ, ਕਿ 'ਬੰਦਾ'

*ਨਬੀ ਰਸੂਲ, ਹਜਰਤ ਮੁਹੰਮਦ ਸਾਹਿਬ।



Digitized by Panjab Digital Library | www.panjabdigilib.org

ਬੰਧਨ-ਮੁਕਤਿ ਹੋਇ ਭਾਗ ਗਇਆ ਹੈ। ਸਾਹਿਬ ਬਹੁੜੀ ਕਰਨਗੇ!"

ਭਾਈ ਸਾਹਿਬ ਨੇ ਆਪਣੇ ਇਸ ਖਤ ਪੁਰ "ਮਿਤੀ ਵੈਸਾਖ ੨੨" ਪਾਈ ਹੈ। ਰਿਵਾਜ ਅਨੁਸਾਰ 'ਸੰਮਤੁ' ਲਿਖਣਾ ਜ਼ਰੂਰੀ ਨਹੀਂ ਸਮਝਿਆ। ਲੇਕਿਨ ਬਾਬਾ 'ਬੰਦਾ' ਜੀ ਦੇ ਬੰਧਨ ਮੁਕਤਿ ਹੋਇ ਭਾਗ ਜਾਣ ਦਾ ਜ਼ਿਕਰ ਕਰਕੇ ਉਸ ਸੰਮਤ ਦੀ ਸੋਝੀ ਭੀ ਕਰਾ ਦਿਤੀ ਹੈ। ਹੁਣ ਅਸੀਂ ਬਾਬਾ ਜੀ ਦੇ ਫੜੇ ਜਾਣ, ਸ਼ਾਹਜਹਾਨਬਾਦ (ਦਿੱਲੀ) ਜਾ ਕੇ ਅਸਹਿ ਤਸੀਹੇ ਸਹਾਰਨ, ਤੇ ਫਿਰ ਅਲੋਪ ਹੋ ਜਾਣ ਦੀ ਅਵਾਈ ਉਡਣ ਦੇ ਸਮਾਚਾਰ ਮੁਗ਼ਲ ਹਕੂਮਤ ਦੀ ਤੂਾਰੀਖ ਵਿਚੋਂ ਸੁਖੱਲੇ ਹੀ ਲੱਭ ਸਕਦੇ ਹਾਂ।

ਮੁਗ਼ਲ ਬਾਦਸ਼ਾਹ ਬਹਾਦੁਰ ਸ਼ਾਹ ਤੇ ਫੱਰੁਖਸੀਅਰ ਦਾ ਸਮਕਾਲੀ ਸਰਕਾਰੀ ਲਿਖਾਰੀ ਮੁਹੱਮਦ ਹਾਦੀ ਕਾਮਵਰ ਖਾਨ ਆਪਣੀ ਲਿਖੀ ਤੂਾਰੀਖ 'ਤਜ਼ਕਰਾਤੁਲ ਸਲਾਤੀਲ ਚੁਗ਼ੱਤਾ' (ਫਾਰਸੀ) ਵਿਚ, ਬਾਬਾ ਬੰਦਾ ਸਿੰਘ ਬਹਾਦੁਰ ਦੇ ਸਾਥੀ ਸਿੰਘਾਂ ਸਮੇਤ ਫੜੇ ਜਾਣ ਦੀ ਤਾਰੀਖ਼ ੨੧ ਜ਼ੀ ਹੱਜ਼ਾ, ਸਨ ੧੧੨੭ ਹਿ: (੫-੬ ਪੋਹ ੧੭੭੨ ਬਿੱ:) ਦੇਂਦਾ ਹੈ; ਤੇ ਬਾਦਸ਼ਾਹ ਫੱਰੁਖਸੀਅਰ ਦੇ ਹਜ਼ੂਰਿ ਦਿੱਲੀ ਪੇਸ਼ ਹੋਣ ਦੀ ੧੭ ਰਬੀ ਅੱਵਲ ੧੧੨੮ ਹਿ: (੩–੪ ਚੇਤ੍ਰ ੧੭੭੨ ਬਿ:)। ਫਿਰ ਉਨ੍ਹਾਂ ਦੇ ਸ਼ਹੀਦ ਕੀਤੇ ਜਾਣ ਦੀ ਖਬਰ ਇਨ੍ਹਾਂ ਲਫਜ਼ਾਂ ਵਿਚ ਲਿਖਦਾ ਇ:—

"ਬੀਸਤੋਨੁਹਮ (ਜਮਾਦੀ ਆਖ਼ਿਰ)–ਸਰਬਰਾਹ ਖਾਨ, 'ਕੋਤਵਾਲ' ਵ ਇਬਰਾਹੀਮੁੱਦੀਨ ਖਾਨ, 'ਮੀਰ ਆਤਿਸ਼' ਮਕ਼ਹੂਰ ਮਲਊਨ ਵ ਪਿਸਰ ਸਿਹ–ਸਾਲਾ ਓ ਰਾ, ਬਾ ਬੀਸਤੋ–ਸ਼ਸ਼ ਕਸ ਰਫੀਕ਼ਾਨਸ਼ ਦਰ ਜਵਾਰਿ ਮਿਜ਼ਾਰ ਹਜ਼ਰਤ ਖ਼੍ਵਾਜਾ ਕੁਤਬਲੁ ਅਕਤਾਬ ਕੁਦਸਸਿਰਹ ਬੁਰਦਾ; ਬ ਅੱਜ਼ਾਬ ਤਮਾਮ ਬ-ਕਤਲ ਰਸਾਨੀਦਾ ਵ ਸਫਹਏ ਜਹਾਨ ਅਜ਼ ਲੌਸਿ ਵਜੂਦਿ ਆਂ ਨਾਪਾਕ ਮੁਸੱਫਾ ਸ਼ੁਦ ॥" (ਲਾਇਬ੍ਰੇਰੀ ਖਾਲਸਾ ਕਾਲਜ ਅੰਮ੍ਰਿਤਸਰ ਦਾ ਲਿਖਤੀ ਖਰੜਾ–ਪੰਨਾ ੭੫੪ ਤੇ ੭੫੮)।

ਅਰਥਾਤ–"ਉਣੱਤੀਹ (ਜਮਾਦੀ ਆਖ਼ਿਰ = ੧੧ ਹਾੜ੍ਹ ਸੁਦੀ ਏਕਮ ਸੰਮਤ ੧੭੭੩ ਬਿ: ਵੀਰ ਵਾਰ) ਨੂੰ, ਸਰਬਰਾਹ ਖਾਂ, ਕੋਤਵਾਲ ਤੇ ਇਬਰਾਹੀਮੁੱਦੀਨ ਖਾਂ 'ਮੀਰਿ ਆਤਿਸ਼' (ਇਨਚਾਰਜ ਤੋਪਖਾਨਾ)

---



Digitized by Panjab Digital Library | www.panjabdigilib.org

ਨੇ ਦੁਖਿਆਰੇ ਲੱਾਨਤੀ (ਬਾਬਾ ਬੰਦਾ ਸਿੰਘ ਜੀ) ਤੇ ਉਸਦੇ ਤਿੰਨ ਸਾਲ ਉਮਰ ਦੇ ਪੁੱਤ੍ਰ (ਅਜੈ ਸਿੰਘ) ਨੂੰ ਉਸ ਦੇ ਛੱਬੀਹ ਸਾਥੀਆਂ ਸਮੇਤ, ਖ੍ਵਾਜਾ ਕੁਤਬੁੱਦੀਨ ਦੇ ਮਿਜ਼ਾਰ ਲਾਗੇ ਲੈ ਜਾ ਕੇ ਬੇ-ਹੱਦ ਤਸੀਹਿਆਂ ਨਾਲਿ ਕ਼ਤਲ ਕਰ ਦਿਤਾ । ਅਰੁ ਜਹਾਨ ਦਾ ਪੱਤ੍ਰਾ ਉਸਦੀ ਅਪਵਿਤ੍ਰ ਹੋਂਦ ਦੀ ਗੰਦਗੀ ਤੋਂ ਸਾਫ ਹੋ ਗਿਆ।"

ਯਾਨੀ ਹਾੜ੍ਹ ਸੰਮਤ ੧੭੭੩ ਬਿੱ: (ਗਤਿ) ਵਿਚ ਬਾਬਾ ਜੀ ਸ਼ਹੀਦ ਕੀਤੇ ਗਏ; ਤੇ ਉਸ ਮੌਕੇ ਬਾਬਾ ਜੀ ਦੇ ਸ਼ਰਧਾਲੂਆਂ ਇਹ ਅਵਾਈ ਉੜਾ ਦਿੱਤੀ, ਬਈ "ਬਾਬਾ ਜੀ ਆਪਣੀ ਕਰਾਮਾਤ ਦੇ ਸਦਕੇ ਬੰਧਨ-ਮੁਕਤਿ ਹੋਇ ਭਾਗ ਗਏ ਹੈਨਿ" ਅਰੁ ਕਿਸੇ ਬੰਦਈ ਸਿੰਘ ਨੇ ਉੱਤਰਾ ਖੰਡ ਦੀਆਂ ਰਿਆਸਤਾਂ ਵਿਚ ਜਾ ਕੇ ਅਪਣੇ ਆਪ ਨੂੰ 'ਬਾਬਾ ਬੰਦਾ ਸਿੰਘ ਬਹਾਦੁਰ' ਦੱਸ ਕੇ, ਇਸ 'ਅਫਵਾਹ' ਨੂੰ 'ਹਕੀਕ਼ਤ' ਬਣਾਉਣ ਦਾ ਜਤਨ ਭੀ ਕੀਤਾ । ਲਾਜ਼ਮੀ ਤੌਰ ਪੁਰ ਇਹ ਗੱਲ ਸੰਮਤ ੧੭੭੩ ਬਿ: ਦੇ ਅੰਤਲੇ ਦਿਨੀਂ; 'ਗੁਰੂ ਚੱਕ ਬੁੰਗੇ' (ਤਖਤ ਸ੍ਰੀ ਅਕਾਲ ਬੁੰਗੇ-ਅੰਮ੍ਰਿਤਸਰ) ਭਾਈ ਮਨੀ ਸਿੰਘ ਜੀ ਦੇ ਕੰਨੀਂ ਪਈ। ਇਸ ਤੋਂ ਬੱਾਦ ਸੰਮਤ ੧੭੭੪ (ਗਤਿ) ਦੇ ਵੈਸਾਖ ੨੨ ਨੂੰ ਭਾਈ ਸਾਹਿਬ ਨੇ ਮਾਤਾ ਜੀ ਵਲਿ ਬਿਨੈ-ਪੱਤ੍ਰ ਲਿਖਿਆ। ਬੱਸ ਇਹੋ ਸਮਾਂ ਖਾਲਸੇ ਦੇ ਬਲ ਛੁੱਟਣ ਤੇ ਮਲੇਛਾਂ ਦੀ ਦੇਸ ਵਿਚ ਦੋਹੀ ਫਿਰਨ ਦਾ ਹੈ। ਜੋ ਬਾਬਾ ਬੰਦਾ ਸਿੰਘ ਦੀ ਸ਼ਹੀਦੀ ਤੋਂ ਦਸ ਸਾਲ ਬੱਾਦ ਤਕ ਬਹੁਤਾ; ਤੇ ਮਿਸਲਾਂ ਦੇ ਬਲ ਧਾਰਨ ਤੱਕ, ਰਤਾ ਘੱਟ ਬਿਖੜਾ ਮੰਨਿਆ ਜਾ ਸਕਦਾ ਇ। ਠੀਕ ਇਸੇ ਬਿਖੜੇ ਸਮੇ ਵਿੱਚ ਇਸ ਗ੍ਰੰਥ–'ਪ੍ਰੇਮ ਸੁਮਾਰਗ' ਦਾ ਜਨਮ ਹੋਇਆ ਸਹੀ ਹੁੰਦਾ ਹੈ। ਸ: ਬ: ਭਾਈ ਕਾਹਨ ਸਿੰਘ ਜੀ ਦੇ ਅਨੁਮਾਨੇ ਜਨਮ-ਸੰਮਤ ੧੮੮੦–੮੫ ਬਿੱ: ਵਿਚ ਤਾਂ 'ਖਾਲਸੇ' ਦਾ ਰਾਜ–ਭਾਗ ਚੜ੍ਹਦੀਆਂ ਕਲਾਂ ਵਿਚ ਸੀ; ਅਰੁ ਮਹਾਰਾਜਾ ਰਣਜੀਤ ਸਿੰਘ, 'ਸ਼ੇਰਿ ਪੰਜਾਬ' ਦੇ ਪੌਰਖ-ਪ੍ਰਬੰਧ ਦੀਆਂ ਧੁੰਮਾਂ ਰੂਸ ਤੇ ਫਰੰਗ (ਯੌਰਪ) ਤਕ ਪਈਆਂ ਹੋਈਆਂ ਸਨ । ਉਸ ਸਮੇ ਕਿਸੇ ਸਿੰਘ ਨੂੰ ਕਿਸੇ ਦੜੇ-ਦੁਸਟ ਤੇ ਮੜੇ-ਮਲੇਛ ਦੇ ਮੱਥੇ ਲੱਗਣ ਪੁਰ ਬਚਾਉ ਦਾ ਦਾਉ ਲੱਭਣ ਦੀ ਕੋਈ ਲੋੜ ਨਹੀਂ ਸੀ ਪੈਂਦੀ। ਅਰੁ ਨਾ ਹੀ ਲਿਖਾਰੀ ਨੂੰ ਇਹ ਤਾਕੀਦ ਕਰਨ ਤੇ ਯਕੀਨ ਦਿਵਾਣ ਦੀ ਜ਼ਰੂਰਤ ਸੀ; ਪਈ–

"ਜੇ ਇਕ ਸਿੱਖ ਉਪਰਿ ਆਇ ਬਣੈਗੀ, ਤਾਂ ਸਭੇ ਇਕਠੇ ਜੀਉ ਦੇਣੇ ਨੂੰ ਤਈਆਰੁ ਹੋਣਾ!...ਉਸ ਵਖਤ ਗੁਰੂ ਬਾਬਾ

---

ਇ: ਪ: ੭੦.

Digitized by Panjab Digital Library | www.panjabdigilib.org

ਸ੍ਰੀ ਅਕਾਲ ਪੁਰਖੁ ਉਨ੍ਹਾਂ ਦੇ ਸਿਰ ਉਪਰਿ ਪਰਤੱਖ ਆਇ ਸਹਾਈ ਹੋਇਗਾ !"

ਹੋਰ ਵੇਖਣ-ਵਿਚਾਰਨ ਵਾਲੀ ਗੱਲ ਇਹ ਹੈ, ਕਿ ਉਸ ਸਮੇ ਸਿੰਘਾਂ ਨੂੰ ਸਤਿਗੁਰਾਂ ਦੇ ਪ੍ਰਤੱਖ ਹੋ ਕੇ ਦਰਸ਼ਨ ਦੇਣ ਤੇ ਸਹਾਈ ਹੋਣ ਦਾ ਅਟੱਲ ਵਿਸ਼ਵਾਸ ਸੀ । ਜਿਸ ਦਾ ਜ਼ਿਕਰ ਇਸ ਗ੍ਰੰਥ ਵਿਚ ਅਨੇਕ ਥਾਈਂ ਆਇਆ ਹੈ। ਇਹੋ ਨਹੀਂ, ਇਤਿਹਾਸਕ ਤੌਰ ਪੁਰ ਭੀ ਇਸ ਵਿਸ਼ਵਾਸ ਦੇ ਕਈ ਪਰਤੱਖ-ਪ੍ਰਮਾਨ, ਸੰਮਤ ੧੮੬੮ ਬਿੱ: (੧੮੧੧ ਈ:) ਤੱਕ ਮਿਲ ਚੁੱਕੇ ਸਨ। ਜਿਹਾ ਕਿ–

(੧) ਭਾਈ ਕੇਸਰ ਸਿੰਘ 'ਛਿੱਬਰ' ਸਤਿਗੁਰ ਨਾਨਕ ਦੇਵ ਦੇ ਪਰਤੱਖ ਦਰਸ਼ਨ ਕਰਨ ਦੀ ਸ਼ਾਹਦੀ ਭਰਦਾ ਹੋਇਆ ਸੰਮਤ ੧੮੩੬ ਵਿੱਚ ਲਿਖਦਾ ਇ:–

(ਸਤਿਗੁਰ ਨਾਨਕ ਦਾ ਪੰਜ ਭੂਤਕ ਸਰੀਰ ਲੋਪ ਹੋ ਜਾਣ ਪੁਰ, ਉਨ੍ਹਾਂ ਦੇ ਸ਼ਰਧਾਲੂ ਹਿੰਦੂ ਤੇ ਤੁਰਕਾਂ ਨੇ ਗੁਰੂ ਬਾਬਾ ਜੀ ਦੀ ਮੜੋਲੀ ਪੁਰ ਪਾਈ ਹੋਈ ਚਾਦਰ ਵੰਡ ਲਈ)

ਦੋ ਪਟ ਲੀਤੇ ਤੁਰਕਾਂ ਤੋੜ।
ਤੁਰਕਾਂ ਲੈ ਕੇ ਕੀਤੀ ਗੋਰ[1]।
ਉਨ੍ਹਾਂ ਸਾੜ ਕੇ ਚਿਖਾ ਬਨਾਈ।
ਰਾਖ ਹਰਿਸਰ ਦਈ ਪਠਾਈ।
ਜਾਗਾ ਖੋਦਿ ਤਹਾਂ ਖੂਹ ਕੀਆ।
ਇਨ੍ਹਾਂ ਪਾਸ ਬਨਾਇ ਮਕਤਬਾ ਲੀਆ ॥੪੨
ਦੋਨੋ ਏਕਠੇ, ਏਕ ਦਰਵਾਜਾ।
ਖੱਬੇ ਮਸੀਤ, ਸੱਜੇ ਕੂਪ[2] ਬਿਰਾਜਾ
ਵਹੁ ਪੜ੍ਹਦੇ ਕਲਮਾ ਅਤੇ ਨਿਵਾਜਾ।
ਇਧਰ ਸਬਦ, ਸਾਖੀ ਦੀ ਅਵਾਜਾ ॥੪੩
ਸਿੰਘ ਕੇਸਰ ਇਹ ਕਥਾ ਬਨਾਈ।
ਮਸੀਤ ਕੂਆ ਦੋਨੋ ਡਿਠੇ ਅਖੀਆਂ ਜਾਈ।
ਉਸ ਕੂਏ ਇਸ਼ਨਾਨ ਅਸਾਂ ਭੀ ਹੈ ਕੀਤਾ।
ਉਸ ਕੂਏ ਦਾ ਜਲ ਅੰਮ੍ਰਿਤ ਹੈ ਮੀਠਾ ॥੪੪

---

੧–ਕਬਰ, ਮਿਜ਼ਾਰ।        ੨–ਖੂਹਾ।

---



Digitized by Panjab Digital Library | www.panjabdigilib.org

ਦੋਹਰਾ

ਇਕ ਸਿਖ ਆਇਓ ਪਰਦੇਸ ਤੇ, ਬੈਠਾ ਕੂਪ ਅਸਥਾਨ:-
"ਤੂੰ ਗੁਰ ਪੂਰਾ ਸੱਚ ਹੈਂ, ਦੇਹੁ ਦਰਸ ਮੁਹਿ ਆਨ !!੪੫

ਚੌਪਈ

ਸੰਮਤ ਸਤਾਰਾਂ ਸੈ ਬਾਨਵੇਂ ਬੀਤੇ।
ਤਬ ਦਰਸਨੁ ਪਰਤਖ, ਗੁਰੂ ਨਾਨਕ ਜੀ ਦੀਤੇ।
ਪ੍ਰਾਤੇ ਪਲੰਘੁ ਜਲ ਉਪਰਿ ਆਇ ਪਇਆ।
ਉਪਰਿ ਪਰਤਖ ਗੁਰੂ ਨਾਨਕ ਜੀ ਬੈਠਤ ਭਇਆ ॥੪੬
ਦਰਸਨ ਆਇ ਲਗੀ ਸਭ ਲੁਕਾਈ।
ਚਾਰ ਘੜੀਆਂ ਸਾਹਿਬ ਤਹਿ ਦਰਸ ਦਿਖਾਈ।
ਫੇਰ ਅੰਤ੍ਰ ਧਿਆਨ ਹੋਇ ਗਏ।
ਹਜ਼ਾਰਾਂ ਜੀਆਂ ਨੂੰ ਤਹ ਦਰਸਨ ਭਏ ॥੪੭
ਕਿਆ ਕਹੀਐ ਸਤਿਗੁਰ ਦੀ ਵਡਿਆਈ।
ਓਹ ਸਦਾ ਹੀ ਪਰਤਖ ਹਾਜ਼ਰ ਜਾਨੋ ਭਾਈ ॥...੪੮

(ਬੰਸਾਵਲੀ ਨਾਮਾ...'-ਚਰਨ ਦੂਜਾ)

(੨) ਭਾਈ ਸੰਤਦਾਸ 'ਛਿੱਬਰ' ਨੇ ਸਤਿਗੁਰ ਨਾਨਕ ਦਾ ਜੀਵਨ ਕਵਿਤਾ ਵਿਚ, ਭਾਈ ਬਾਲੇ ਵਾਲੀ ਸਾਖੀ ਦੇ ਪੂਰਨਿਆਂ ਪੁਰ ਪੈਰ ਧਰਦਿਆਂ ਸੰਮਤ ਅਠਾਰਾਂ ਸੈ ਚਉਤੀਹ ਵਿਖੇ ਲਿਖਿਆ ਹੈ। ਜਿਸ ਦੇ ਅਗਾੜੀ ਦਸਵੇਂ ਪਾਤਿਸ਼ਾਹ ਦੇ 'ਪਰਤੱਖ ਦਰਸ਼ਨ' ਦੀ ਸਾਖੀ ਐਉਂ ਲਿਖੀ ਹੈ:-

੧ ॥ ਦੋਹਰਾ ॥

ਨਿਮਸਕਾਰ ਗੁਰ ਦੇਵ ਕਉ, ਪੁਨਹਿ ਪੁਨਹਿ ਬਲਿਹਾਰ।
ਗੋਬਿੰਦ ਸਿੰਘ ਪ੍ਰਭ ਧਿਆਈਐ, ਨਾਨਕ ਨਾਮੁ ਅਪਾਰ ॥੧
ਕਲਗੀਵਾਲਾ ਪੁਰਖੁ ਪ੍ਰਭੁ, ਰਾਵਿ ਰਹਿਆ ਭਰਪੂਰ।
ਗੁਰ ਸਿੱਖਾਂ ਕਉ ਨਿਕਟਿ ਹੈ, ਮਨਮੁਖ ਜਾਨੋ ਦੂਰਿ ॥੨
ਵਿਸਨਿ ਨਰਾਇਨ ਆਤਮਾ, ਧਾਰੇ ਰੂਪਿ ਅਨੇਕ।
ਫੁਨਿ ਸਭ ਤੇ ਨਿਆਰਾ ਰਹੈ, ਗੋਬਿੰਦ ਪੁਰਖੁ ਅਲੇਖਿ ॥੩
*ਸੰਤ ਹੇਤਿ ਅਵਤਾਰ ਧਰਿ, ਖਿਨ ਮਹਿ ਰੂਪ ਦਿਖਾਇ।

---

*ਸਿੱਖਾਂ ਦੇ ਇਸ ਵਿਸ਼ਵਾਸ ਦਾ ਪਰਤੱਖ ਪ੍ਰਮਾਣ, ਉਨ੍ਹਾਂ ਹੀ ਦਿਨਾਂ ਵਿਚ ਪਿੰਡ 'ਨਿਆਜ਼ਬੇਗ' ਵਿਖੇ ਮਿਲਿਆ, ਜਿਸਦਾ ਜ਼ਿਕਰ ਅਗਾੜੀ ਚਲਕੇ ਕਰਾਂਗੇ।

---

ਇ: ਪ: ੧੨.

Digitized by Panjab Digital Library | www.panjabdigilib.org

ਦੁਸਟਾਂ ਮਾਰੇ ਖੈ ਕਰੇ, ਸੰਤਾਂ ਸਦਾ ਸਹਾਇ॥ ੪
ਆਦਿ ਜੁਗਾਦੀ ਬਿਰਦ ਪ੍ਰਭ, ਰੱਖਿਆ ਕਰੇ ਦਿਆਲ।
ਨਾਨਕ-ਗੋਬਿੰਦ ਪਰਮ ਗੁਰੁ, ਭਗਤ-ਵਛਲ ਪ੍ਰਤਿਪਾਲ॥੫
ਸੁਭ ਧਰਤੀ ਪੰਜਾਬਿ ਦੇਸੁ, ਲਹੌਰ ਨਿਕਟਿ ਇਕ ਗਾਉਂ।
ਤਹਾਂ ਏਕ ਸਾਧੂ ਬਸੈ, 'ਸੰਤਿ ਸਿੰਘ' ਉਸ ਨਾਉਂ॥ ੬
ਵਰਨ 'ਅਰੋੜਾ' ਆਖੀਐ, ਜਾਤਿ 'ਚਾਵਲਾ' ਮੀਤ!
ਸੋਲਹਿ ਵਰਖ ਕਾ ਬਾਲ ਉਹ, ਹਰਿ ਸਿਉਂ ਲਾਗੀ ਪ੍ਰੀਤਿ॥੭

**ਚੌਪਈ**

ਏਕ ਸਮੈ ਪ੍ਰਭ ਕੀਨੀ ਦਇਆ।
ਪਿਤਾ ਸਾਥਿ 'ਅੰਬਰਤਸਰ' ਗਇਆ।
ਤਹਾਂ ਜਾਇ ਕਰਿ ਦਰਸਨ ਪਾਇਆ।
'ਹਰਿ ਮੰਦਿਰ' ਜੀ ਸੀਸ ਨਿਵਾਇਆ॥ ੮
ਮੱਥਾ ਟੇਕਿਆ ਪ੍ਰੀਤਿ ਸਿਉਂ ਪਿਆਰੇ।
ਰਸਨਾ ਗੋਬਿੰਦੁ ਨਾਮ ਉਚਾਰੇ।
ਫੁਨਿ ਇਸਨਾਨ ਕੀਓ ਚਿਤ ਲਾਈ।
ਜਨਮ ਜਨਮ ਕੀ ਮੈਲ ਗਵਾਈ॥ ੯

... ... ... ...

ਕਰਿ ਇਸਨਾਨੁ ਜਪੁ ਪੜ੍ਹਿਉਸ ਮੀਤ!
ਉਸ ਬਾਲਕ ਕੀ ਨਿਰਮਲ ਰੀਤਿ॥ ੧੦
ਰੂਪਵੰਤ ਉਹ ਬਾਲਕ ਸੋਹੈ।
ਜੋ ਦੇਖੈ ਤਿਸ ਹੀ ਕਉ ਮੋਹੈ।
ਚਤਰ ਸਿਆਨਾ ਪਰਮ ਅਨੂਪ।
ਮਾਤ ਪਿਤਾ ਕਉ ਪਿਆਰਾ ਪੂਤ॥ ੧੧
ਗਾਵੈ ਸਬਦ ਪ੍ਰੇਮ ਸਿਉਂ ਰਾਗ।
ਕੋਇਲ-ਕੰਠ ਬਨਿਓਂ ਵਡਭਾਗ।
ਸਿਰ ਪਰ ਕਾਲੇ ਕੇਸ ਪਿਆਰੇ,
ਦੋ ਹੱਥ ਲੰਮੇ [1]ਘੁੰਘਰ ਆਲੇ॥ ੧੨
*ਫੁਨਿ ਪਗੜੀ ਸਿਰ ਬੱਧੀ ਬਾਲ।

---

[1]ਘੁੰਘਰਿਆਲੇ। *ਸਿੰਘਾਂ ਦਾ ਇਸੇ ਤਰ੍ਹਾਂ ਦਾ ਪੁਸ਼ਾਕਾ, 'ਪ੍ਰੇਮ ਸੁਮਾਰਗ' ਵਿਚ ਦੱਸਿਆ ਹੈ। (ਦੇਖੋ ਪੰਨਾ ੧੬)



Digitized by Panjab Digital Library | www.panjabdigilib.org

ਜਾਮਾ ਪਾਤਾ ਸੁ ਘੇਰੇਦਾਰੁ।
ਪਟਕਾ ਬੱਧੁ ਸੁ ਪ੍ਰੀਤ ਲਗਾਇ।
ਕਰਦ ਕਟਾਰੀ ਕਮਰ ਬਨਾਇ ॥ ੧੩
ਨਿਮਸਕਾਰ ਸ਼ਸਤ੍ਰ ਕਉ ਕਰੀ–
"ਜੈ ਚੰਡੀ! ਸ੍ਰੀ ਸਾਹਿਬ !! ਹਰੀ !!!"*
ਲੁੰਙੀ ਭੋਛਨ ਊਪਰ ਧਾਰਾ।
ਪਕੜ 'ਦੁਤਾਰਾ' ਸਬਦੁ ਉਚਾਰਾ ॥ ੧੪
ਕਰ ਪਰਦਖਣਾ ਡੇਰੇ ਆਏ।
ਰਸਨਾ ਰਾਮ ਨਾਮ ਗੁਨ ਗਾਏ।
ਸਾਤ ਦਿਵਸ 'ਅੰਮ੍ਰਿਤਸਰਿ' ਰਹੇ।
ਫੁਨਿ ਅਪਨੇ ਗ੍ਰਿਹ ਆਵਤ ਭਏ ॥ ੧੫

... ... ...

ਸੰਤ ਸਿੰਘ ਕਉ ਪ੍ਰੀਤਿ ਲਗਾਨੀ।
ਰਸਨਾ ਬੋਲੈ ਅੰਮ੍ਰਿਤ ਬਾਨੀ।
ਕਬਹੂੰ ਬਾਹਿਰਿ ਨਿਕਸਿ ਸਿਧਾਵੈ।
ਬਨ ਮੋਂ ਜਾਇ ਬਹੇ ਗੁਨ ਗਾਵੈ ॥ ੧੭
ਫੁਨਿ ਗ੍ਰਿਹਿ ਆਵੈ ਹਰਿ ਕਾ ਦਾਸ।
ਰਿਦੇ ਪ੍ਰੇਮ ਕੀਨੋ ਪ੍ਰਗਾਸ।
ਗ੍ਰਿਹ ਬਨ ਸਮਸਰ ਸਹਜ ਸੁਭਾਇ।
ਗੁਨ ਗੋਬਿੰਦ ਗਾਵੈ ਚਿਤੁ ਲਾਇ ॥ ੧੮
ਇਹ ਸਰਧਾ ਉਪਜੀ: "ਪ੍ਰਭ ਸੇਵੋਂ!
ਗੋਬਿੰਦ! ਮੁਝ ਕਉ ਦਰਸਨ ਦੇਵੋ!
ਕਬ ਦੇਖਉਂ ਸੁਖਦਾਤਾ ਸੁਆਮੀ!
ਗੋਬਿੰਦ ਸਿੰਘੁ ਪ੍ਰਭ ਅੰਤਰਜਾਮੀ !! ੧੯
ਕਲਗੀਵਾਲਾ ਪੁਰਖੁ ਸੁਜਾਨ!
ਗੁਰੂ ਗੋਬਿੰਦ ਸਿੰਘ ਸੋਢੀ ਸੁਲਤਾਨ !!"

---

*ਸ੍ਰੀ ਤਖਤ ਅਕਾਲ ਬੁੰਗੇ ਵਿਰਾਜਮਾਨ ਸ਼ਸਤ੍ਰਾਂ ਦੇ ਦਰਸ਼ਨ ਕਰਕੇ ਨਮਸਕਾਰ ਕਰਨ ਦਾ ਰਿਵਾਜ ਉਸ ਵਕਤ ਭੀ ਹੈਸੀ; ਜੋ ਛੇਵੇਂ ਪਾਤਿਸ਼ਾਹ ਦੇ ਸਮੇ ਤੋਂ ਹੁਣ ਤੱਕ ਬਹਾਲ ਹੈ।

---

ਇ: ਪ: ੭੪.

Digitized by Panjab Digital Library | www.panjabdigilib.org

ਚਾਲਤ ਬੈਸਤ ਸੋਵਤ ਮੀਤ !
ਆਠ ਪੈਹਰ ਦਰਸਨ ਕੀ ਪ੍ਰੀਤਿ ॥ ੨੦
ਅਉਰ ਵਾਸਨਾ ਉਠੇ ਨ ਕਾਈ।
ਦਰਸਨ ਕੀ ਪਿਆਸਾ ਮਨ ਮਾਹੀ।
ਰਸਨਾ "ਗੋਬਿੰਦ ! ਗੋਬਿੰਦ !!" ਗਾਵੈ।
ਚਰਨ-ਕਮਲ ਹਿਰਦੇ ਮੋ ਧਿਆਵੈ ॥ ੨੧
"ਗੋਬਿੰਦ ! ਗੋਬਿੰਦ !!" ਉਚਰੇ ਬਾਨੀ।
ਬਿਨੁ ਗੋਬਿੰਦ ਕਛੁ ਅਵਰ ਨ ਜਾਨੀ।
"ਗੋਬਿੰਦ ਹਮਰਾ ਸਤਿਗੁਰ ਦੇਉ !
ਗੋਬਿੰਦ ਠਾਕੁਰ ਅਲਖ ਅਭੇਉ !! ੨੨
ਗੋਬਿੰਦ ਹਮਰੇ ਪ੍ਰਾਨ ਅਧਾਰਾ !
ਗੋਬਿੰਦ ਪੂਰਨ ਹੈ ਕਰਤਾਰਾ !
ਗੋਬਿੰਦ ਬਿਨਾ ਦੂਜਾ ਨਹੀ ਕੋਇ !
ਗੋਬਿੰਦ ਪਾਰਬ੍ਰਹਮ ਹੈ ਸੋਇ !!੨੩
ਗੋਬਿੰਦ ਹਮਰੀ ਪੂੰਜੀ ਰਾਸਿ !
ਗੋਬਿੰਦ ਜੀਉ ਪਿੰਡ ਅਰੁ ਸਾਸਿ !
ਗੋਬਿੰਦ ਖੇਤੀ ਵਣਜ ਵੈਪਾਰੁ !
ਗੋਬਿੰਦ ਗ੍ਰਿਹ ਕੁਟੰਬ ਪਰਵਾਰੁ !!੨੪
ਗੋਬਿੰਦ ਸਖਾ ਪਿਆਰਾ ਮੀਤੁ !
ਗੋਬਿੰਦ ਬਸੇ ਹਮਾਰੇ ਚੀਤਿ !
ਗੋਬਿੰਦ ਮਾਤ ਪਿਤਾ ਅਰੁ ਭਾਈ !
ਗੋਬਿੰਦ ਸਿਉਂ ਮੈਂ ਪ੍ਰੀਤ ਲਗਾਈ !!੨੫
ਗੋਬਿੰਦ ਹਮਰਾ ਸਾਚਾ ਸਾਹੁ !
ਗੋਬਿੰਦ ਇਸਟ ਮੰਤ੍ਰ ਵਿੱਸਾਹੁ !
ਗੋਬਿੰਦ ਮੂਲ ਮਾਣ ਅਰੁ ਤ੍ਰਾਣ !
ਗੋਬਿੰਦ ਹਮਰੇ ਹਾਥਿ ਨੀਸਾਣੁ !! ੨੬
ਗੋਬਿੰਦ ਈਤ ਊਤ ਕਾ ਧੋਰਾ !
ਗੋਬਿੰਦ ਸੁਖਦਾਈ ਪ੍ਰਭ ਮੋਰਾ !
ਗੋਬਿੰਦ ਸਿਮਰਨ ਗੋਬਿੰਦ ਨਾਮੁ !
ਗੋਬਿੰਦ ਪੂਜਾ ਤਿਲਕੁ ਇਸਨਾਨੁ !!੨੭

---

ਇ: ਪ: ੭੫.

Digitized by Panjab Digital Library | www.panjabdigilib.org

ਰਸਨਾ ਗੋਬਿੰਦ ਸਿਮਰੋਂ ਮੀਤ !
ਹਿਰਦੈ ਧਿਆਨ ਸਦਾ ਨਿਤ ਨੀਤ !
ਦਰਸਨੁ-ਦਾਨ ਦੀਜੀਐ ਮੋਹਿ !
ਤੁਮ ਸੁਆਮੀ ਮੈਂ ਸੇਵਕ ਤੋਹਿ !!"੨੮
ਅੰਤਰਜਾਮੀ ਨਿਕਟਿ ਹਜ਼ੂਰਿ !
ਦੇਖੈ ਸੁਨੈ ਸਦਾ ਭਰਪੂਰਿ !*
ਸੰਤ ਸਿੰਘ ਬੈਠਾ ਬਨ ਮਾਹਿ !
ਚਾਰ ਘੜੀ ਦਿਨ ਚੜ੍ਹਿਆ ਆਹਿ !!੨੯

ਦੋਹਰਾ

ਬਾਨੀ ਭਈ ਅਕਾਸ ਤੇ:-"ਸੁਨਹੁ ਸੰਤ ਸਿੰਘ ਮੀਤ !
ਦਰਸਨ ਦੇਖਹੁ ਨੈਨਿ ਭਰਿ, ਜੋ ਤੁਮਰੀ ਪਰਤੀਤਿ !!੩੦

ਚੌਪਈ

ਜੋ ਤੁਮ ਚਾਹੋ ਦਰਸੁ ਦਿਖਾਵਉਂ !
ਕਹੋ ਤੁ ਬਿਸਨ ਰੂਪ ਬਨਿ ਆਵਉਂ !
ਚਾਰ ਭੁਜਾ ਅਰੁ ਆਇਧਿ ਚਾਰ ;
ਸੰਖ, ਚਕ੍ਰ, ਗਦਾ, ਪਦਮ ਵੀਚਾਰੁ !!੩੧
ਅਵਰ ਰੂਪ ਜੋ ਚਾਹੇਂ ਦਿਆਲਿ !
ਸੋਈ ਰੂਪ ਕਰੇ ਤਤਿਕਾਲ !
ਮਾਂਗੁ ਸੰਤ ! ਜੋ ਇੱਛਾ ਤੇਰੀ !
ਇਹ ਆਗਿਆ ਅਬ ਹੋਈ ਮੇਰੀ !!"੩੨
ਸੰਤ ਸਿੰਘ ਤਬ ਬਚਨ ਉਚਾਰਾ:-
"ਤੂੰ ਸਤਿਗੁਰ ਮੈਂ ਦਾਸ ਤੁਮਾਰਾ !
ਗੁਰੁ ਗੋਬਿੰਦ ਸਿੰਘ ਪ੍ਰਭ ਮੇਰਾ !
ਇਹੀ ਰੂਪ ਮੈਂ ਦੇਖਉਂ ਤੇਰਾ !!੩੩
ਸਿਰ ਪਰ ਕਲਗੀ ਕੇਸਾ ਧਾਰੀ !
ਪਾਂਚੋ ਸ਼ਸਤ੍ਰ ਪਹਿਰ ਮੁਰਾਰੀ !

---

*ਇਹ ਹੈ ਸਿੰਘਾਂ ਦਾ ਸਹੀ ਤੇ ਅਟੱਲ ਵਿਸ਼ਵਾਸ; ਜਿਸ ਦੀ ਧਾਰਨਾ ਬਿਨਾਂ, ਕੋਈ ਭੀ 'ਗੁਰੂ ਕਾ ਸੱਚਾ ਸਿੱਖ' ਨਹੀਂ ਬਣ ਸਕਦਾ। ਇਸੇ ਨਿਸਚੇ ਦੇ ਸਦਕੇ ਗੁਰਮੁਖ ਸਿਖਾਂ ਨੂੰ ਸਾਹਿਬਾਂ ਦੇ ਪਰਤੱਖ ਦੀਦਾਰੇ ਹੁੰਦੇ ਰਹੇ ਹਨ; ਤੇ ਹਰ ਦੇਸ ਕਾਲ ਵਿਚ ਹੋ ਸਕਦੇ ਹਨ।

---



Digitized by Panjab Digital Library | www.panjabdigilib.org

ਐਸਾ ਰੂਪ ਦਿਖਾਵਹੁ ਮੋਹਿ !
ਮੈਂ ਬਲਿਹਾਰੀ ਵੰਞਾਂ ਤੋਹਿ !!"੩੪

ਤਬ ਸਤਿਗੁਰੂ ਪ੍ਰਭ ਭਏ ਦਿਆਲ ।
ਐਸੇ ਰੂਪ ਕੀਓ ਤਤਕਾਲਿ:—
ਕੇਸਾਧਾਰੀ ਗੋਬਿੰਦ ਰਾਇ !
ਪਾਂਚੋ ਸ਼ਸਤ੍ਰ ਅੰਕ ਬਨਾਇ ॥੩੫

ਸਿਰ ਪਰ ਕਲਗੀ ਸੋਹੇ ਹਰੀ;
ਹੀਰੇ, ਲਾਲ, ਜਵਾਹਰ, ਜੜੀ;
ਚੂਨੀ, ਪੰਨੇ, ਮੋਤੀ ਘਨੇ;
ਕਵਨ ਆਹਿ ਜੋ ਕਮਤਿ ਗਨੇ ॥੩੬

ਜਗ ਮਗ ਜੋਤਿ ਪਰਮ ਉਜਿਆਰਾ ।
ਕੋਟਿ ਭਾਨੁ ਤਿਸ ਪਾਨੀ ਹਾਰਾ ।
ਘੋੜੇ ਊਪਰ ਕਰੀ ਸਵਾਰੀ ।
ਨੇਜਾ ਹਾਥਿ ਲੀਓ ਬਨਵਾਰੀ ॥*੩੭
ਅਮਰ ਅਜੋਨਿ ਜੁ ਆਤਮਰਾਯਾ ॥
ਸੰਤ ਹੇਤਿ ਇਹੁ ਰੂਪ ਬਨਾਯਾ ।
ਜੈਸੀ ਮਨਸਾ ਕਰਿ ਕੁਈ ਧਜਾਵੈ ।
ਤੈਸਾ ਫਲੁ ਸਤਿਗੁਰ ਤੇ ਪਾਵੈ ॥੩੮

ਦੋਹਰਾ

ਸੰਤ ਸਿੰਘ ਕੀ ਭਾਵਨਾ, ਗੋਬਿੰਦ ਪ੍ਰਗਟੇ ਆਇ ।
ਦਰਸਨੁ ਦੀਨੋ ਦਾਸ ਕਉ, ਲੀਨੋ ਅੰਕ ਬਨਾਇ ॥੩੯

ਚੌਪਈ

ਗੋਬਿੰਦ ਸਿੰਘੁ ਕ੍ਰਿਪਾ ਕਰਿ ਆਏ ।
ਰਸਨਾ ਮੀਠੇ ਬਚਨ ਸੁਨਾਏ ।
ਸੰਤ ਸਿੰਘ ਤਬ ਦਰਸਨ ਪਾਯਾ ।
ਚਰਨਾ ਊਪਰ ਸੀਸ ਟਿਕਾਯਾ ॥੪੦

---

*ਇਸੇ ਤਰ੍ਹਾਂ ਘੋੜੇ ਸਵਾਰ ਤੇ ਨੇਜਾ (ਬਰਛਾ) ਕਰ-ਕਮਲਾਂ ਵਿਚ ਧਾਰਿ, ਪਿੰਡ ਨਿਆਜ਼ ਬੇਗ ਦੀ ਵਸਨੀਕ ਵਿਧਵਾ ਮਾਈ ਨੂੰ, ਮੀਰ ਮਨੂੰ ਦੇ ਸਮੇ ਦਰਸ਼ਨ ਦਿੱਤੇ ।

---

ਇ: ਪ: ੭੭.

Digitized by Panjab Digital Library | www.panjabdigilib.org

ਬਹੁਤ ਖੁਸ਼ੀ ਪ੍ਰਭ ਭਏ ਦਿਆਲ ।
ਸੰਤ ਸਿੰਘ ਕਉ ਕੀਓ ਨਿਹਾਲ ।
ਫੁਨਿ ਪ੍ਰਨੀਕੇ ਬਚਨ ਉਚਾਰੇ:–
"ਜੋ ਇਛੈ ਸੋ ਮਾਂਗ ਪਿਆਰੇ !੪੨
...... ...... ...... !"
ਸੰਤ ਸਿੰਘ ਤਬ ਬੇਨਤੀ ਕਰੀ:–
"ਹੇ ਸਤਿਗੁਰ ਪੂਰਨ ਪ੍ਰਭ ਹਰੀ !੪੩
ਕਿਆ ਮੈਂ ਮਾਂਗਉਂ ਸਤਿਗੁਰ ਮੀਤਿ !
ਦਰਸਨ ਤੁਮਰਾ ਪਰਮ ਪੁਨੀਤ !
ਦਰਸਨ ਕੀ ਇੱਛਾ ਮਨ ਮਾਹਿ !
ਅਵਰ ਭਾਵਨਾ ਹਮਰੀ ਨਾਹਿ !੪੪
ਕਰਿ ਕਿਰਪਾ ਪ੍ਰਭ ਦਰਸਨ ਦੀਆ !
ਤਨ ਮਨ ਸੀਤਲ ਰੰਗ ਰੰਗੀਆ !
ਆਸਾ ਮਨਸਾ ਗਈ ਬਿਲਾਇ !
ਤਉ ਚਰਨੀਂ ਮਨ ਰਹਿਆ ਸਮਾਇ !੪੫
ਮਾਂਗਉਂ ਇਹੀ ਜੁ ਨਾਮੁ ਤੁਮਾਰਾ !
ਅਵਰ ਸਭੋ ਕਛੁ ਸੁਪਨ-ਪਸਾਰਾ !
ਜੋ ਦੀਸੈ ਮਿਥਿਆ ਜੰਜਾਲ !
ਨਾਮ ਦਾਨ ਮੁਝ ਦੀਜੈ ਦਿਆਲ !!"੪੬
ਸਤਿਗੁਰ ਦਾਸ ਕਾ ਕਾਰਜ ਕੀਆ ।
ਨਾਮ ਖਜਾਨਾ ਜਨ ਕਉ ਦੀਆ !
ਈਤ ਊਤ ਜਨ ਸਦਾ ਖਲਾਸਿ ।
ਜੀਵਨ-ਮੁਕਤ ਹੈਂ ਹਰਿ ਕੇ ਦਾਸ ॥੪੭
ਦੇਵ ਪੁਹਪ ਕੀ ਬਰਖਾ ਕਰੀ ।
ਦਰਸਨ ਦੇਖਿ ਸਗਲ ਮਲੁ ਹਰੀ ।
ਸੰਤ ਸਿੰਘ ਕੀਨੀ ਅਰਦਾਸ ।
ਗੁਰੁ ਗੋਬਿੰਦ ਸਤਿਗੁਰ ਕੇ ਪਾਸ:–੪੮
"ਕਹਾਂ ਤੁਮਾਰਾ ਵਾਸਾ ਸੁਆਮੀ ?
ਮੁਝੈ ਬਤਾਵਉ ਅੰਤਰਜਾਮੀ !



Digitized by Panjab Digital Library | www.panjabdigilib.org

"ਪੰਥ ਖਾਲਸਾ' ਤੁਮਰਾ ਆਹਿ !
ਜਬ ਸਿੱਖ ਮਰੇ, ਸੁ ਕਹਾਂ ਸਮਾਇ ?"੪੯
ਤਬ ਸਤਿਗੁਰ ਪ੍ਰਭ ਬਚਨ ਉਚਾਰੇ:–
"ਸੁਨਹੁ ਸੰਤ ਸਿੰਘ ਪੂਤ ਹਮਾਰੇ !
ਸਰਬ ਮਾਂਹਿ ਹੈ ਹਮਰਾ ਵਾਸਾ !
ਪ੍ਰਗਟੋਂ ਤਹਾਂ, ਜਹਾਂ ਨਿਜ ਦਾਸਾ !!੫੦
ਗੁਪਤੁ ਰਹੋਂ ਨਹੀਂ ਆਪ ਲਖਾਵਹੁੰ ।
ਪ੍ਰੇਮੀ ਕਉ ਦਰਸ਼ਨ ਦਿਖਲਾਵਹੁੰ ।
ਸਭ ਕੇ ਮੱਧਿ, ਨਿਆਰਾ ਮੀਤੁ !
ਬੇਦ ਪੁਰਾਨ ਲਖੇ ਨਹੀਂ ਰੀਤਿ !!੫੧
ਸੱਚ-ਖੰਡਿ ਨਿਤ ਵਾਸਾ ਮੇਰਾ ।
ਬੈਕੁੰਠ ਲੋਕੁ ਜਹਾਂ ਸੰਤ ਬਸੇਰਾ ।
ਪੰਥ ਖਾਲਸੇ ਮਾਂਹਿ ਜੁ ਸਿਖ !
ਬਾਣੀ ਸ਼ਬਦੁ ਬਿਚਾਰੇ ਗੁਰਮੁਖੁ ।।੫੨
ਦ੍ਰਿੜ੍ਹ ਵਿਸਾਹੁ ਨਿਸਚਾ ਮਨਿ ਹੋਇ ।
ਮੁਝ ਬਿਨੁ ਅਵਰ ਨ ਸਿਮਰਉ ਕੋਇ !
ਸੀਸ ਜਾਇ, ਪਰ ਸਿਦਕ ਨ ਜਾਵੈ !
ਸਿੰਘ ਖਾਲਸਾ ਸੋਈ ਕਹਾਵੈ !!੫੩
ਸਾਸਤ੍ਰ ਬੇਦ ਕਾ ਮਤੁ ਨਹੀਂ ਜਾਨੈ !
ਬ੍ਰਹਮਣ ਕਹੇ ਸੁ ਤਿਲ ਨਹੀ ਮਾਨੈ !
ਸ਼ਬਦ ਬੀਚਾਰੇ, ਖੋਜੇ ਗ੍ਰੰਥ !
ਸ੍ਰੀ ਖਾਲਸੇ ਕਾ ਇਹੁ ਪੰਥ !!੫੪
'ਪੰਥ ਖਾਲਸਾ' ਰੂਪ ਹਮਾਰਾ !
ਖੋਜੇ 'ਸ਼ਬਦ', ਸੋਈ ਮੁਝ ਪਿਆਰਾ !
ਪੰਚ ਸਿੱਖ ਜੋ ਕਹੈਂ; ਸੁ ਮਾਨੈ !
'ਪੰਥ ਖਾਲਸਾ' ਗੁਰੂ ਪਛਾਨੈ !!੫੫
ਐਸੇ ਸਿੱਖ ਜਬ ਦੇਹਿ ਤਜਾਗੈਂ !
ਮੁਕਤਿ ਹੋਇ ਛੁਨਿ ਵਿਲਮ ਨ ਲਾਗੈ !

ਇ: ੫: ੧੯.

Digitized by Panjab Digital Library | www.panjabdigilib.org

'ਸੱਚ-ਖੰਡ' ਸੋ ਵਾਸਾ ਪਾਵੈ !
ਅਮਰ ਹੋਇ ਮੁਝ ਮਾਹਿ ਸਮਾਵੈ !!"੫੬

ਐਸੇ ਬਚਨ ਕਹੇ ਜਬ ਦਿਆਲਿ।
ਮੱਥਾ ਟੇਕਿਆ ਸੁੰਦਰ ਬਾਲਿ !
ਗੋਬਿੰਦ ਖੁਸ਼ੀ ਕਰੀ ਪ੍ਰਭੁ ਨਾਥਿ !
ਥਾਪੀ ਦੀਨੀ ਸੱਜੇ ਹਾਥਿ ।੫੭
ਫੁਨਿ ਪ੍ਰਭ ਘੋੜੇ ਥੀਏ ਸਵਾਰ।
ਸਤਿਗੁਰੂ ਗੋਬਿੰਦ ਪੁਰਖੁ ਅਵਤਾਰਿ !
ਬਹੁੜ ਬੇਨਤੀ ਕੀਨੀ ਬਾਲਿ:—
"ਫਿਰ ਜਬ ਦਰਸ਼ਨ ਹੋਇ ਦਿਆਲ ?"੫੮

ਤਬ ਸਤਿਗੁਰ ਇਹ ਬਚਨ ਉਚਾਰੇ:—
"ਸੁਨਹੁ ਸੰਤ ਸਿੰਘ (ਤੁਮ) ਰੂਪ ਹਮਾਰੇ !
ਮੁਝ ਅਰ ਤੁਝ ਮੈ ਭੇਦ ਨ ਕੋਈ !
ਜਹਾਂ ਤਹਾਂ ਮੈਂ ਪੂਰਨ ਸੋਈ !!੫੯
ਜਬ ਉਪਜੇ ਤੁਮ ਦਰਸਨ-ਪਿਆਸ !
ਤਬਹੀ ਮੈਂ ਅਵਉਂ ਤੁਮ ਪਾਸ !"
...... ...... ...... ॥੬੦
ਸਤਿਗੁਰ ਅੰਮ੍ਰਿਤ-ਬਚਨ ਸੁਨਾਯਾ।
ਅੰਤ੍ਰ-ਧਯਾਨ ਹੁਇ ਸਰਬ ਸਮਾਯਾ।
ਸੰਤ ਸਿੰਘ ਗ੍ਰਿਹ ਆਇਓ ਮੀਤ !
ਜਹ ਤਹ ਦੇਖੇ 'ਗੋਬਿੰਦ' ਨੀਤ ॥੬੧

"ਗੋਬਿੰਦ ! ਗੋਬਿੰਦ !!" ਜਪੈ ਮੁਰਾਰੀ।
ਮਾਤ ਪਿਤਾ ਸਭ ਕੁਲਿ ਨਿਸਤਾਰੀ।
ਅਬ ਇਹ ਕਥਾ ਸੰਪੂਰਣ ਭਈ।
ਜੈਸੀ ਸੁਨੀ ਤੈਸੀ ਸਭ ਕਹੀ ॥੬੨

ਪੜ੍ਹੈ ਸੁਣੈ ਜੋ ਪ੍ਰੀਤ ਲਗਾਇ।
ਜੋ ਇਛੈ ਸੋਈ ਫਲੁ ਪਾਇ।
ਸੰਮਤੁ ਅਠਾਰਾਂ ਸੈ ਅਰੁ ਚਾਰੁ।
'ਨਾਨਕ-ਗੋਬਿੰਦ' ਮਿਲੇ ਕ੍ਰਿਪਾਲ ॥੬੩

---

ਇ: ਪ: ੮੦.

Digitized by Panjab Digital Library | www.panjabdigilib.org

ਸੰਮਤ ੧੮੦੪ (ਬਿੱ:)
ਵਾਹਿਗੁਰੂ ਜੀ ਕੀ ਫਤੇ !
ਗੁਰਬਰ ਅਕਾਲ !!

ਪਹਿਲਾ 'ਪਰਤੱਖ ਦਰਸ਼ਨ' ਲਿਖਾਰੀ ਭਾਈ ਕੇਸਰ ਸਿੰਘ 'ਛਿੱਬਰ' ਦਾ ਅੱਖੀਂ ਡਿੱਠਾ ਵਾਕਿਆ ਸੀ । ਇਹ ਦੂਜਾ; ਉਸੇ ਗੁਰਸਿਖ ਘਰਾਣੇ ('ਛਿਬਰ-ਬ੍ਰਾਮਣ' ਵੰਸ) ਦੇ ਚੰਨ ਚਰਾਗ—ਭਾਈ ਸੰਤ ਦਾਸ 'ਛਿੱਬਰ' ਨੇ ਵਰਤੇ ਵਰਤਾਰੇ ਤੋਂ ਤੀਹ ਸਾਲ ਬਾੱਦ (ਅਪਣੀ ਸੋਝੀ ਵਿਚ) ਵਰਤਿਆ, ਸੁਣਿ-ਸੁਧਾਰ ਕੇ ਲਿਖਿਆ ਹੈ। ਇਸ ਲਈ ਇਨ੍ਹਾਂ ਦੀ ਸਚਾਈ ਤੇ ਸਿਦਕ ਪੁਰ ਕਿਸੇ ਸ਼ੱਕ—ਸੁਭਾ ਦੀ ਗੁੰਜਾਇਸ਼ ਪ੍ਰਤੀਤਿ ਨਹੀਂ ਹੁੰਦੀ। ਇਸੇ ਨੇੜ-ਤੇੜ ਵਿਚ ਵਾਪਰੀ ਤੀਜੀ ਚਮਤਕਾਰੀ ਘਟਨਾ ਹੋਰ ਸੁਣੋ:-

(੩) ਮੁ: ਖ਼ੁਸਵਕਤ ਰਾਇ ਸਨ ੧੮੧੧ ਈ: (੧੮੬੮ ਬਿੱ:) ਵਿਖੇ ਤਯਾਰ ਕੀਤੀ ਅਪਣੀ ਕਿਤਾਬ-'ਤ੍ਵਾਰੀਖਿ ਸਿੱਖਾਂ' (ਫਾਰਸੀ) ਵਿੱਚ, ਨਵਾਬ ਮੀਰ ਮੱਨੂੰ ਦੇ ਸਮੇਂ (ਸੰਮਤ ੧੮੦੮-੧੦ ਬਿੱ:) ਦੀ ਸਾਖੀ ਸੁਣਾਉਂਦਾ ਹੈ:—

ਨਵਾਬ ਮੀਰ ਮਨੂੰ ਦੀ ਅਮਲਦਾਰੀ (ਸੰਮਤ ੧੮੦੬ ਤੋਂ ੧੮੧੦ ਬਿੱ: ਤਕ) ਵਿਚ ਭੀ ਸਿੰਘ ਲੁਕੇ ਛਿਪੇ ਰਹਿੰਦੇ ਸਨ। ਕਦੀ ਕਦੀ ਮੌਕਾ ਤਾੜ ਕੇ ਅੰਮ੍ਰਿਤਸਰਿ ਇਸ਼ਨਾਨ ਕਰ ਜਾਂਦੇ ਸਨ। ਅਰੁ ਨਵਾਬ ਦੇ ਬੰਦੇ ਪਿੰਡ ੨ ਉਨ੍ਹਾਂ ਦੇ ਖੁਰੇ ਸੁੰਘਦੇ ਫਿਰਦੇ ਰਹਿੰਦੇ ਸੀਗੇ। ਜਿਥੇ ਕਿਤੇ ਕਿਸੇ ਨੂੰ ਸਿੱਖ-ਸੂਰਤਿ ਵਿਚ ਵੇਂਹਦੇ, ਫੜ ਕੇ ਹਜ਼ੂਰਿ ਪੇਸ਼ ਚਾ ਕਰਦੇ ਸਨ। ਉਸ ਦਾ ਧਨ ਧਾਮ ਜ਼ਬਤ ਕਰਕੇ ਕੇਸ ਕਟਾ ਦੇਂਦੇ ਸਨ। ਰਵਾਇਤ ਹੈ:—

"ਇਕ ਦਿਨ ਮੀਰ ਮਨੂੰ ਨੂੰ ਖਬਰ ਮਿਲੀ, ਕਿ 'ਨਿਆਜ਼ ਬੇਗ' ਪਿੰਡ ਵਿਚ ਕੁਝ ਸਿੰਘ ਲੁਕੇ ਹੋਏ ਨਿ। ਉਨ੍ਹਾਂ ਦੀ ਅਲ਼ਖ ਮੁਕਾਣ ਲਈ ਆਪਣੇ ਦੋ ਕੁ ਸੌ ਸਵਾਰ ਭੇਜਿਓ ਸੂ। ਉਨ੍ਹਾਂ ਉਸ ਪਿੰਡ ਜਾ ਕੇ ਘਰ ਘਰ ਛਾਣ ਮਾਰਿਆ; ਤੇ ਪਰਜਾ ਦੀ ਹਰ ਸ਼ੈ ਆਪਣੇ ਵਾਸਤੇ ਜਾਇਜ਼ ਮੰਨ ਕੇ ਖੋਹ ਖਿੱਚ ਲਈ। ਇਕ ਗਰੀਬ ਬਿਧਵਾ (ਸਿੰਘਣੀ) ਨੇ ਦੁਖੇ ਦਿਲ ਨਾਲ ਠੰਡੇ ਹਾਉਕੇ ਭਰਦਿਆਂ ਅਰਦਾਸ ਕੀਤੀ:—

'ਹੇ ਦਸਵੇਂ ਪਾਤਿਸ਼ਾਹ ! ਜੇ ਤੂੰ ਸਾਨੂੰ ਛੱਡ ਜਾਣਾ ਸੀ;
ਤਾਂ ਇਨ੍ਹਾਂ ਲੋਕਾਂ ਨੂੰ ਆਪਣੇ ਸਿੱਖ ਬਣਾ ਕੇ ਕਿਉਂ ਖਰਾਬ

ਇ: ਪ: ੮੧.

Digitized by Panjab Digital Library | www.panjabdigilib.org

ਕਰਨਾ ਸੀ ? ਜੇ ਤੂੰ ਸਾਡਾ ਸੱਚਾ ਸਤਿਗੁਰੂ ਹੈਂ, ਤਾਂ ਇਨ੍ਹਾਂ ਅਜ਼ਾਬਾਂ ਤੋਂ ਸਾਨੂੰ ਛੁਡਾਉ !'

ਕਹਿੰਦੇ ਨੇ: ਤਤਕਾਲ ਇਕ ਨੀਲੇ ਬਾਣੇ ਵਾਲਾ ਸਵਾਰ, ਹਥ 'ਚਿ ਬਰਛਾ ਫੜਿਆ ਹੋਇਆ, ਇੰਨ ਬਿੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਬੜੀ ਫੁਰਤੀ ਤੇ ਚੌਕਸੀ ਨਾਲ ਅਜ਼ਗੈਬੋਂ ਪ੍ਰਗਟ ਹੋਇਆ। ਉਸੇ ਸਿੰਘਣੀ ਪਾਸੋਂ ਪੁਛਿਓਸੁ:–

'ਤੂੰ ਕੀ ਚਾਂਹਦੀ ਏਂ ?'

ਬੋਲੀ–'ਗੁਰੂ ਗੋਬਿੰਦ ਸਿੰਘ–ਜਿਸ ਨੇ ਅਸਾਂ ਲੋਕਾਂ
ਨੂੰ ਖਰਾਬ ਕੀਤਾ–ਠੀਕ ਹੀ ਮਰ ਗਿਆ। ਜੇ ਜਿਉਂਦਾ
ਹੁੰਦਾ; ਤਾਂ ਇਸ ਵੇਲੇ ਇਹ ਅੱਤਿਆਚਾਰ ਸਾਡੇ ਉੱਤੇ
ਨਾ ਹੁੰਦੇ ! ਅਸੀਂ ਉਸ ਦੇ ਸਿੱਖ ਜੁ ਸਾਂ !'

(ਉਸ ਅਣੋਖੇ ਸਵਾਰ ਨੇ) ਫਰਮਾਇਆ:–

'ਜੇ ਉਹ ਜਿਉਂਦਾ ਇ, ਤਾਂ ਜ਼ਰੂਰੇ ਬਾਹੁੜੇਗਾ !
ਖਾਤਿਰ ਜਮੱਾ ਰੱਖੁ !'

ਉਸ ਸਵਾਰ ਦੀ ਖਬਰ ਸੁਣਕੇ ਨਵਾਬ ਦੇ ਆਦਮੀ, ਉਸ ਨੂੰ ਫੜਨ ਦੇ ਇਰਾਦੇ ਨਾਲ ਇਕੱਠੇ ਹੋ ਕੇ ਆ ਪਏ । ਭਾਵੇਂ ਉਹ ਸਵਾਰ ਇਕੱਲਾ ਹੀ ਸੀ, ਲੇਕਿਨ ਦੁਸ਼ਮਣਾਂ ਦੀਆਂ ਅੱਖੀਆਂ ਨੇ ਉਸ ਦੇ ਨਾਲ ਹਜ਼ਾਰਾਂ ਸਵਾਰਾਂ ਦੀ ਜਮੱਇਅਤ ਵੇਖੀ। ਥੋੜਾ ਕੁ ਚਿਰ ਲੜਦੇ ਤੇ ਮਾਰਦੇ ਨਵਾਬ ਦੇ ਸਵਾਰ, ਹਾਰ ਕੇ ਉਠਿ ਨੱਸੇ। ਅਰ ਉਹ ਨੀਲੇ ਦਾ ਸਵਾਰ ਤੇ ਉਸ ਦੇ ਸਾਥੀ ਘੋੜ-ਚੜੇ ਭੀ ਤੁਰਤ ਲੋਪ ਹੋ ਗਏ, ਕਿਸੇ ਨੂੰ ਕੁਝ ਪਤਾ ਨਾ ਲੱਗਾ; ਕਿ ਕਿਧਰੋਂ ਆਏ ਸਨ, ਤੇ ਕਿਧਰ ਚਲੇ ਗਏ ! ਸਿਖਾਂ ਦਾ ਖਿਆਲ ਹੈ, ਉਹ ਖ਼ੁਦ ਗੁਰੂ ਗੋਬਿੰਦ ਸਿੰਘ (ਮਹਾਰਾਜ) ਸਨ; ਤੇ ਜ਼ਾਲਮਾਂ ਦਾ ਨਾਸ ਕਰਨ ਆਏ ਹਨ।"

(ਲਿਖਤੀ ਪੋਥੀ-ਪੱਤ੍ਰਾ ੫੧)

## ਖਾਲਸਾ ਜੀ ਦੀ ਅਰਦਾਸਿ

ਇਕ ਹੋਰ ਵੱਡਾ ਸਬੂਤ, ਇਸ ਗ੍ਰੰਥ ਦੇ ਪੁਰਾਤਨ ਹੋਣ ਦਾ ਇਹ ਭੀ ਹੈ; ਕਿ 'ਅਰਦਾਸਿ' ਦੀ ਵਰਤਮਾਨ ਰੂਪ-ਰੇਖਾ ਦਾ ਇਸ ਵਿਚ ਕੋਈ ਜ਼ਿਕਰ ਨਹੀਂ ! 'ਅਰਦਾਸਿ' ਭਾਵੇਂ ਗੁਰ-ਸਿੱਖਾਂ ਦੇ ਧਰਮ-ਕਰਮ ਦਾ ਇਕ ਜ਼ਰੂਰੀ ਅੰਗ ਹੈ; ਤੇ 'ਨਿਰੰਕਾਰੀ ਧਰਮ' ਦੀ ਬੁਨਿਆਦ ਹੀ ਗੁਰੂਬਾਬੇ ਨੇ 'ਅਰਦਾਸਿ' ਉੱਤੇ ਉਸਾਰੀ ਹੈ। ਅਰੁ ਫਰਮਾਇਆ ਹੈ:––



Digitized by Panjab Digital Library | www.panjabdigilib.org

"ਜੋ ਤੁਧੁ ਭਾਵੈ ਸੋਈ ਚੰਗਾ;
ਇਕ ਨਾਨਕ ਕੀ 'ਅਰਦਾਸਿ।"
(ਰਾਗੁ ਬਿਲਾਵਲੁ)

ਫਿਰ ਦੂਜੇ ਜਾਮੇ ਵਿਚ ਹਦਾਯਤ ਕੀਤੀ ਹੈ:–

"ਆਪੇ ਜਾਣੈ ਕਰੇ ਆਪਿ, ਆਪੇ ਆਣੈ ਰਾਸਿ।
ਤਿਸੈ ਅਗੈ ਨਾਨਕਾ, ਖਲਿਇ ਕੀਚੈ ਅਰਦਾਸਿ।"
(ਮਾਰੂ ਵਾਰ–ਪਉੜੀ ੨੦ਵੀਂ)

ਤਦ ਵੀ ਦਸਵੇਂ ਪਾਤਿਸ਼ਾਹ ਦੇ ਪੰਜ-ਭੂਤਕ ਸਰੀਰ ਅੰਦਰਿ ਜੋਤਿ ਜਗਾਉਂਦੇ ਰਹਿਣ ਤਕ, 'ਅਰਦਾਸਿ' ਦੀ ਸੂਰਤਿ ਇਹ ਨਹੀਂ ਸੀ; ਜੋ ਇਸ ਵਕਤ ਹੈ। ਵਰਤਮਾਨ 'ਅਰਦਾਸਿ' ਦੇ ਜਨਮ ਦੀ ਤਿਥਿ-ਸੰਮਤ ਦਾ ਸਹੀ ਪਤਾ ਤਾਂ ਹਾਲਾਂ ਕਾਫੀ ਖੋਜ-ਪੜਤਾਲ ਦਾ ਮੁਹਤਾਜ ਹੈ; ਤਦ ਵੀ ਮੇਰੀ ਚਉਬੀਹ-ਪੰਜੀਹ ਵਰ੍ਹੇ ਦੀ ਪੋਜ-ਪੜਤਾਲ ਵਿਚ 'ਅਰਦਾਸਿ' ਦਾ ਪੌਣੀ ਕੁ ਸਦੀ ਪੁਰਾਣਾ ਲਿਖਤੀ ਸਰੂਪ ਇਹ ਲੱਭਾ ਹੈ:–

"ੴ ਵਾਹਗੁਰੂ ਜੀ ਕੀ ਫਤੇ॥
"ਸ੍ਰੀ ਭਗਉਤੀ ਜੀ ਸਹਾਇ॥
('ਵਾਰ ਸ੍ਰੀ ਭਗਉਤੀ ਜੀ ਕੀ॥' ਪਾਤਿਸ਼ਾਹੀ ੧੦)

"ਪ੍ਰਿਥਮੈ ਭਗਉਤੀ ਸਿਮਰਕੈ, ਗੁਰ ਨਾਨਕ ਲਈ ਧਿਆਇ।
ਫਿਰਿ ਅੰਗਦ ਗੁਰੁ ਤੇ ਅਮਰਦਾਸ, ਰਾਮਦਾਸੈ ਹੋਈ ਸਹਾਇ।
ਅਰਜਨ, ਹਰਿਗੋਬਿੰਦ ਨੂ ਸਿਮਰੌ ਸ੍ਰੀ ਹਰਿਰਾਇ।
ਸ੍ਰੀ ਹਰਿ ਕ੍ਰਿਸਨ ਧਿਆਈ ਐ, ਜਿਸੁ ਡਿਠੇ ਸਭ ਦੁਖ ਜਾਇ।
ਤੇਗ ਬਹਾਦੁਰ ਸਿਮਰੀ ਐ, ਘਰਿ ਨਉ ਨਿਧਿ ਆਵੈ ਧਾਇ।
ਸਭ ਥਾਈਂ ਹੋਇ ਸਹਾਇ॥੧

ਸਤਿ ਸ੍ਰੀ ਅਕਾਲ ਪੁਰਖੁ ਜੀ ਕਾ ਖ਼ਾਲਸਾ ਜੀ ਸਾਹਿਬ ਬੋਲੋ ਜੀ ਵਾਹਗੁਰੂ !!

ਖਾਲਸੇ ਜੀ ਕੋ ਨਾਮ-ਦਾਨ, ਸੀਲ-ਦਾਨੁ ਸੰਤੋਖ ਦਾਨੁ ਬੁਧਿ-ਦਾਨੁ, ਬਿਬੇਕ-ਦਾਨੁ ! ਕੇਸਾਂ, ਸਾਸਾਂ ਕਾ ਸਹਾਈ ਵਾਹਗੁਰੂ ! ਖਾਲਸੇ ਜੀ ਕੀ ਦੇਗ ਤੇਗ ਫਤਿਹ, ਚਉਕੀਆਂ, ਬੁੰਗੀ ਜੁਗੋ ਜੁਗੁ ਅਟਲ ! ਧਰਮ ਕਾ ਜੈਕਾਰੁ; ਜਹਾਂ ਜਹਾਂ ਖਾਲਸਾ ਜੀ ਸਾਹਿਬੁ, ਤਹਾਂ ਤਹਾਂ ਰੱਛਿਆ

ਇ: ਪ: ੮੩.

Digitized by Panjab Digital Library | www.panjabdigilib.org

ਰਿਆਇਤ; ਪੰਥ ਕੀ ਜੀਤ; ਸ੍ਰੀ ਸਾਹਿਬੁ ਜੀ ਸਹਾਇ ! ਖਾਲਸੇ ਜੀ ਕਾ ਬੋਲ ਬਾਲਾ !!

ਪ੍ਰਿਥਮੇ ਸਮੂਹ ਖਾਲਸੇ ਜੀ ਕੀ ਅਰਦਾਸਿ:—ਸਮੂਹ ਖਾਲਸੇ ਜੀ ਕੋ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਕੇ ਇਸ਼ਨਾਨ; ਨਨਕਾਣੇ, ਡੇਹਰੇ ਸਾਹਿਬ ਜੀ ਕੇ ਦੀਦਾਰ; ਤਰਨ ਤਾਰਨ,ਖਡੂਰ ਸਾਹਿਬ, ਬਾਵਲੀ ਜੀ ਕੇ ਇਸ਼ਨਾਨ; ਕੀਰਤਪੁਰ, ਕੇਸਗੜ੍ਹ-ਸ੍ਰੀ ਅਨੰਦਪੁਰ ਸਾਹਿਬ ਜੀ ਕੇ ਦੀਦਾਰ; ਪਟਣੇ, ਪਾਉਂਟੇ ਸਾਹਿਬ ਜੀ ਕੇ ਦੀਦਾਰ; ਮੁਕਤਿਸਰ, ਦਮਦਮੇ ਸਾਹਿਬ ਜੀ ਕੇ ਦੀਦਾਰ, ਇਸ਼ਨਾਨ; ਸਮੂਹ ਖਾਲਸੇ ਜੀ ਕੋ ਨਿਗਾਰਿਆਂ ਨਿਸ਼ਾਨਾਂ ਜੀ ਕੀ ਤਾਬਿਆਂ ਸ੍ਰੀ ਅਬਚਲ ਨਗਰ-ਹਜ਼ੂਰ ਸਾਹਿਬ ਜੀ ਕੇ ਦੀਦਾਰ; ਸ਼ਹੀਦਾਂ, ਮੁਰੀਦਾਂ, ਹਠੀਆਂ, ਤਪੀਆਂ, ਸੰਤਾਂ, ਭਗਤਾਂ, ਸਿਦਕਵਾਨਾਂ ਕੀ ਕਮਾਈ ਕਾ ਸਦਕਾ; ਸਤਿ ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਜੀ ਸਾਹਿਬੁ ! ਬੋਲੋ ਜੀ ਵਾਹਗੁਰੂ !!

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਪਾਠ, ਦੀਦਾਰ; ਸੰਬੂਹ ਸਾਧ-ਸੰਗਤਿ ਜੀ ਕਾ ਸਦਕਾ; ਸਤਿ ਸ੍ਰੀ ਅਕਾਲ ਪੁਰਖੁ ਜੀ ਕਾ ਖਾਲਸਾ ਜੀ ਸਾਹਿਬ ! ਬੋਲੋ ਜੀ ਵਾਹਗੁਰੂ !!

ਜੀ, ਗੁਰੂ ਗਰੀਬ ਨਿਵਾਜ ! ਸ਼ਬਦ-ਚਉਕੀ, ਸੋਦਰ-ਰਹਰਾਸਿ ਜੀ ਕੀ ਅਰਦਾਸਿ; ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇ ਚਰਨ ਕਵਲਾਂ ਪਾਸਿ; ਸਿਖ ਪੜ੍ਹਦੇ, ਸੁਣਦੇ, ਸਮੂਹ ਕੇ ਕਾਰਜ ਰਾਸਿ !! ੧" ('ਦਉਰੇ ਕੀ ਪੋਥੀ' ਸੰਮਤ ੧੯੪੩ ਬਿੱ: ਦ ਲਿਖਤਿ)

ਇਸ ਅਰਦਾਸ ਵਿਚ 'ਵਾਰ-ਭਗਉਤੀ' ਵਾਲੀ ਪਉੜੀ, ਬੁੰਗਿਆਂ, ਸ਼ਹੀਦਾਂ ਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਜ਼ਿਕਰ; 'ਸਮੂਹ ਖਾਲਸੇ ਜੀ ਕੋ ਨਗਾਰਿਆਂ ਨਿਸ਼ਾਨਾਂ ਜੀ ਕੀ ਤਾਬਿਆਂ ਸ੍ਰੀ ਅਬਚਲ ਨਗਰ-ਹਜ਼ੂਰ ਸਾਹਿਬ ਜੀ ਕੇ ਦੀਦਾਰ' ਦੀ ਲੋਚਾ ਆਦਿ; ਖਾਲਸਾ ਜੀ ਦੇ ਬਿਖੜੇ ਸਮੇਂ ਤੋਂ ਲੰਘ ਚੁੱਕਣ—ਸੰਮਤ ਅਠਾਰਾਂ ਸੈ ਸੋਲ੍ਹਾਂ-ਸਤਾਰਾਂ ਬਿੱਕ੍ਰਮੀ—ਤੋਂ ਬੱਦ ਹੀ ਸ਼ਾਮਿਲ ਹੋ ਸਕਦੇ ਹਨ । ਬਲਕਿ ਇਸ 'ਅਰਦਾਸਿ, ਦੇ ਸਾਰੇ ਅੰਗ-ਪ੍ਰਤਅੰਗ, ਖਾਲਸਾ ਜੀ ਦੇ 'ਬੁੱਢਾ—ਦਲ', 'ਤਰੁਣਾ—ਦਲ' ਤੇ 'ਬਾਰਾਂ ਮਿਸਲਾਂ' ਦੀ ਸਥਾਪਨਾ ਤੋਂ ਭੀ ਬੱਦ ਡਉਲੇ ਗਏ ਹਨ । ਸੋ, ਇਸ ਅੰਦਰਲੀ ਇਤਿਹਾਸਕ ਉਗਾਹੀ ਤੋਂ ਬੀ, ਇਹ ਉੱਤਮ ਗ੍ਰੰਥ, ਭਾਈ ਮਨੀ ਸਿੰਘ, ਤਾਰੂ ਸਿੰਘ ਤੇ ਤਾਰਾ ਸਿੰਘ ਆਦਿ ਸ਼ਹੀਦ ਸਿੰਘਾਂ ਦੇ ਜੀਵਨ-

---

ਇ: ਪ: ੮੪.

Digitized by Panjab Digital Library | www.panjabdigilib.org

ਜੋਤਿ ਜਗਾਂਦੇ ਸਮੇਂ—ਸੰਮਤੁ ਸੋਲਾਂ ਸੈ ਪੈਂਹਠ ਤੇ ਅਠਾਰਾਂ ਸੈ ਸੋਲ੍ਹਾਂ ਬਿੱਕ੍ਰਮੀ ਵਿਚਕਾਰ—ਹੀ ਲਿਖਿਆ ਗਿਆ ਸਹੀ ਹੁੰਦਾ ਇ।

ਹੋਰ ਤਾਂ ਹੋਰ, 'ਆਦਿ ਗ੍ਰੰਥ' ਨੂੰ ਵੀ, ਇਸ ਪੁਸਤਕ ਦੇ ਰਚਨ-ਕਾਲ ਤੱਕ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਉਪਾਧੀ ਪ੍ਰਾਪਤ ਨਹੀਂ ਸੀ ਹੋਈ; 'ਪੋਥੀ' ਯਾ 'ਗਿਰੰਥ' ਹੀ ਸੱਦਿਆ ਜਾਂਦਾ ਸੀ। ਜਿਹਾ ਕਿ ਇਸ ਪੁਸਤਕ ਵਿਚ ਦਰਜ ਹੈ।

## ਛਾਪਣ ਦੀ ਲੋੜ

ਪ੍ਰੋਫੈਸਰ ਤੇਜਾ ਸਿੰਘ, ਐਮ. ਏ., 'ਖਾਲਸਾ ਕਾਲਜ ਅੰਮ੍ਰਿਤਸਰ' ਦੀ ਸੇਵਾ ਪੂਰੀ ਨਿਬਾਹ ਕੇ, "ਖਾਲਜਾ ਕਾਲਜ-ਬੰਬਈ" ਦੇ ਪ੍ਰਿੰਸੀਪਲ ਜਾ ਲੱਗੇ; ਤਾਂ ਉਨ੍ਹਾਂ ਨੇ ਖਤ ਲਿਖ ਕੇ 'ਪ੍ਰੇਮ-ਸੁਮਾਰਗ ਗ੍ਰੰਥ' ਲੱਭ ਦੇਣ, ਯਾ ਉਤਾਰਾ ਕਰ ਭੇਜਣ ਦੀ ਆਗਿਆ ਕੀਤੀ। ਪਰ ਇਹ ਸਰੀਰ, ਕਾਰੋਬਾਰ ਦੇ ਰੁਝੇਵੇਂ ਕਰ ਕੇ, ਦੋਵੇਂ ਸੇਵਾ ਸਾਰਨ ਤੋਂ ਅਸਮਰੱਥ ਰਿਹਾ। ਇਹ ਗ੍ਰੰਥ ਪੂਰਾ ਤਾਂ ਕਦੀ ਛਪਿਆ ਹੀ ਨਹੀਂ, ਵਿੱਚੋਂ ਪਹਿਲੇ, ਦੂਜੇ ਅਧਿਆਉ ਦਾ ਕੁਝ ਕੁ ਅੰਸ ਛਾਂਟ ਕੇ, 'ਭਾਈ ਪ੍ਰਤਾਪ ਸਿੰਘ, ਸੁੰਦਰ ਸਿੰਘ, ਪੁਸਤਕਾਂ ਵਾਲੇ—ਬਾਜ਼ਾਰ ਮਾਈ ਸੇਵਾਂ—ਅੰਮ੍ਰਿਤਸਰ—ਨੇ ਆਪਣੇ ਛਾਪੇ 'ਰਹਿਤ ਨਾਮੇ' ਪੁਸਤਕ ਵਿੱਚ ਦਿੱਤਾ ਸੀ; ਪਰ ਮਸਾਂ ਵੰਨਗੀ ਮਾਤ੍ਰ। ਸ: ਬ: ਭਾਈ ਕਾਨ੍ਹ ਸਿੰਘ ਜੀ, 'ਨਾਭਾ' ਨੇ ਭੀ, ਸਾਧਾਰਨ ਸਿੱਖ ਲਈ ਦੱਸੀਆਂ ਗਈਆਂ ਰਹਿਤਾਂ, ਝਾੜ-ਝੰਬ ਕੇ ਆਪਣੇ ਲਿਖੇ ਗ੍ਰੰਥ 'ਗੁਰਮਤ ਸੁਧਾਕਰ' ਨਾਲ ਰਲਾਈਆਂ ਸਨ; ਪਰ 'ਖਾਲਸਾ-ਰਾਜ' ਤੇ 'ਸਹਜ-ਜੋਗ' ਵਾਲੇ ਭਾਗ ਉੱਕੇ ਨਹੀਂ ਸਨ ਛੁਹੇ।

ਹੁਣ ਭਾਰਤ-ਵਰਖ ਦੇ, ਬਦੇਸੀ ਗੁਲ਼ਾਮੀ ਤੋਂ ਖਲਾਸੀ ਪ੍ਰਾਪਤਿ ਕਰਨ ਪੁਰ, ਦੇਸ ਵਿਚ ਸਹੀ, ਸੌਖਾ ਤੇ ਸੁਚੱਜਾ ਰਾਜ-ਪ੍ਰਬੰਧ ਸਥਾਪਣ ਦੀ ਲੋੜ ਪ੍ਰਤੀਤਿ ਹੋਣ ਲੱਗੀ ਹੈ। ਮੁਸਲਮਾਨਾਂ ਤਾਂ ਹੱਥ ਪੱਲਾ ਮਾਰ ਕੇ, ਦੇਸ ਦੇ ਦੋ-ਚਾਰ ਟੋਟੇ ਟੁੱਕ ਲਏ; ਤੇ 'ਇਸਲਾਮੀ ਹਕੂਮਤ' ਕਾਇਮ ਕਰਨ ਦਾ ਚਾਉ ਪੂਰਾ ਕਰ ਲਿਆ। ਪਰ ਬਾਕੀ ਤੱਛੇ-ਮੁੱਛੇ ਭਾਰਤ ਵਿਚ, ਧਰਮ-ਕਰਮ ਤੇ ਇਸਟ-ਉਪਾਸਨਾ, ਸਭਨਾਂ ਦੀ ਇਕ ਨਾਂ ਹੋਣਕਰਕੇ, ਉਲਟੀ ਵਾਉ ਵਗ ਪਈ ਹੈ। ਸਾਂਝਾ ਤੇ ਸਰਬ ਸੁਖਦਾਈ ਰਾਜ-ਪ੍ਰਬੰਧ ਚਾਲੂ ਕਰਨ ਦੀ ਥਾਂ, ਆਪੋ ਧਾਪੀ ਮਚ ਗਈ, ਤੇ ਉਲਟੀ ਵਾੜ ਖੇਤ ਨੂੰ ਹੀ ਖਾਣ ਡਹਿ ਪਈ ਹੈ। ਜਿਸ ਸਖਾਲਾ-ਰਾਜ ਦਾ ਖਿਆਲ, ਦੀਨਾਂ ਦੇ ਦਰਦੀ

---

ਇ: ਪ: ੮੫.

Digitized by Panjab Digital Library | www.panjabdigilib.org

ਸ੍ਰੀ ਸਤਿਗੁਰੂ ਨਾਨਕ ਗੋਬਿੰਦ ਸਿੰਘ ਨੇ ਅਰਸ਼ਾਂ ਤੋਂ, ਫਰਸ਼ਾਂ ਦੇ ਵਾਸੀਆਂ ਲਈ ਆਂਦਾ ਸੀ; ਅਰੁ ਥੋੜਾ ਕੁ ਚਿਰ, ਮਹਾਰਾਜਾ ਰਣਜੀਤ ਸਿੰਘ ਨੇ ਉਸ ਦਾ ਝਲਕਾਰਾ ਪੰਜਾਬ ਦੀ ਧਰਤੀ ਤੇ ਵਿਖਾਲ਼ਿਆ ਸੀ; ਉਸ ਨੂੰ ਪਿਛਾਹਾਂ ਸੁੱਟ ਕੇ, ਫਿਰਕੂ ਨਫਰਤ ਦਾ ਨਾਮ ਹੀ 'ਸੈਕੂਲਰ-ਸਰਕਾਰ' ਰੱਖ ਲਿਆ ਗਿਆ ਹੈ। ਬਦੇਸ਼ੀ ਗੁਲਾਮੀ ਨਾਲੋਂ ਭੀ ਭੈੜੀ ਤੇ ਮਾਰੂ ਜ਼ਹਿਰ, ਨਵੀਆਂ ਬੋਤਲਾਂ ਵਿਚ ਭਰ ਕੇ, ਉੱਤੇ 'ਗ਼ੈਰ-ਮਜ਼ਹਬੀ ਹਕੂਮਤ' ਦੇ ਲੇਬਲ (ਚਿਟ) ਲਾ ਦਿਤੇ ਗਏ ਹਨ। ਇਹੋ ਨਹੀ; ਬਈ ਦਇਆ ਨੰਦੀ ਸੂਝ-ਬੂਝ ਵਾਲੇ ਸਮਾਜੀ ਲੋਕ ਹੀ ਇਸ ਗਰਲ-ਗੋਲੀ ਨੂੰ ਅੰਮ੍ਰਿਤ-ਸੰਜੀਵਨੀ ਵੱਟੀ ਦੱਸ ਕੇ, ਬਦੋ ਬਦੀ ਲੋਕਾਂ ਦੇ ਸੰਘਾਂ ਵਿੱਚ ਤੁੰਨੀ ਜਾ ਰਹੇ ਨਿ; ਸਗੋਂ 'ਖਾਲਸਾ ਪੰਥ' ਦੇ ਆਗੂਆਂ ਵਿਚੋਂ ਭੀ ਕਈ ਸੱਜਨ, ਤੱਤਿਆਂ, ਖੱਖਿਆਂ ਤੇ ਬੱਬਿਆਂ ਦੇ ਖੜਪੈਂਚਾਂ ਨਾਲ ਰਲ ਕੇ ਇਸ ਛਲ-ਛਿੱਦਰ ਦੀ ਛਿੰਝ ਵਿਚ ਲਾਕੜੀ ਬਣੇ ਫਿਰਦੇ ਨਿ।

ਇਸ ਹਾਲਤ ਵਿੱਚ, ਜ਼ਰੂਰਤ ਮਹਿਸੂਸ ਹੋਈ ਹੈ, ਕਿ ਇਹ ਅਮੋਲਕ ਗ੍ਰੰਥ ਛੇਤੀ ਪ੍ਰਕਾਸ਼ਤ ਕਰਕੇ, ਇਸ ਵਿਚ ਦੱਸੇ ਗਏ ਮਾਨੁੱਖੀ-ਜੀਵਨ ਤੇ ਦੇਸ-ਕੌਮ ਦੀ ਭਲਾਈ ਦੇ ਸਾਧਨ, ਆਗੂਆਂ, ਹਾਕਮਾਂ ਤੇ ਮਹਿਕੂਮ ਲੋਕਾਂ ਦੇ ਪੇਸ਼ ਕੀਤੇ ਜਾਣ। ਅਰੁ ਇਨ੍ਹਾਂ ਪੂਰਨਿਆਂ ਪੁਰ ਪੈਰੋ-ਪੈਰ ਚਲਦਿਆਂ, ਜੀਵਨ-ਪੈਂਡਾ ਪੂਰਾ ਕਰਨ ਦੀ ਪ੍ਰੇਰਨਾ ਕੀਤੀ ਜਾਵੇ ॥

## 'ਪ੍ਰੇਮ–ਸੁਮਾਰਗ' ਦਾ ਮਨੋਰਥ

ਜਿਹਾ ਕਿ ਇਸ ਦੇ ਨਾਮ ਤੋਂ ਜ਼ਾਹਿਰ ਹੈ; ਇਹ 'ਮੁਹੱਬਤ ਦਾ ਇਕ ਸਰੇਸ਼ਟ ਰਸਤਾ (ਮਾਰਗ)' ਦੱਸਣ ਵਾਲਾ ਗ੍ਰੰਥ ਹੈ। ਸਿਰਜਨਹਾਰ ਦੇ ਸਾਜੇ ਸਰਬ ਸਾਧਾਰਨ ਮਨੁੱਖਾਂ ਲਈ, ਇਸ ਗ੍ਰੰਥ ਦੇ ਸਾਜਨ ਹਾਰ ਨੇ, ਬੜੇ ਸੌਖੇ ਤੇ ਸਿੱਧ ਪੱਧਰੇ ਸਾਧਨ ਦੱਸੇ ਹਨ। ਸਰਿਸਟੀ ਦੇ ਸਾਰੇ ਕਾਰ-ਵਿਹਾਰ, ਸਰੇਸ਼ਟਾ-ਚਾਰ ਤੇ ਪਿਆਰ ਨਾਲ ਨਿਬਾਹੁੰਦਿਆਂ ਹੋਇਆਂ, ਪਰਮਾਤਮਾਂ ਨਾਲ ਪ੍ਰੀਤਿ ਪਾਲਣ ਦੇ ਭੀ ਸੁਚੱਜੇ ਗੁਰ ਦਰਸਾਏ ਹਨ। ਜਨਮ ਤੋਂ ਲੈਕੇ ਮਰਨ ਪ੍ਰਯੰਤ, ਇਨਸਾਨੀ-ਜ਼ਿੰਦਗੀ ਦੇ ਹਰ ਪਾਸੇ ਪਰਕਾਸ਼ ਪਾਕੇ,ਮਾਨੁੱਖਤਾ ਦਾ ਸਹਜ-ਗਿਆਨ ਦ੍ਰਿੜ੍ਹਾਇਆ ਹੈ। ਫਿਰ ਜੇ ਇਸ ਨਿਰਮਲ (ਖਾਲਸਾ) ਮਾਰਗ ਦੇ ਪੰਧਾਊ ਨੂੰ, ਭਾਗਾਂ ਸਾਰੀ ਦੁਨੀਆਂ ਦਾਰਾਂ ਪੁਰ ਰਾਜ(ਹਕੂਮਤ) ਕਰਨ ਦਾ ਸੁਭਾਗ ਪ੍ਰਾਪਤ ਹੋਵੇ; ਤਾਂ ਕਿਵੇਂ



Digitized by Panjab Digital Library | www.panjabdigilib.org

ਰਾਜ-ਪ੍ਰਬੰਧ ਕਰੇ? ਕਿਵੇਂ ਪ੍ਰਜਾ ਨਾਲ ਵਰਤੇ? ਕਿਵੇਂ ਅਪਣੇ ਮੁਸਾਹਿਬਾਂ, ਕਰੀਬੀ ਰਿਸ਼ਤੇਦਾਰਾਂ ਤੇ ਅਧੀਨ ਅਹਿਲਿਕਾਰਾਂ ਨਾਲ ਸਲੂਕ ਕਰੇ ? ਹਰ ਗੱਲੇ ਉਸਦੀ ਰਾਹਨੁਮਾਈ ਬੜੇ ਸੁਹਣੇ ਢੰਗ ਨਾਲ ਕੀਤੀ ਹੈ। ਸਾਰਾ ਵੇਰਵਾ 'ਵਿਸ਼ੈ ਸੂਚਕ ਤਤਕਰੇ' ਵਿਚ ਪੜ੍ਹਿਆਂ ਪਤਾ ਲੱਗ ਜਾਂਦਾ ਹੈ।

## ਹਵਾਲੇ ਵਾਲੇ ਗ੍ਰੰਥ ਤੇ ਪੁਸਤਕ:—

ਇਸ ਗ੍ਰੰਥ ਦੀ ਜਾਣ-ਪਛਾਣ ਕਰਾਉਣ ਹਿਤ, ਹੇਠ ਲਿਖੇ ਗ੍ਰੰਥਾਂ ਵਿੱਚੋਂ ਹਵਾਲੇ ਪੇਸ਼ ਕੀਤੇ ਗਏ ਹਨ । ਗ੍ਰੰਥਾਂ ਦੇ ਰਚਨਹਾਰਾਂ, ਸੰਪਾਦਕਾਂ ਪ੍ਰਕਾਸ਼ਕਾਂ ਤੇ ਸੰਭਾਲਣਹਾਰਾਂ ਦਾ ਦਿਲੋਂ ਬਹੁਤ ੨ ਧੰਨਿਵਾਦ !

੧—'ਸ੍ਰੀ ਗੁਰੂ (ਆਦਿ) ਗ੍ਰੰਥ ਸਾਹਿਬ'—ਸ੍ਰੀ ਗੁਰੂ ਅਰਜੁਨ ਦੇਵ ਪੰਜਵੇਂ ਪਾਤਿਸ਼ਾਹ ਦਾ ਸੰਪਾਦਿਤ।

੨—'ਗੁਰਬਾਣੀ ਸੰਗ੍ਰਹ'—ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਦਾ ਲਿਖਤੀ ਸੈਂਚਾ। (ਨੰ. ਦਾ. ੧੧੫੦)।

੩—'ਵਾਰਾਂ—ਭਾਈ ਗੁਰਦਾਸ 'ਭੱਲੇ' ਦੀਆਂ; ਛੇਵੇਂ ਪਾਤਿਸ਼ਾਹ ਦੇ ਸਮੇਂ ਦੀ ਰਚਨਾਂ।

੪—'ਸ੍ਰੀ ਗੁਰੂ ਸੋਭਾ'—ਕਵਿ ਸੈਨਾਪਤਿ* 'ਖਾਲਸਾ' ਕ੍ਰਿਤ; ਸੰਮਤ ੧੭੬੮ ਬਿੱ: ਦੀ ਰਚਨਾ। (ਨੰ. ਦਾ. ੧੪੮੦)

੫—ਭਾਈ ਮਨੀ ਸਿੰਘ 'ਸ਼ਹੀਦ' ਦੀ, ਮਾਤਾ ਸਾਹਿਬਾਂ ਦੇ ਨਾਮ, 'ਗੁਰੂ ਚੱਕ-ਬੁੰਗੇ' ਤੋਂ ੨੨ ਵੈਸਾਖ (੧੭੭੪ ਬਿੱ:) ਦੀ ਲਿਖੀ ਹੋਈ ਚਿੱਠੀ।

੬—'ਦਸਵੇਂ ਪਾਤਿਸ਼ਾਹ ਕਾ ਗ੍ਰੰਥ'—ਭਾਈ ਮਨੀ ਸਿੰਘ 'ਸ਼ਹੀਦ' ਦਾ ਸੰਮਤ ੧੭੭੦-੮ ਬਿੱ: ਵਿਚ ਸੰਪਾਦਨ ਕੀਤਾ ਹੋਇਆ।

੭—'ਤਜ਼ਕਰਾ ਤੁਲ ਸਲਾਤੀਨਿ ਚੁਗੱਤਾ' (ਫਾਰਸੀ) ਮੁਹੰਮਦ ਹਾਦੀ, ਕਾਮਵਰ ਖ਼ਾਨ ਕ੍ਰਿਤ—ਸੰਮਤ ੧੭੬੩ ਤੋਂ ੧੭੮੦ ਬਿੱ: ਤੱਕ ਦੀ ਲਿਖੀ ਹੋਈ।

੮—'ਗੁਰ ਬਿਲਾਸ ਪਾਤਿਸ਼ਾਹੀ ੧੦'—ਭਾਈ ਕੁਇਰ ਸਿੰਘ,'ਕਲਾਲ' ਕ੍ਰਿਤ; ਸੰਮਤ ੧੮੦੧ ਤੋਂ ੧੮੦੮ ਬਿੱ: ਤੱਕ ਦੀ ਰਚਨਾ (ਨੰ. ਦਾ. ੧੧੯੮)

---

*ਬਾਬਾ ਸੁਮੇਰ ਸਿੰਘ ਦੇ ਕਥਨਾਨੁਸਾਰ—'ਸੈਨਾ ਸਿੰਘ'

---



Digitized by Panjab Digital Library | www.panjabdigilib.org

੯ 'ਮਹਿਮਾ ਪ੍ਰਕਾਸ਼'-ਬਾਬਾ ਸਰੂਪ ਦਾਸ, 'ਭੱਲਾ' ਕ੍ਰਿਤ; ਸੰਮਤ ੧੮੩੩-੪ ਬਿੱ: ਦੀ ਰਚਨਾ।† (ਨੰ. ਦਾ. ੧੧੫੧)

੧੦–'ਸਾਖੀ ਸਤਿਗੁਰ ਨਾਨਕ ਦੀ'–ਭਾਈ ਸੰਤ ਦਾਸ,'ਛਿੱਬਰ' ਕ੍ਰਿਤ; ਸੰਮਤ ੧੮੩੪ ਬਿੱ: ਦੀ ਕਾਵਯ ਰਚਨਾ (ਨੰ. ਦਾ. ੧੯੭੩)

੧੧–'ਬੰਸਾਵਲੀ ਨਾਮਾ ਦਸਾਂ ਪਾਤਿਸ਼ਾਹੀਆਂ ਕਾ'–ਭਾਈ ਕੇਸਰ ਸਿੰਘ, 'ਛਿੱਬਰ' ਕ੍ਰਿਤ; ਸੰਮਤ ੧੮੩੬ ਬਿੱ: ਦੀ ਰਚਨਾ।†

੧੨–'ਗੁਰ ਬਿਲਾਸ'='ਪਾਤਿਸ਼ਾਹੀ ਦਸਵੀਂ ਕੇ ਚਰਿਤ੍ਰ' ਭਾਈ ਸੁੱਖਾ ਸਿੰਘ, ਗ੍ਰੰਥੀ–ਤਖ਼ਤ ਸ੍ਰੀ ਕੇਸ ਗੜ੍ਹ ਸਾਹਿਬ ਰਚਿਤ– ਸੰਮਤ ੧੮੫੪ ਬਿੱ: ਦੀ ਰਚਨਾਂ। (ਨੰ. ਦਾ. ੭੪੩)

੧੩-'ਤ੍ਵਾਰੀਖ ਸਿੱਖਾਂ' (ਫਾਰਸੀ)-ਰਾਇ ਖ਼ੁਸ਼ਵਕਤ ਰਾਇ,ਵਾਕਿਆ-ਨਿਗਾਰ, ਸਰਕਾਰ-ਅੰਗ੍ਰੇਜ਼ੀ-ਕ੍ਰਿਤ; ਸੰਮਤ ੧੮੬੮ ਬਿੱ: (ਸਨ ੧੮੧੧ ਈ:) ਦੀ ਲਿਖਤਿ।

੧੪–'ਸੁਧਰਮ ਮਾਰਗ ਗ੍ਰੰਥ'––ਸੰਤ ਭੂਪ ਸਿੰਘ. 'ਨਿਰਮਲੇ' ਕ੍ਰਿਤ; (ਨੰ. ਦਾ. ੧੫੨੬)

੧੫–'ਹੁਕਮ ਨਾਮੇ'–ਬਾਬਾ ਰਾਮ ਸਿੰਘ ਜੀ 'ਨਾਮਧਾਰੀ' ਵੱਲੋਂ ਸੰਮਤ ੧੯੩੧ ਤੋਂ ੧੯੩੭ ਤੱਕ ਦੇ ਲਿਖੇ ਹੋਏ।

੧੬–'ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ਼'–ਬਾਬਾ ਸੁਮੇਰ ਸਿੰਘ, ਗ੍ਰੰਥੀ-ਤਖ਼ਤ ਸ੍ਰੀ ਪਟਣਾ ਸਾਹਿਬ-ਕ੍ਰਿਤ; ਸੰਮਤ ੧੯੩੮ ਬਿੱ: ਦੀ ਰਚਨਾ। (ਨੰ. ਦਾ. ੧੬੯੮)

੧੭–'ਸ੍ਰੀ ਗੁਰੂ-ਤੀਰਥ ਸੰਗ੍ਰਹਿ'–ਪੰਡਿਤ ਤਾਰਾ ਸਿੰਘ 'ਨਰੋਤਮ' ਕ੍ਰਿਤ; ਸੰਮਤ ੧੯੪੯ ਬਿੱ: ਤੋਂ ਪਹਿਲੀ ਰਚਨਾ (ਨੰ.ਦਾ. ੮੬੫)

੧੮-'ਤ੍ਵਾਰੀਖ ਗੁਰੂ ਖਾਲਸਾ'–ਗਿਆਨੀ ਗਿਆਨ ਸਿੰਘ ਕ੍ਰਿਤ; ਸੰਮਤ ੧੯੪੯ ਬਿੱ: ਦੀ ਰਚਨਾ। (ਨੰ. ਦਾ. ੧੫੬੦)

---

†ਬਾਬਾ ਸੁਮੇਰ ਸਿੰਘ ਨੇ ਇਨ੍ਹਾਂ ਦੋਹਾਂ ਗ੍ਰੰਥਾਂ ਦਾ ਰਚਨ-ਕਾਲ ਕਰਮਾਨੁਸਾਰ ਸੰਮਤ ੧੮੩੧ ਤੇ ੧੮੨੫ ਬਿੱ: ਲਿਖਿਆ ਹੈ। ਪਰ ਅਸੀਂ ਰਚਣਹਾਰਾਂ ਦੇ ਅਪਣੇ ਦੱਸੇ ਹੀ ਸਹੀ ਮੰਨੇ ਹਨ।

---

ਇ: ਪ: ੮੮.

Digitized by Panjab Digital Library | www.panjabdigilib.org

੧੯–'ਗੁਰਮਤ ਸੁਧਾਕਰ'–ਭਾਈ ਸਾਹਿਬ ਕਾਨ੍ਹ ਸਿੰਘ-ਨਾਭਾ ਕ੍ਰਿਤ; ਸੰਮਤ ਨਾ: ਸ਼ਾ: ੪੩੦ (੧੯੫੬ ਬਿੱ:) ਦੀ ਰਚਨਾ। (ਨੰ. ਦਾ. ੨੪੮)

੨੦–'ਜੀਵਨ ਚਰਿਤ੍ਰ–ਬਾਬਾ ਬੁੱਢਾ ਜੀ (ਤੇ ਵੰਸਜ)'–ਕ੍ਰਿਤ ਬਾਬਾ ਮੰਗਲ ਸਿੰਘ; ਸੰਮਤ ੧੯੭੨-੩ ਦੀ ਰਚਨਾ। (ਨੰ: ਦਾ: ੧੧੬੯)॥

ਨੋਟ–ਇਨ੍ਹਾਂ ਪੁਸਤਕਾਂ ਵਿਚੋਂ ਜੋ 'ਸਿੱਖ ਰੈਫ੍ਰੈਂਸ ਲਾਇਬ੍ਰੇਰੀ–ਅੰਮ੍ਰਿਤਸਰ' ਵਿਚ ਮੌਜੂਦ ਹਨ, ਉਨ੍ਹਾਂ ਦੇ ਨੰਬਰ ਦਾਖਲਾ ਨਾਲ ਦੇ ਦਿੱਤੇ ਗਏ ਹਨ। ਬਾਕੀਆਂ ਵਿਚੋਂ ਕੁਝ 'ਖਾਲਸਾ ਕਾਲਜ-ਲਾਇਬ੍ਰੇਰੀ, ਅੰਮ੍ਰਿਤਸਰ' ਵਿਚ ਵੇਖੀਆਂ ਜਾ ਸਕਦੀਆਂ ਹਨ।

## ਸੰਪਾਦਕ ਦੀ ਸੇਵਾ

ਇਸ ਗ੍ਰੰਥ ਦਾ ਮਸਾਲਾ ਕ੍ਯੂੰਕਿ ਦੋ ਲਿਖਤੀ ਸੈਂਚਿਆਂ ਵਿਚੋਂ ਲੈ ਕੇ, ਪੂਰਾ ਕੀਤਾ ਗਿਆ ਹੈ, ਇਸ ਲਈ ਹੋ ਸਕਦਾ ਇ, ਕਿਸੇ ਥਾਂ ਦੋਹਾਂ ਦੀ ਲੜੀ ਜੋੜਨ ਸਮੇਂ ਤਰਤੀਬ ਵਿਚ ਫਰਕ ਪੈ ਗਿਆ ਹੋਵੇ। ਆਪਣੇ ਦਾਓਂ ਠੀਕ ਲੜੀ ਜੋੜਨ ਦਾ ਪੂਰਾ ਪੂਰਾ ਖਿਆਲ ਰੱਖਿਆ ਗਿਆ ਹੈ। ਕਈ ਥਾਈਂ ਲਿਖਤ ਬੜੀ ਸੰਦਿਗਧ (ਮਸ਼ਕੂਕ) ਸੀ, ਜੋ ਦੋਹਾਂ ਖਰੜਿਆਂ ਵਿਚੋਂ ਮੇਲ ਕੇ ਦਰੁਸਤ ਹੋ ਸਕੀ, ਕਰ ਦਿਤੀ ਗਈ। ਲੇਕਿਨ ਜਿਥੇ ਅਜਿਹਾ ਨਹੀਂ ਹੋ ਸਕਿਆ ਉਹ ਜਿਉਂ ਦਾ ਤਿਉਂ ਰਹਿਣ ਦਿਤਾ ਹੈ। ਜਿਹਾ ਕੁ–

੧–ਪੰਨਾ ੩੯, ਸਤਰ ੮ ਦੇ ਅਖੀਰ ਪੁਰ–"ਹੜਵਾਈ";

੨–ਪੰਨਾ ੬੨, ਸਤਰ ੮ ਵਿਚ–"ਦੇਹ ਵਾਸਤੇ ਉਸ ਨੂੰ ਸ਼ਿਖੀਨ";––

੩–ਪੰਨਾ ੬੩, ਸਤਰ ੬ ਵਿਚ–"ਜਿਉਂ ਨਠੀ ਧੋਈਦਾ ਹੈ।"

੪–ਪੰਨਾਂ ੭੦, ਸਤਰ ੨੧ ਵਿਚ–"ਬਾਲੇਸੂਤ੍ਰਹ";––

੫–ਪੰਨਾ ੮੧, ਸਤਰ ਤੀਜੀ ਵਿਚ–"ਜੋਰਾਂ"; ਆਦਿ

ਇਨ੍ਹਾਂ ਪਦਾਂ ਦੇ ਅਰਥ-ਭਾਵ ਬੀ ਸਮਝ ਨਹੀਂ ਆਏ, ਇਸ ਲਈ ਨਿਸ਼ਾਨ ਲਾ ਕੇ ਪ੍ਰਯਾਯ ਲਿਖਣ ਲਈ ਪੈਰ ਟਿੱਪਨੀ ਦੀ ਥਾਂ ਖਾਲੀ ਛੱਡ ਦਿਤੀ ਗਈ ਹੈ। ਕਿਸੇ ਸੱਜਣ ਪਾਸ ਹੋਰ ਸੈਂਚਾ ਹੋਵੇ, ਇਹ ਪਾਠ



Digitized by Panjab Digital Library | www.panjabdigilib.org

ਉਸ ਨਾਲ ਸੋਧ ਲਵੇ। ਸੰਪਾਦਕ ਜਾਂ ਪ੍ਰਕਾਸ਼ਕ ਨੂੰ ਸੂਚਿਤ ਕਰਨ ਦੀ ਬੀ ਕਿਰਪਾ ਕਰੇ, ਤਾਂ ਜੋ ਅਗਲੀ ਵਾਰ ਛਾਪਣ ਸਮੇਂ ਸੋਧ ਕੀਤੀ ਜਾ ਸਕੇ।

ਦੂਜੀ ਸੇਵਾ ਇਹ ਕੀਤੀ ਹੈ; ਕਿ ਪਾਠ ਪਦ-ਛੇਪ ਕਰ ਕੇ ਬਿਸ੍ਰਾਮ-ਚਿੱਨ੍ਹ (ਕਾਮੇ ਤੇ ਸੈਮੀਕੋਲਨ ਆਦਿ) ਲਾ ਦਿਤੇ ਹਨ । ਤਾਂ ਜੋ ਪੜ੍ਹਨਾ ਸੌਖਾ ਹੋ ਜਾਵੇ। ਅਸਲ ਖਰੜੇ ਵਿਚ, ਪੁਰਾਣੇ ਰਿਵਾਜ ਅਨੁਸਾਰ ਬਿਸਰਾਮ ਚਿੰਨ੍ਹ ਤੇ ਫੁਲ-ਸਟਾਫ (ਡੰਡੀ) ਦੀ ਥਾਂ, ਦੁਹਰੀ ਡੰਡੀ ਹੀ ਲਗੀ ਸੀ। ਜਿਸ ਨਾਲ ਪਾਠ ਸਪਸਟ ਨਹੀਂ ਸੀ ਹੁੰਦਾ; ਤੇ ਭਾਵ ਨਹੀਂ ਸੀ ਸਮਝੀਂਦਾ।

ਤੀਜੀ ਸੇਵਾ ਔਖੇ ਤੇ ਪੁਰਾਣੇ ਸ਼ਬਦਾਂ ਦੇ ਅਰਥ, ਪੈਰ-ਟਿਪਣੀਆਂ ਵਿੱਚ ਲਿਖੇ ਹਨ। ਗੁੰਝਲਦਾਰ ਫਿਕਰਿਆਂ ਦੇ ਭਾਵ ਭੀ ਸਪਸਟ ਕਰਨ ਦਾ ਵਿਤੁ ਅਨੁਸਾਰ ਯਤਨ ਕੀਤਾ ਗਿਆ ਹੈ।

ਚੌਥੀ ਸੇਵਾ–'ਰਹਿਤ ਮ੍ਰਿਯਾਦਾ' ਸੰਬੰਧੀ ਬਹੁਤ ਸਾਰੀਆਂ ਅਸਪਸਟ ਗੱਲਾਂ ਨੂੰ ਮੁਖਬੰਦ (ਉਥਾਨਕਾ ਤੇ ਭੂਮਿਕਾ) ਵਿਚ, ਇਤਿਹਾਸਕ ਹਵਾਲੇ ਦੇ ਕੇ ਸੁਲਝਾਣ ਦੀ ਕੋਸ਼ਿਸ਼ ਕੀਤੀ ਹੈ।

ਪੰਜਵੀਂ ਸੇਵਾ–ਕਈ ਥਾਵੇਂ 'ਗੁਰਬਾਣੀ ਦੇ ਹਵਾਲੇ',ਤੇ ਅਰਦਾਸ ਆਦਿ ਕਰਨ ਦੇ 'ਬਚਨ' ਤੇ 'ਖਾਸ ਖਾਸ ਸ਼ਬਦ' ਨਿਵੇਕਲੇ ਤੇ ਸਪਸ਼ਟ ਦਿਖਾਣ ਹਿਤੁ, ਉਨ੍ਹਾਂ ਨੂੰ ਪੁੱਠੇ-ਸਿਧੇ ਦੂਹਰੇ ਯਾ ਇਕਹਿਰੇ ਕਾਮੇ ("–" '–') ਭੀ ਲਾਏ ਹਨ; ਅਰੁ ਨਿਵੇਕਲੇ ਕਰ ਕੇ, ਛੋਟੇ ਮੱਯਰ (ਮਾਪ) ਵਿਚ ਵਿਖਾਏ ਹਨ।

———



Digitized by Panjab Digital Library | www.panjabdigilib.org

# ਵਿਸ਼ੈ ਸੂਚਕ ਤਤਕਰਾ


| ਵਿਸ਼ਾਂਕ | ਵਿਸ਼ਾ | ਪੰਨਾ |
|---|---|---|
| | **ਪ੍ਰਥਮ ਧਿਆਉ—** | |
| ੧. | ਆਗਿਆ ਅਕਾਲ ਪੁਰਖ ਦੀ | ੧ |
| ੨. | ਪ੍ਰਾਨੀ ਦੀ ਨਿਤ-ਕ੍ਰਿਆ ਤੇ ਰਹਿਤ | ੫ |
| | **ਧਿਆਉ ਦੁਤੀਆ—** | |
| ੩. | ਅੰਮ੍ਰਿਤ ਛਕਣ-ਛਕਾਣ ਦੀ ਵਿਧੀ | ੧੬ |
| ੪. | ਅਰਦਾਸਿ ਕਰਨ ਦਾ ਤਰੀਕਾ | ੧੭ |
| ੫. | ਰਹਿਤ-ਉਪਦੇਸ਼ | ੧੭ |
| ੬. | ਇਸਤ੍ਰੀ ਵਾਸਤੇ ਖੰਡੇ ਦਾ ਅੰਮ੍ਰਿਤ | ੨੧ |
| | **ਧਿਆਉ ਤ੍ਰਿਤੀਆ—** | |
| ੭. | ਜਨਮ-ਸੰਸਕਾਰ ਵਿਧਿ | ੨੩ |
| | **ਧਿਆਉ ਚਤੁਰਥ—** | |
| ੮. | ਅਨੰਦ ਵਿਆਹ (ਸੰਜੋਗ) ਕਰਨਾ | ੨੭ |
| ੯. | ਸੁਹਾਗ-ਰਾਤਿ | ੩੯ |
| ੧੦. | ਪੁਤੇਤੇ, ਧੇਤਿਆਂ ਦਾ ਵਰਤੋਂ—ਵਿਹਾਰ | ੪੧ |
| ੧੧. | ਰਿਸ਼ਤਾ ਨਾਤਾ ਕਰਨ ਬਾਰੇ ਹਦਾਯਤਾਂ | ੪੧ |
| ੧੨. | ਪ੍ਰਸੰਜੋਗ (ਪੁਨਰ ਵਿਵਾਹ) ਵਿਧਿ | ੪੪ |
| ੧੩. | ਜਾਤਿ-ਵਿਜਾਤ ਤੇ ਗੋਤ੍ਰਾਚਾਰ ਦਾ ਵਿਚਾਰੁ | ੫੨ |
| ੧੪. | 'ਪ੍ਰਸੰਜੋਗ' ਦੀ ਸੰਤਾਨ ਬਾਰੇ ਹੁਕਮ | ੫੫ |
| | **ਧਿਆਉ ਪੰਚਮ—** | |
| ੧੫. | ਲੰਗਰ ਸਜਾਉਣਾ | ੫੬ |
| ੧੬. | ਪ੍ਰਸ਼ਾਦ ਛਕਣਾਂ | ੫੭ |
| ੧੭. | ਮੁਸਾਫਰੀ ਵਿਚ ਲੰਗਰ ਸਜਾਉਣ ਤੇ ਛਕਣ ਬਾਰੇ ਨਿਯਮ | ੫੮ |
| ੧੮. | ਸਿੱਖ—ਖਾਲਸੇ ਵਾਸਤੇ ਖਾਜ-ਅਖਾਜ | ੫੯ |


ਇ: ਪ: ੯੧.

Digitized by Panjab Digital Library | www.panjabdigilib.org

੧੯. ਪ੍ਰਸ਼ਾਦ ਛਕਣ ਸੰਬੰਧੀ ਥਾਂ-ਕੁਥਾਂ ੬੦
੨੦. ਨਸ਼ੇ (ਅਮਲਾਂ) ਬਾਰੇ ਵਿਧਿ-ਨਿਖੇਧਿ ੬੨

## ਧਿਆਉ ਛਠਮਾ—

੨੧. ਦੇਹੀ ਦੀ ਨਿੱਤ-ਕ੍ਰਿਤ ੬੩
੨੨. ਵਾਸੂ ਮਕਾਨ ਬਣਾਉਣ ਬਾਰੇ ਵਿਚਾਰ ਤੇ ਮਕਾਨ ਦਾ ਉਲੀਕ (ਨਕਸ਼ਾ) ੬੫
੨੩. ਪੁਸ਼ਾਕੇ ਦਾ ਨਿਰਣਾ ੬੬
੨੪. ਕਿਰਤ-ਰੁਜਗਾਰ ਸੰਬੰਧੀ ਵਿਚਾਰ ੬੬
੨੫. ਇਸਤ੍ਰੀ—ਪੁਰਖੁ-ਸੰਗ ਬਾਰੇ ਹੁਕਮ ੬੭
੨੬. ਪ੍ਰਸ਼ਾਦ ਛਕਣ ਦੇ ਸਮੇਂ-ਸਥਾਪਨ ੬੯
੨੭. ਮਜਲਿਸ (ਸਭਾ ਸੋਸਾਇਟੀ) ਵਿਚ ਬਹਿਣ, ਤੇ ਆਪੋ ਵਿਚ ਮੇਲ-ਗੇਲ ਦੇ ਨਿਜਮ ੬੯
੨੮. ਦਿਨ-ਚਰਜ (ਦਿਨ ਦੀ ਸਮੇ-ਵੰਡ) ੭੦
੨੯. ਖਾਣ-ਪੀਣ ਦੀ ਮਿਤੁ ੭੦

## ਧਿਆਉ ਸਪਤਮ—

੩੦. ਮ੍ਰਿਤਕ-ਸੰਸਕਾਰ ੭੧
੩੧. ਪ੍ਰਭਲੋਕ ਪਿਆਨੇ ਤੋਂ ਪਹਿਲੋਂ ਪਰਾਨੀ ਦਾ ਕਰਤੱਵ ੭੯
੩੨. ਮ੍ਰਿਤਕ—ਮੜੋਲੀ ਦੀ ਸੰਭਾਲ ੮੨

## ਧਿਆਉ ਅਸ਼ਟਮ—

੩੩. ਖਾਲਸਾ ਰਾਜ-ਵਿਧਾਨ ੮੪
੩੪. ਸਿੱਖ-ਮਹਾਰਾਜੇ ਦਾ ਕਠਨ-ਵਰਤ ੮੪
੩੫. ਰਾਜੇ ਕਉ ਚਾਹੀਐ:— ੮੫
੩੬. ਰਾਜ ਅੰਸ = ਮਾਮਲਾ—ਸਰਕਾਰ ੮੬
੩੭. ਪਰਗਣਿਆਂ ਦਾ ਪ੍ਰਬੰਧ ੮੭
੩੮. ਪਰਗਣਿਆਂ ਦੀ ਹੱਦ-ਬੰਦੀ ੮੭
੩੯. ਦੇਸ ਦੀ ਦਿਸਾ-ਵੰਡ ੮੮
੪੦. ਫੌਜ; ਪੁਲੀਸ ਤੇ 'ਕਾਰਜ-ਕਰਨ-ਵਿਭਾਗ' ੮੯
੪੧. ਰਾਜ-ਭਾਖਾ ਤੇ ਵਿੱਦਿਆ-ਪ੍ਰਚਾਰ ੯੨
੪੨. ਨਿਆਊਂ ਕਾਰ ਮਹਿਕਮੇ ੯੩

ਇ: ਪ: ੯੨.

Digitized by Panjab Digital Library | www.panjabdigilib.org

੪੩. ਰਾਜ-ਦਰਬਾਰ ਦੇ ਜ਼ਰੂਰੀ ਅੰਗ ੯੪
੪੪. ਰਾਜੇ (ਰਾਜ-ਪ੍ਰਮੁਖ ਤੇ ਪ੍ਰਧਾਨ ਆਦਿ) ਵਾਸਤੇ ਵੇਲਾ-ਵੰਡ ੯੫
੪੫. ਪਰਜ਼ਾ ਪਾਸੋਂ ਵੈਸਾਖੀ, ਬਸੰਤ ਤੇ ਹੋਲੇ ਪੁਰ ਅਕਾਲ ਪੁਰਖ ਦੀ ਪੂਜਾ ਕਰਾਉਣਾ ੯੬
੪੬. ਰਾਜਾ-ਪ੍ਰਜਾ ਨੂੰ ਸਦਾ ਸੁਖੀ ਰਖੈ ੯੭
੪੭. ਮਾਲ ਬੈਪਾਰੀ ਪੁਰ ਰਾਜ ਕਰ ੯੭
੪੮. ਸ਼ਹਿਰੀ-ਪ੍ਰਬੰਧ ੯੮
੪੯. ਪਰਜਾ ਸੰਬੰਧੀ ਰਾਜੇ ਦਾ ਕਰਤੱਵ ੯੮
੫੦. ਫਰਮਾਨ (ਮਹਾਂ-ਹੁਕਮ), ਹਸਬੁਲ ਹੁਕਮ (ਹੁਕਮ ਪਾਇ) ਆਦਿ ਲਿਖਣ ਤੇ ਵਸੂਲਣ ਦੀ ਮ੍ਰਿਜਾਦਾ ੧੦੦
੫੧. ਚਾਕਰ ਤੇ ਸਾਹੂਕਾਰ ਦੀ ਵਿਰਸਾ—ਵੰਡ ਦਾ ਢੰਗ ੧੦੧
੫੨. ਚਾਕਰਾਂ ਦੇ ਮਰਾਤਬ (ਪਦਵੀਆਂ) ੧੦੨
੫੩. ਮਹਾਂ ਕੁਮਾਰ, ਕੁਮਾਰਾਂ ਤੇ ਰਾਜ-ਭ੍ਰਾਤਾਂ ਦੀਆਂ ਪਦਵੀਆਂ ੧੦੫
੫੪. ਮਹਾਰਾਜਾ ਦੀ ਸਵਾਰੀ, ਪੜਾਉ ਤੇ ਦਰਬਾਰ ਆਦਿ ਦੀ ਮਰਿਯਾਦਾ ੧੦੬
੫੫. ਅਮਨ-ਚੈਨ ਬਹਾਲ ਰੱਖਣਾ ੧੦੯
੫੬. ਰਾਜ-ਮਹਲਾਂ ਤੇ ਵਡ-ਪੁਰਖਾਂ ਦੇ ਘਰ-ਘਰਿਸਤੀ ਬਾਰੇ ਹਦਾਇਤਾਂ ੧੦੯
੫੭. ਕਸਬ-ਕਿੱਤੇ ਬਾਰੇ ਹੁਕਮ ੧੧੧
੫੮. ਰਾਣੀਆਂ ਤੇ ਅਹਿਲਿਕਾਰਾਂ ਦੇ ਮਹਿਲਾਂ ਦੀਆਂ ਪਦਵੀਆਂ ਆਦਿ ੧੧੧


## ਧਿਆਉ ਨਮਵ—


੫੯. ਸਿਖਾਂ ਦਾ ਨਿੱਤ-ਕਰਤੱਵ ਤੇ ਕਿਰਤ-ਕਮਾਈ ਦੀ ਵੰਡ ੧੧੩
੬੦. ਔਂਤਰੇ ਪ੍ਰਾਨੀ ਦੇ ਤਰਕੇ (ਛੱਡੀ ਜਾਇਦਾਦ) ਦੀ ਵੰਡ ਦਾ ਕਾਨੂੰਨ ੧੧੪
੬੧. ਵਾਰਸਾਂ ਦੇ ਹੱਕਾਂ ਦੀ ਤਸ਼ਰੀਹ ੧੧੬
੬੨. ਪਿਤਾ-ਪੁੱਤਰ ਦੇ ਸਲੂਕ-ਸੰਬੰਧ ੧੧੭
੬੩. ਮੋਏ ਚਾਕਰ ਦੀ ਵਿਰਸੇ-ਵੰਡ ੧੧੯
੬੪. ਗੁਆਚੀ ਯਾ ਦੱਬੀ ਲੱਭੀ ਵਸਤੂ ਬਾਰੇ ੧੧੯




Digitized by Panjab Digital Library | www.panjabdigilib.org

੬੫. ਇੱਕ ਤੋਂ ਵੱਧ ਇਸਤ੍ਰੀਆਂ ਵਿਆਹੁਣ ਤੇ ਉਨ੍ਹਾਂ ਦੀ
ਅੰਸ ਦੇ ਹੱਕ-ਹਕੂਕ ੧੨੧
੬੬. ਅਮਾਨਤ ਰੱਖਣ, ਧਰਨ ਬਾਰੇ ਕਾਇਦੇ ੧੨੩
੬੭. ਕਰਜ਼ਾ-ਕਾਨੂੰਨ (ਰਿਣ, ਲੈਣ-ਦੇਣ) ੧੨੪
੬੮. ਰਿਸ਼ਤਾ-ਨਾਤਾ ਕਰਨ ਬਾਰੇ ਨਿਯਮ ੧੨੫
੬੯. ਪਰ-ਇਸਤ੍ਰੀ ਤੇ ਪਰ-ਪੁਰਖ ਗਮਨ ਦੀ ਸਜਾ ੧੨੬
੭੦. ਦਾਸ, ਦਾਸੀ ਰੱਖਣ ਬਾਰੇ ਬੰਧਾਨ ੧੨੭
੭੧. ਘੋੜਾ, ਬਲ੍ਦ ਆਦਿ ਪਸ਼ੂ ਵੇਚਣ-ਖਰੀਦਣ ਦੇ ਕਾਇਦੇ ੧੨੯
੭੨. ਘਰ, ਹਵੇਲੀ, ਬਾਗ, ਬਿੱਸਵੇਦਾਰੀ ਤੇ ਜ਼ਮੀਨ ਆਦਿ
ਲੈਣ-ਦੇਣ ਦਾ ਕਾਨੂਨ ੧੩੧
੭੩. ਵਿਆਜ ਦੀ ਮਰਿਯਾਦਾ ੧੩੨
੭੪. ਨਿਆਉਂ-ਕਰਤਾ ਸੰਬੰਧੀ ੧੩੩

## ਧਿਆਉ ਦਸਮ—

੭੫. 'ਸਹਜ-ਜੋਗ'-ਮਾਰਗ ੧੩੪
੭੬. ਚਾਰ ਪ੍ਰਕਾਰ ਦੀ ਮਸਤੀ ੧੩੪-੫
੭੭. 'ਗ੍ਰਹਸਤਾਚਲਨ' ਤੇ 'ਸਹਜ-ਜੋਗ' ਦਾ ਭੇਦ ੧੩੬
੭੮. 'ਕਲਿਜੁਗ' ਦਾ 'ਮਨੁੱਖ' ਤੇ 'ਧਰਮ' ਪੁਰ ਪ੍ਰਭਾਉ ੧੩੭
੭੯. 'ਸਹਜ-ਜੋਗ' ਦਾ ਮਹੱਤਵ ੧੩੮
੮੦. 'ਪ੍ਰੇਮ-ਸੁਮਾਰਗ' ਪੜ੍ਹਨ—ਸੁਣਨ ਦਾ ਅਧਿਕਾਰ ੧੩੯

ਅੰਮ੍ਰਿਤਸਰ
੧ ਮਾਘ ੪੮੪ ਗੁਰੂ

ਰਣਧੀਰ ਸਿੰਘ
ਸਿੱਖ ਹਿਸਟਰੀ ਸੋਸਾਇਟੀ



Digitized by Panjab Digital Library | www.panjabdigilib.org

# ਉਦਾਸੀ ਭੇਖ ਤੇ ਰੀਤਿ

(ਲੜੀ ਜੋੜਨ ਲਈ ਦੇਖੋ ਜਿਲਦ ੨, ਅੰਕ ੪)

੧—ਹਾਲਾ ਨਵਾਂ | ਇਸ ਗਿਰਾਂ ਵਿੱਚ, ਗੁਰਦੁਆਰਾ ਨਾਨਕ ਮਤਾ ਦੇ ਮਹੰਤ ਬਾਬਾ ਗੁਰਦਾਸ 'ਦਖਣੀ' ਦੀ ਸਰੇਣੀ ਵਿਚੋਂ ਸੰਤ ਨਿਰਦੋਖ ਦਾਸ ਜੀ ਧਰਮ ਪ੍ਰਚਾਰ ਤੇ ਗੁਰ-ਅਸਥਾਨਾਂ ਦੇ ਦਰਸ਼ਨ-ਦੀਦਾਰ ਕਰਨ ਆਏ। ਆਪ ਬਾਬਾ ਗੁਰਦਾਸ ਜੀ ਤੋਂ ਦਸਵੀਂ ਪੀੜ੍ਹੀ ਵਿੱਚ ਸਨ। ਇਸ ਨੱਗਰ ਵਿਖੇ ਆਪ ਨੇ ਸੰਮਤ ਉੱਨੀਹ ਸੌ ਇੱਕ ਵਿਚ ਧਰਮਸਾਲਾ ਬੱਧੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਤੇ ਗੁਰਬਾਣੀ ਦੀ ਕਥਾ ਕਰਕੇ, ਲੋਕਾਂ ਨੂੰ ਨਿਰੰਕਾਰੀ ਧਰਮ ਦੇ ਗਾਡੀ-ਰਾਹ ਪਾਇਆ।

੨—ਰੋਹੜੀ | ਨੱਗਰ ਵਿੱਚ ਭੀ ਬਾਬਾ ਅਲਮਸਤ ਜੀ ਦੇ ਧੂੰਏਂ ਵਿੱਚੋਂ ਇਕ ਗੁਰਮੁਖ ਸਾਧੂ ਭਗਵਾਨ ਦਾਸ ਜੀ ਨੇ ਪ੍ਰਥਮ ਗੁਰੂ ਬਾਬੇ ਦੇ ਚਰਨ ਪਰਸਣ ਵਾਲੀ ਥਾਂ, ਧਰਮਸਾਲਾ ਕਾਇਮ ਕਰਕੇ ਗੁਰਮਤਿ ਦਾ ਪ੍ਰਚਾਰ ਅਰੰਭਿਆ

੩—ਖੈਰ ਪੁਰ | (ਰਿਆਸਤ) ਵਿਚ ਇਕ ਗੁਰ-ਭਗਤ ਪ੍ਰੇਮੀ ਭਾਈ ਪ੍ਰੇਮ ਦਾਸ ਜੀ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਸੰਮਤ ਅਠਾਰਾਂ ਸੈ ਉਣਾਸੀਹ ਵਿੱਚ ਸਤਿਸੰਗਤਿ ਕਾਇਮ ਕਰਕੇ, ਸਤਿਗੁਰ ਨਾਨਕ ਦੇ ਚਰਨਾਂ ਦੀ ਛੁਹ ਪ੍ਰਾਪਤਿ ਕਰਿ ਚੁਕੀ ਥਾਂ 'ਤੇ ਧਰਮਸਾਲ (ਗੁਰਦੁਆਰਾ) ਬਨਾਉਣ ਦਾ ਉੱਦਮ ਅਰੰਭਿਆ । ਇਹ ਉੱਦਮ ਭਾਈ ਰਾਮਦਾਸ ਜੀ ਨੇ ਭੀ ਜਾਰੀ ਰੱਖਿਆ । ਉਪਰੰਤ ਭਾਈ ਗਿਰਧਰ ਦਾਸ ਜੀ ਨੇ ਇਸ ਧਰਮਸਾਲਾ ਵਿਚ ਵਿਰਾਜ ਕੇ ਸੇਵਾ ਅਰੰਭੀ ਤੇ ਸੰਮਤ ਉਨੀਹ ਸੌ ਬਾਰਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ। ਨਾਲੇ ਧਰਮਸਾਲਾ ਨਾਲ ਲਗਦੀ ਹੋਰ ਥਾਂ ਲੈ ਕੇ ਮਕਾਨ ਬਣਵਾਏ। ਇਨ੍ਹਾਂ ਤੋਂ ਬੱਾਦ ਬਾਬਾ ਅਲਮਸਤ ਜੀ ਦੇ ਚੇਲੇ ਸੰਤ ਅਕਲਵੰਦ ਜੀ ਦੀ ਸ਼੍ਰੇਣੀ 'ਚੋਂ ਸੱਤਵੀਂ ਪੀੜ੍ਹੀ ਸਾਧੂ ਗੁਰਦਾਸ ਜੀ ਨੇ ਇਸ ਅਸਥਾਨ ਦਾ ਪ੍ਰਬੰਧ



Digitized by Panjab Digital Library | www.panjabdigilib.org

ਸੰਭਾਲਿਆ । ਓਦੋਂ ਤੋਂ ਸੇਵਾ,ਇਸੇ ਲੜੀ ਦੇ ਸਾਧੂ ਕਰਦੇ ਆਏ ਹਨ ।

**੪–ਲਾਖਾ** | ਗਿਰਾਂ, ਤੱਲੁਕਾ ਕੋਟੜੀ ਜ਼ਿਲਾ ਕਰਾਚੀ ਵਿਚ ਹੈ । (੧) ਬਾਬਾ ਅਲਮਸਤ ਜੀ ਦੇ ਪ੍ਰਸਿੱਧ ਚੇਲਾ ਬਾਬਾ ਨੱਥਾ ਜੀ ਦੀ ਸ਼੍ਰੇਣੀ ਵਿੱਚੋਂ ਚੋਥੀ ਪੀੜ੍ਹੀ ਸੰਤ ਜੁਗਤ ਰਾਮ ਜੀ ਸਤਿ-ਧਰਮ ਦਾ ਗਿਆਨ ਦ੍ਰਿੜ੍ਹਾਉਣ ਦੀ ਮੁਹਿੰਮ ਪੁਰ ਸਿੰਧੁ ਦੇਸ ਵੱਲਿ ਚੜ੍ਹਿ ਆਏ । ਉਨ੍ਹਾਂ ਨੇ ਇਸ ਪਿੰਡ ਵਿਚ ਟਿਕਾਣਾ ਬਣਾ ਕੇ ਸੰਮਤ ਉਨੀਹ ਸੌ ਇੱਕ ਵਿੱਚ, ਉਸ ਥਾਂ ਪੁਰ ਧਰਮਸਾਲ ਬੱਧੀ, ਜਿੱਥੇ ਮੱਕੇ-ਮਦੀਨੇ ਦੀ ਯਾਤ੍ਰਾ ਪੁਰ ਜਾਂਦਿਆਂ ਸ੍ਰੀ ਗੁਰੂ ਨਾਨਕ ਦੇਵ ਨੇ ਬਿਸਰਾਮ ਕੀਤਾ ਸੀ । ਇਨ੍ਹਾਂ ਤੋਂ ਬਾਦ ਭੀ ਇਸ ਗੁਰ-ਅਸਥਾਨ ਦੀ ਸੇਵਾ ਸੰਭਾਲ ਇਸੇ ਸ਼੍ਰੇਣੀ ਦੇ ਸਾਧੂਆਂ ਹੱਥਿ ਰਹੀ।

(੨) ਇਸੇ ਨਗਰ ਵਿੱਚ ਇੱਕ ਹੋਰ ਧਰਮਸਾਲ ਬਾਬਾ ਅਲਮਸਤ ਜੀ ਦੀ ਪੱਧਤੀ ਦੇ ਸਾਧੂ ਸੰਤਦਾਸ ਜੀ ਦੀ ਕਾਇਮ ਕੀਤੀ ਹੋਈ ਹੈ । ਅਰੁ ਇਸੇ ਸ਼੍ਰੇਣੀ ਦੇ ਸਾਧੂ ਪ੍ਰਬੰਧਕ ਹਨ ।

**੫–ਲੱਖੀ ਸ਼ਹਿਰ** | ਬਾਬਾ ਨੱਥਾ ਜੀ ਦੀ ਸ਼ਰੇਣੀ ਦੇ ਸੰਤਾਂ, ਸਤਿਗੁਰੂ ਨਾਨਕ ਦੇ ਹੁਕਮ ਦੀ ਪਾਲਣਾ ਕਰਦਿਆਂ, ਸੰਮਤ ਉਨੀਹ ਸੈ ਦਸ ਵਿੱਚ, ਏਥੇ ਧਰਮਸਾਲ ਬੱਧੀ । ਅਰੁ ਗੁਰਬਾਣੀ ਦਾ ਪ੍ਰਚਾਰ ਤੇ ਕੀਰਤਨ ਅਰੰਭਿਆ । ਫਿਰ ਏਥੋਂ ਇੱਕ ਉਦਮੀ ਸੰਤ ਭਗਵਾਨ ਦਾਸ ਨੇ–

**੬–ਸ਼ਿਕਾਰਪੁਰ** | ਸ਼ਹਿਰ ਜਾ ਕੇ ਸੰਮਤ ਉੱਨੀਹ ਸੈ ਪੈਂਤੀਹ ਵਿੱਚ ਸਤਿਗੁਰ ਨਾਨਕ ਦੀ ਚਰਨ-ਛੁਹ ਪ੍ਰਾਪਤਿ ਕਰ ਚੁੱਕੀ ਭੂਮੀ 'ਤੇ ਧਰਮਸਾਲ ਬਣਵਾਈ। ਜੋ ਨਿਰੰਕਾਰੀ ਹੁਕਮ ਦੇ ਅਜਰਾ ਦਾ ਚਸ਼ਮਾ ਬਣ ਰਹੀ ਹੈ। ਸਾਧੂ ਭਗਵਾਨਦਾਸ, ਬਾਬਾ ਨੱਥਾ ਜੀ ਦੇ ਚੇਲੇ ਗਰੀਬਦਾਸ ਦੀ ਸ਼੍ਰੇਣੀ ਵਿਚੋਂ ਬਾਰਵੀਂ ਪੀੜ੍ਹੀ ਸਨ ।

**੭–ਮਿੱਠਾ ਦਰ** | (ਕਰਾਚੀ) ਵਿਚ ਬਾਬਾ ਗੁਰਦਾਸ ਜੀ 'ਦੱਖਣੀ' ਮਹੰਤ 'ਨਾਨਕਮਤਾ' ਦੀ ਸਰੇਣੀ ਦੇ ਸਾਧੂ ਨੰਦ ਲਾਲ ਜੀ ਨੇ ਏਥੇ



Digitized by Panjab Digital Library | www.panjabdigilib.org

ਗੁਰੂ ਬਾਬਾ ਨਾਨਕ ਜੀ ਦੇ ਗੁਰਮਤਿ ਪ੍ਰਚਾਰ ਦਾ ਪੌਖਾ ਪਾਇਆ। ਸੰਮਤ ਉਨੀਹ ਸੈ ਪੰਜਾਹ ਵਿਚ ਧਰਮਸਾਲ ਕਾਇਮ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ। ਲੇਕਿਨ ਉਨ੍ਹਾਂ ਦੇ ਅਨੁਯਾਈਆਂ ਨੇ ਮਗਰੋਂ ਮੂਰਤੀ-ਪੂਜ ਹਿੰਦੂਆਂ ਨੂੰ ਖੁਸ਼ ਰੱਖਣ ਵਾਸਤੇ ਠਾਕੁਰ ਪੂਜਾ ਦੀ ਲਗੜ ਭੀ ਲਾ ਲਈ ਹੈ।

**੮—ਕੋਟੜੀ।** ਇਹ ਨੱਗਰ ਜ਼ਿਲਾ ਕਰਾਚੀ ਅੰਦਰਿ ਹੈ। ਇਸ ਨੱਗਰਿ, ਸਤਿਗੁਰੂ ਨਾਨਕ ਜੀ ਨੇ ਚਰਨ ਪਾਏ ਸਨ। ਉਨ੍ਹਾਂ ਦੀ ਯਾਦਗਾਰ ਵਾਸਤੇ, ਇਸ ਸਰੇਣੀ ਦੇ ਉਦਾਸੀ ਸਾਧੂਆਂ ਏਥੇ ਨਿਸ਼ਾਨ ਕਾਇਮ ਕੀਤਾ। ਬਾਬਾ ਨੱਥਾ ਸਾਹਿਬ ਦੇ ਸ਼ਰਧਾਲੂਆਂ ਵਿੱਚ ਪੰਜਵੀਂ ਥਾਂ ਸੰਤ ਜੁਗਤ ਰਾਮ ਜੀ ਬੜੇ ਉਦਮੀ ਪ੍ਰਚਾਰਕ ਸਾਧੂ ਹੋਏ ਹਨ। ਉਨ੍ਹਾਂ ਨੇ ਹੀ ਸੰਮਤ ੧੯੦੧ ਵਿੱਚ ਏਥੇ 'ਧਰਮਸਾਲ' ਬਣਵਾਈ। ਉਨ੍ਹਾਂ ਤੋਂ ਬੱਾਦ ਨੰਬਰਵਾਰ ਸੰਤ ਆਗਿਆ ਰਾਮ ਜੀ, ਅਲਖ ਰਾਮ, ਵਸਤੀ ਰਾਮ ਤੇ ਬਾਲਕ ਰਾਮ ਜੀ ਇਸ ਅਸਥਾਨ ਦੇ ਪ੍ਰਬੰਧਕ ਤੇ ਸੇਵਾਦਾਰ ਰਹੇ ਹਨ॥

ਨੋਟ ਜ਼ਰੂਰੀ—ਹੇਠ ਲਿਖੇ ਦੋਵੇਂ ਗੁਰਦੁਆਰੇ ਭੀ ਬਾਬਾ ਅਲਮਸਤ ਜੀ ਦੀ ਸਰੇਣੀ ਦੇ ਸਾਧੂਆਂ ਦੇ ਉੱਦਮ ਦਾ ਨਤੀਜਾ ਹਨ; ਪਰ ਲਿਖਣੋਂ ਰਹਿ ਗਏ ਸਨ। ਇਨ੍ਹਾਂ ਨੂੰ ਪੰਨਾ ੧੨੭ ਪੁਰ ਪੂਰਬੀ ਪੰਜਾਬ ਦੇ ਅਸਥਾਨਾਂ ਨਾਲ ਪੜ੍ਹਨਾ ਚਾਹੀਏ।

**੩—ਗੰਡੀ ਵਿੰਡ।** ਜ਼ਿਲਾ ਅੰਮ੍ਰਿਤਸਰ ਵਿੱਚ, ਚਭਾਲ ਦੇ ਥਾਣੇ ਗੰਡੀ ਵਿੰਡ ਪਿੰਡ ਹੈ। ਖਾਲਸਾ-ਰਾਜ ਸਮੇਂ ਇਕ ਬੜੇ ਉੱਦਮੀ ਗੁਰਮੁਖ ਸੰਤ ਹੀਰਾ ਦਾਸ ਜੀ ਹੋਏ ਹਨ। ਜਿਨ੍ਹਾਂ ਦਾ ਸੰਬੰਧ ਬਾਬਾ ਅਲਮਸਤ ਜੀ ਦੀ ਲੜੀ ਨਾਲ ਹੈ। ਇਨ੍ਹਾਂ ਨੇ ਗੰਡੀ ਵਿੰਡ ਵਿੱਚ ਬੜਾ ਚੰਗਾ ਸਿੱਖ ਆਸ਼ਰਮ (ਡੇਰਾ) ਕਾਇਮ ਕੀਤਾ। ਜਿਸ ਨੂੰ ਕੇਂਦਰ ਬਣਾ ਕੇ ਨਿਰੰਕਾਰੀ ਧਰਮ ਦਾ ਪ੍ਰਚਾਰ ਇਰਦ ਗਿਰਦ ਖੂਬ ਚਲਾਇਆ। ਇਹ ਅਸਥਾਨ ਹੁਣ ਪੰਥਕ ਪ੍ਰਬੰਧ ਵਿੱਚ ਹੈ; ਤੇ ਇਸ ਦੀ ਪ੍ਰਬੰਧਕ ਕਮੇਟੀ, ਨਾਲ ਖਾਲਸਾ ਹਾਈ ਸਕੂਲ ਬੀ ਚਲਾ ਰਹੀ ਹੈ।

---



Digitized by Panjab Digital Library | www.panjabdigilib.org

੪—ਅੰਮ੍ਰਿਤਸਰ | ਸ਼ਹਿਰ ਅੰਮ੍ਰਿਤਸਰ ਵਿਖੇ ਲੂਣ ਮੰਡੀ ਕਟੜੇ ਅੰਦਰ ਗੰਡੀ ਵਿੰਡ ਨਿਵਾਸੀ ਸੰਤ ਹੀਰਾ ਦਾਸ ਜੀ ਨੇ ਹੀ, ਸੰਮਤ ੧੯੩੧ ਬਿੱ: ਵਿੱਚ ਧਰਮਸਾਲਾ ਕਾਇਮ ਕੀਤੀ। ਸੰਤਾਂ ਤੋਂ ਬੱਦ ਇਸ ਅਸਥਾਨ ਦੇ ਸੇਵਕ (ਮਹੰਤ) ਨੰਬਰਵਾਰ ਸੰਤਦਾਸ, ਨਿਹਾਲਦਾਸ ਤੇ ਚੇਤਨਦਾਸ ਜੀ ਬਣਦੇ ਆਏ ਹਨ।

## ਬਲੋਚਿਸਤਾਨ

ਬਲੋਚਿਸਤਾਨ ਵਿੱਚ ਦੀ ਲੰਘ ਕੇ ਸ੍ਰੀ ਸਤਿਗੁਰੂ ਈਰਾਨ ਤੇ ਇੱਰਾਕ-ਅਰਬ ਵੱਲ ਪਧਾਰੇ ਸਨ । ਜਿੱਥੇ ਕਿਤੇ ਭੀ ਆਪਦੇ ਵਿਰਾਜਣ ਦਾ ਥਹੁ-ਪਤਾ ਲੱਗ ਸਕਿਆ ਹੈ; ਸਿੱਖਾਂ ਤੇ ਸਿੱਖ-ਸਾਧੂਆਂ, ਯਾਦਗਾਰ ਕਾਇਮ ਕਰਨ ਦਾ ਉੱਦਮ ਕੀਤਾ ਹੈ । ਬਾਬਾ ਅਲਮਸਤ ਜੀ ਦੀ ਸੰਪ੍ਰਦਾਇ ਦੇ ਸਾਧੂਆਂ ਹੇਠ ਲਿਖੇ ਥਾਵੀਂ ਧਰਮਸਾਲਾ ਬੱਧੀਆਂ ਹਨ:—

੧—ਜੈਕਬਾਬਾਦ | ਕੋਇਟੇ ਜਾ ਰਹੀ ਰੇਲਵੇ ਲਾਈਨ ਪੁਰ ਇਸ ਨਾਮ ਦਾ ਪ੍ਰਸਿੱਧ ਰੇਲ-ਸਟੇਸ਼ਨ ਹੈ । ਬਾਬਾ ਅਲਮਸਤ ਜੀ ਦੇ ਸੇਵਕ ਬਾਬਾ ਨੱਥਾ ਜੀ ਦੀ ਸ਼੍ਰੇਣੀ ਵਿਚੋਂ ਬਾਬਾ ਵਣਖੰਡੀ ਜੀ ਪ੍ਰਸਿੱਧ ਕਰਣੀ-ਕਰਤੂਤ ਵਾਲੇ ਤਪਸੀ ਸਾਧੂ ਹੋਏ ਹਨ । ਉਨ੍ਹਾਂ ਤੋਂ ਬਾਰ੍ਹਵੀਂ ਪੀੜ੍ਹੀ ਸੰਤ ਮੇਵਲ ਦਾਸ ਜੀ ਗੁਰ-ਤੀਰਥਾਂ ਦੀ ਯਾਤ੍ਰਾ ਤੇ ਨਿਰੰਕਾਰੀ ਬਾਣੀ ਦਾ ਉਪਦੇਸ਼ ਕਰਦੇ ਹੋਏ, ਜੈਕਬਾਬਾਦ ਆ ਟਿਕੇ ਸਨ । ਏਥੇ ਆਪ ਨੇ ਸੰਮਤ ਅਠਾਰਾਂ ਸੈ ਅੱਸੀਹ ਵਿੱਚ, ਧਰਮਸ਼ਾਲਾ ਸਥਾਪਨ ਕਰਕੇ ਸੱਚ ਧਰਮ ਦੇ ਪ੍ਰਚਾਰ ਦਾ ਚਸ਼ਮਾ ਚਲਾਇਆ।

੨—ਢਾਢਰ ਸ਼ਹਿਰ | ਬਾਬਾ ਵਣਖੰਡੀ ਜੀ ਦੀ ਸਰੇਣੀ 'ਚੋਂ ਸੱਤਵੀਂ ਪੀੜ੍ਹੀ ਸੰਤ ਮਸਤਾਨਾ ਸਾਹਿਬ ਜੀ ਨਾਨਕ ਪੰਥੀ ਸਾਧੂ, ਸੈਲਾਨੀ ਤੇ ਮਿਸ਼ਨਰੀ ਦੀ ਹੈਸੀਅਤ ਵਿੱਚ ਵਿਚਰਦੇ ਹੋਏ, ਸੰਮਤ ਅਠਾਰਾਂ ਸੈ ਸੱਠ ਵਿਖੇ ਇਸ ਨੱਗਰ ਆ ਟਿਕੇ। ਏਥੇ ਆਪ ਨੇ ਸਤਿਗੁਰ ਨਾਨਕ ਦੀ ਨਿਰੰਕਾਰੀ ਬਾਣੀ ਦਾ ਪ੍ਰਚਾਰ ਅਰੰਭਿਆ ਤੇ ਧਰਮਸਾਲ ਬਣਵਾਕੇ ਅਕਾਲੀ ਧਰਮ ਪ੍ਰਚਾਰਿਆ । ਮਗਰੋਂ ਬੀ ਇਸੇ ਪੱਧਤੀ ਦੇ ਸੰਤ-ਮਹੰਤ ਇਸ ਗੁਰ-ਸਥਾਨ ਦੀ ਸੇਵਾ ਸੰਭਾਲ ਕਰਦੇ ਰਹੇ ॥

---

ਇ: ਪ: ੯੮.

Digitized by Panjab Digital Library | www.panjabdigilib.org

## ੨—ਦੂਜਾ ਧੂਆਂ—ਬਾਬਾ ਬਾਲੂ 'ਹੱਸਣਾ' ਜੀ

ਉਦਾਸੀ ਮਹਾਤਮਾਂ ਕਵੀ ਕਾਂਸ਼ੀ ਰਾਮ ਦੇ ਕਥਨ ਅਨੁਸਾਰ ਭਾਈ ਬਾਲੂ ਜੀ; ਭਾਈ ਅੱਲੂ (ਅਲਮਸਤ) ਜੀ ਦੇ ਸਕੇ ਤੇ ਛੋਟੇ ਭਰਾ ਸਨ। ਆਪਦਾ ਜਨਮ ਸੰਮਤ ਸੋਲਾਂ ਸੈ ਇੱਕੀਹ ਮਿਤੀ ਮੱਘਰ ਸੁਦੀ ਦਸਮੀ ਨੂੰ,* ਭਾਈ ਹਰਦੱਤ ਗੌੜ-ਬ੍ਰਹਮਣ ਦੇ ਘਰਿ, ਮਾਤਾ ਪ੍ਰਭਾ ਜੀ ਦੇ ਉਦਰ ਤੋਂ ਸ੍ਰੀ ਨਗਰ-ਕਸ਼ਮੀਰ ਵਿਖੇ ਹੋਇਆ† । ਲੇਕਿਨ ਗਿਆਨੀ ਠਾਕੁਰ ਸਿੰਘ ਜੀ ਨੇ 'ਸ੍ਰੀ ਗੁਰਦੁਆਰੇ ਦਰਸ਼ਨ' ਵਿੱਚ, 'ਦੇਸ ਮਾਝਾ ਨਗਰ ਪਹੂਵਿੰਡਿ ਸੰਧੂ ਜਿਮੀਦਾਰਾਂ ਦੇ ਘਰਿ ਹੋਇਆ' ਦੱਸਿਆ ਹੈ।‡

'ਨਿਰੰਕਾਰੀ ਧਰਮ' ਦੀ ਰੰਗਣ, ਆਪ ਨੂੰ ਅਪਣੇ ਵੱਡੇ ਭਰਾਤਾ ਭਾਈ ਅੱਲੂ 'ਅਲਮਸਤ' ਜੀ ਦੀ ਸੰਗਤਿ ਕਰਦਿਆਂ ਹੀ ਚੜ੍ਹੀ। ਅਰੁ ਉਨ੍ਹਾਂ ਦੇ ਨਾਲ ਹੀ ਕੱਤਿਕ ਸੰਮਤੁ ਸੋਲ੍ਹਾਂ ਸੈ ਇਕਾਹਠ ਵਿੱਚ, ਸ੍ਰੀ ਗੁਰੂ ਅਰਜੁਨ ਸਾਹਿਬ ਦੇ ਦੀਦਾਰ ਕਰਨ,ਚੱਕ-ਗੁਰੂ (ਰਾਮਦਾਸ ਪੁਰੇ) ਆਏ। ਭਾਈ ਅਲਮਸਤ ਜੀ ਤਾਂ ਗੁਰੂ ਆਗਿਆ ਪਾਕੇ ਗੁਰ-ਤੀਰਥ ਪਰਸਣਿ ਪੂਰਬੀ ਭਾਰਤ ਵੱਲ ਚਾਲੇ ਪਾ ਗਏ;ਇਨ੍ਹਾਂ ਨੂੰ ਬਾਲ ਗੁਰੂ ਹਰਿਗੋਬਿੰਦ ਜੀ ਦੇ ਸਦਾ ਸੰਗ ਰਹਿਣ ਦਾ ਹੁਕਮ ਹੋਇਆ । ਸੋ ਉਸੇ ਦਿਨ ਤੋਂ ਬਾਟ-ਘਾਟ ਹਰ ਥਾਂ ਤੇ ਹਰ ਸਮੇ ਭਾਈ ਬਾਲੂ ਜੀ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਹਜ਼ੂਰਿ ਹੁਕਮੀ ਬੰਦੇ ਬਣੇ ਰਹੇ । ਮੀਰੀ-ਪੀਰੀ ਦੇ ਮਾਲਿਕ ਨਾਲ ਭਾਈ ਸਾਹਿਬ ਦਾ ਇਤਨਾ ਨੇਹੁ ਲੱਗਾ; ਕਿ ਹਜ਼ੂਰ ਦੇ ਚੰਦ-ਮੁਖੜੇ ਉੱਤੇ ਚਕੋਰ ਵਾਂਗ ਟਿਕਟਿਕੀ ਲਾਈ ਸਦਾ ਵਿਗਸਦੇ ਰਿਹਾ ਕਰਨ। ਜਦੋਂ ਗੁਰੂ ਸਾਹਿਬ ਕਿਸੇ ਪਾਸੇ ਸਵਾਰੀ ਕਰਕੇ ਪਧਾਰਿਆ ਕਰਨ,

---

*'ਗੁਰੂ ਉਦਾਸੀਨ ਮਤ ਦਰਪਨ'—ਪੰਨਾ ੫੧੮

†'ਮਾਤ੍ਰਾ' ਛੰਦ ੯੨—੩।

‡ਦੇਖੋ ਪੰਨਾ ੪੩੯, ਸਤਰ ੧੨ ਤੋਂ ੧੪ ਤੱਕ।

---



Digitized by Panjab Digital Library | www.panjabdigilib.org

ਤਾਂ ਭਾਈ ਸਾਹਿਬ, ਘੋੜੇ ਅਗਾੜੀ ਦੁੜਕੀ ਚਾਲ ਦੌੜੇ ਜਾਇਆ ਕਰਨ। ਇਸ ਤਰ੍ਹਾਂ ਸਦਾ ਖਿੜੇ ਮੱਥੇ ਪ੍ਰੇਮ ਤੇ ਸੇਵਾ ਦੇ ਰੰਗ ਵਿਚ ਵਿਗਸਦੇ ਰਹਿਣ ਕਰਕੇ ਸਾਹਿਬਾਂ ਨੇ ਸ੍ਰੀ ਮੁਖ ਤੋਂ, ਆਪਦੇ ਨਾਮ 'ਬਾਲੂ' ਨਾਲ, 'ਹੱਸਣਾ' (ਹੱਸਣ ਵਾਲਾ = ਹਸ ਮੁਖ) ਖਿਤਾਬ ਵਧਾ ਦਿੱਤਾ; ਅਰੁ ਫੁਰਮਾਇਆ:-

"ਭਯੋ ਆਜ ਤੇ ਬਾਲੂ, 'ਹਸਨਾ' !"੩੦

ਉਸੇ ਦਿਨ ਹੁਕਮ ਕੀਤਾ:-

"ਅਬ ਗੁਰਦਿੱਤੇ ਕੇ ਸੰਗ ਰਹੋ !"......੩੧

ਬੱਸ, ਹੁਣ ਉਹੋ ਪ੍ਰੇਮ ਤੇ ਸਰਧਾ ਭਰੀ ਕਾਰ, ਬਾਬਾ ਗੁਰਦਿੱਤਾ ਜੀ ਦੀ ਸੇਵਾ ਵਿਚ ਰਹਿਕੇ ਕਮਾਵਣੇ ਲੱਗੇ ॥

ਸ਼ਾਹੀ ਦਲ ਨਾਲ ਆ ਪਏ ਜੁੱਧ-ਜੰਗ ਭੁਗਤਾ-ਮੁਕਾ ਕੇ, ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸਣੇ ਪਰਵਾਰ ਸ੍ਰੀ ਕਰਤਾਰ ਪੁਰ (ਦੁਆਬੇ) ਆਇ ਟਿਕੇ। ਓਦੋਂ ਇਕ ਦਿਨ (ਹਾੜ੍ਹ ਦੀ ਪੁੰਨਿਆਂ ਨੂੰ)* ਬਾਬਾ ਗੁਰਦਿੱਤਾ ਜੀ ਸ਼ਿਕਾਰ ਖੇਡਣ ਚੜ੍ਹੇ। ਭਾਈ ਬਾਲੂ 'ਹੱਸਣਾ' ਭੀ ਸਦਾ ਵਾਂਙੂ ਉਨ੍ਹਾਂ ਦੇ ਘੋੜੇ ਅਗਾੜੀ ਭੱਜੇ ਜਾ ਰਹੇ ਸਨ। ਜੰਗਲ ਵਿੱਚ ਅਚਾਨਕ ਇਕ ਸੂਰ ਨਿਕਲ ਪਿਆ। ਬਾਬਾ ਜੀ ਨੇ ਘੋੜਾ ਉਸਦੇ ਮਗਰ ਲਾ ਦਿੱਤਾ। ਸੂਰ ਬੜੀ ਦੂਰ ਨਿਕਲ ਗਿਆ। ਸਾਥੀ ਸ਼ਿਕਾਰੀ-ਪਾਰਟੀ ਸਾਰੀ ਪਿਛਾਹਾਂ ਰਹਿ ਗਈ; ਸਿਰਫ ਬਾਲੂ 'ਹੱਸਣਾ' ਹੀ ਬਾਬਾ ਜੀ ਨਾਲ ਓੜਿ ਨਿਭਿਆ। ਬਾਬਾ ਜੀ ਨੇ ਸੂਰ ਮਾਰ ਕੇ ਜਾਂ ਪਿਛਾਹਾਂ ਤੱਕਿਆ; ਤਾਂ ਹੋਰ ਕੋਈ ਸਾਥੀ ਨਜ਼ਰ ਨਾ ਆਇਆ। ਭਾਈ ਜੀ ਦੀ ਪ੍ਰੇਮ-ਘਾਲਣਾ ਤੇ ਸਾਥ ਨਿਬਾਹੁਣ ਦੀ ਬਿਰਤੀ ਪੁਰ ਬੜੇ ਪ੍ਰਸੰਨ ਹੋਏ। ਘਰ ਮੁੜੇ ਤਾਂ ਸਾਰੀ ਗੱਲ ਪਿਤਾ-ਸਤਿਗੁਰੂ ਨੂੰ ਸੁਣਾਈ। ਤਦ ਸਤਿਗੁਰਾਂ ਦਿਆਲ ਹੋ ਕੇ-

"ਬਖਸ਼ਿਸ਼ ਕਰੀ, ਪ੍ਰੇਮ ਪਿਖਿ ਉਰ ਕੋ !"

ਅਰੁ ਸਭਨਾਂ ਨੂੰ ਸੁਣਾ ਕੇ ਬਚਨ ਕੀਤਾ:-

---

*'ਗੁਰੂ ਉਦਾਸੀਨ ਮਤ ਦਰਪਨ'—ਪੰਨਾ ੫੧੮।

---



Digitized by Panjab Digital Library | www.panjabdigilib.org

"ਅਬ ਤੇਰੀ ਪੂਰੀ ਭਈ ਸੇਵਾ!
ਕਰੇ ਰਿਝਾਵਨ ਬਹੁ ਗੁਰਦੇਵਾ!
ਬੈਠਹੁ, ਭਜਨ ਕਰੋ ਪ੍ਰਭੁ ਕੇਰਾ!
ਜਨਮ ਮਰਨ ਕਾਟਜੋ ਅਬ ਤੇਰਾ!!"੩੭

(ਸ੍ਰੀ ਗੁਰ ਪ੍ਰਤਾਪ ਸੂਰਜ-ਰਾਸਿ ੮, ਅੰਸੂ ੪)

ਉਸੇ ਦਿਨ ਤੋਂ, ਅਪਣੀ ਨਿੱਤ ਦਰਸ਼ਨ ਕਰਨ ਦੀ ਭੁੱਖ ਲਾਹੁਣ ਵਾਸਤੇ, ਝਰੋਖਾ-ਦਰਸ਼ਨ ਵਾਲੀ ਬਾਰੀ ਦੇ ਐਨ ਸਾਹਮਣੇ ਆਸਣ ਜਮਾ ਕੇ ਬਹਿ ਗਏ। ਚੱਤੋ ਪਹਿਰ ਧਿਆਨ-ਮਗਨ ਸਿਮਰਨ ਕਰਦੇ ਰਹਿਣਾ। ਅੰਮ੍ਰਿਤ ਵੇਲੇ ਉਠਕੇ, ਸੌਚ-ਸ਼ਨਾਨ ਕਰਨਾਂ ਤੇ 'ਗੁਰ-ਦਰਸ਼ਨ' ਵਾਸਤੇ ਝਰੋਖਾ ਖੁੱਲ੍ਹਣ ਦੀ ਉਡੀਕ ਵਿੱਚ ਟਿਕਟਿਕੀ ਜਮਾ ਬਹਿਣਾ। ਇਸ ਤਰਾਂ ਸੁੱਚੇ-ਮੂੰਹ ਤੇ ਨਿਰਨੇ-ਕਾਲ੍ਜੇ, ਸੱਚੇ ਸਤਿਗੁਰਾਂ ਨੂੰ ਅਕਾਲੀ ਜੋਤਿ ਨਿਸਚੈ ਕਰਕੇ, ਸਭ ਤੋਂ ਪਹਿਲਾਂ 'ਦਰਸ਼ਨਾਮ੍ਰਿਤ' ਦੇ ਗਹਿਰੇ ਗੱਫੇ, ਨੈਣਾਂ ਦੀਆਂ ਕਮਲ-ਕਟੋਰੀਆਂ ਭਰ ਭਰ ਕੇ ਤੇ ਡੀਕ ਲਾ ਲਾ ਕੇ ਛਕਣੇ। ਸਾਰੇ ਸੰਸਾਰੀ ਕਾਰ-ਵਿਹਾਰ ਤੇ ਆਸ-ਅਧਾਰ ਤਿਆਗ ਕੇ, ਭਾਈ ਸਾਹਿਬ ਨੇ 'ਨਾਮ' ਤੇ 'ਗੁਰ-ਦਰਸ਼ਨ' ਦਾ 'ਧਿਆਨ' ਹੀ ਅਪਣੇ ਜੀਵਨ ਦਾ ਸ਼ੁਗਲ ਬਣਾ ਲਿਆ।

('ਸ੍ਰੀ ਗੁਰ ਪ੍ਰਤਾਪ ਸੂਰਜ'--ਰਾਸਿ ੮, ਅੰਸੂ ੪, ਛੰਦ ੨੮ ਤੋਂ ੩੮)

ਭਾਈ ਸਾਹਿਬ ਦੀ ਇਸ ਤਰ੍ਹਾਂ ਤਿਆਗ ਤੇ ਵੈਰਾਗ ਵਾਲੀ ਵਿਰਤੀ ਵੇਖ ਕੇ, ਸਤਿਗੁਰਾਂ ਨੇ 'ਉਦਾਸੀ ਭੇਖ' (ਮਜੀਠੀ ਚੋਲ੍ਹਾ ਤੇ ਸਿਮਰਨਾ) ਬਖ਼ਸ਼ ਕੇ, ਹੋਰਨਾਂ ਅਭਿਲਾਖੀ ਪ੍ਰਾਣੀਆਂ ਨੂੰ ਨਾਮ-ਦਾਨੁ ਤੇ ਚਰਨ ਪਾਹੁਲ ਦੇਣ ਦੇ ਅਧਿਕਾਰ ਅੱਤਾ ਕੀਤੇ। ਅਰੁ ਹੁਕਮ ਦਿੱਤਾ, ਕਿ ਪੱਛਮੀ ਪੰਜਾਬ ਵਿੱਚ ਵਿਚਰੋ ਤੇ 'ਨਿਰੰਕਾਰੀ ਧਰਮ' ਦਾ ਪ੍ਰਚਾਰ ਹੋਰਨਾਂ ਮਤ-ਮਤਾਂਤ੍ਰਾਂ ਦੇ ਸਾਧੂਆਂ-ਫਕੀਰਾਂ ਵਿੱਚ ਕਰੋ! ਇਹ ਆਗਿਆ ਪਾਕੇ ਆਪ ਪੱਛਮ ਵਲਿ ਟੁਰ ਗਏ*। ਉਸੇ ਮੌਕੇ ਤੋਂ ਉਦਾਸੀ ਭੇਖ ਦਾ ਇਹ ਧੂਆਂ ਚਾਲੂ ਹੋ ਗਿਆ; ਅਰੁ ਪੀੜ੍ਹੀ ਦਰ ਪੀੜ੍ਹੀ ਜੋ ਚੇਲੇ ਯਾ ਸੇਵਕ ਬਣਦੇ ਆਏ; ਉਹ 'ਬਾਲੂ ਹਸਨੀਏ ਉਦਾਸੀ' ਸਦਾਏ॥

ਗੁਰ ਆਗਿਆ ਅਨੁਸਾਰ, ਭਾਈ ਬਾਲੂ ਹੱਸਣਾ ਜੀ ਨੇ

---

*'ਗੁਰੂ ਉਦਾਸੀਨ ਮਤ ਦਰਪਨ'—ਪੰਨਾ ੧੩ ਤੇ ੫੧੯।



Digitized by Panjab Digital Library | www.panjabdigilib.org

१३੬.
ਪੋਠੋਹਾਰ,ਕਸ਼ਮੀਰ,ਛੱਛ ਤੇ ਹਜ਼ਾਰੇ ਆਦਿ ਪੱਛਮੀ ਪੰਜਾਬ ਦੇ ਇਲਾਕਿਆਂ ਵਿੱਚ; ਅਰੁ ਸਿੰਧੋਂ ਪਾਰ ਪਿਸ਼ੌਰ ਤੇ ਸ੍ਵਾਤ-ਬਿਜੌਰ ਦੀ ਪ੍ਰਬਤੀ ਧਾਰ ਵਿਚ ਨਾਨ੍ਕ-ਸ਼ਾਹੀ ਧਰਮ ਦਾ ਖ਼ੂਬ ਪ੍ਰਚਾਰ ਕੀਤਾ। ਓੜਕ ਆਪਨੇ ਪੋਠੋਹਾਰ ਦੇ ਇਲਾਕੇ ਵਿਚ, ਸੰਮਤ ਸਤਾਰਾਂ ਸੈ ਸਤਾਰਾਂ ਮਿਤੀ ਮੱਘਰ ਸੁਦੀ ਇਕਾਦਸ਼ੀ (੩ ਪੋਹ) ਨੂੰ ਦੇਹ ਤਿਆਗ ਕੇ ਸੱਚ ਖੰਡੀ ਪ੍ਰੀਤਮ ਦੇ ਚਰਨਾਂ ਵਿਚ ਜਾ ਵਿਰਾਜੇ। ਸਮਾਧ ਆਪ ਦੀ ਪੋਠੋਹਾਰ ਵਿਚ ਹੀ ਹੈ।* ਲੇਕਿਨ ਬਾਬਾ ਰਾਮ ਰਾਇ ਜੀ ਦੇ, ਸੰਮਤ ਸਤਾਰਾਂ ਸੈ ਚੌਤਾਲੀਹ ਵਿਖੇ, ਗੜ੍ਹਵਾਲ ਦੇਸ (ਉ: ਪ੍ਰ:) ਦੇ 'ਖੁਰ੍ਵਧੀ' ਨਾਮੇ ਅਸਥਾਨ ਤੇ ਲਾਵਲਦ ਚੜ੍ਹਾਈ ਕਰ ਜਾਣ ਪੁਰ, ਉਨ੍ਹਾਂ ਦੀ ਘਰ ਵਾਲੀ ਮਾਤਾ ਪੰਜਾਬ ਕੌਰ ਨੇ ਬਾਲੂ ਹਸਨੀਏ ਇਕ ਉਦਾਸੀ ਸਾਧੂ ਨੂੰ ਮੁਤਬੰਨਾ ਬਣਾ ਲਿਆ। ਉਸ ਸਾਧੂ ਨੇ ਸੰਮਤ ਸਤਾਰਾਂ ਸੈ ਅਠਾਨਵੇਂ ਵਿਚ, ਮਾਤਾ ਪੰਜਾਬ ਕੌਰ ਦੇ ਅੱਖੀਂ ਮੀਟ ਜਾਣ ਤੋਂ ਬੱਾਦ, ਓਨ੍ਹਾਂ ਦੇ ਬਣਾਏ 'ਦੇਹਰਾ ਰਾਮ ਰਾਇ' ਦੀ ਮਹੰਤੀ ਪ੍ਰਾਪਤਿ ਕੀਤੀ। ਅਰੁ ਆਪਣੇ ਵਡਿੱਕੇ ਗੁਰੂ ਬਾਬਾ ਬਾਲੂ 'ਹਸਣਾ' ਜੀ ਦੀ ਸਮਾਧ ਓਥੇ ਭੀ ਸਾਜ-ਸਵਾਰ ਲਈ।

## ਪਧਤੀ ਦਾ ਪਸਾਰਾ:–

ਬਾਬਾ ਬਾਲੂ 'ਹਸਣਾ' ਜੀ ਨੇ ਅਗਾਹਾਂ 'ਚਰਨ-ਪਾਹੁਲ' ਤੇ 'ਗੁਰਮੰਤ੍ਰ' ਦੇ ਕੇ ਜਿਨ੍ਹਾਂ ਸੇਵਕ-ਸ਼ਰਧਾਲੂਆਂ ਨੂੰ 'ਗੁਰ-ਸਿਖ' ਬਣਾਇਆ ਉਨ੍ਹਾਂ ਵਿਚੋਂ ਪ੍ਰਸਿੱਧ ਇਹ ਹਨ:–

(੧) ਭਾਈ ਲਾਲ ਦਾਸ 'ਦਰਜਾਈ'; (੨) ਭਾਈ ਜਾਦੋ ਰਾਇ;
(੩) ਭਾਈ ਪੂਰਨ ਦਾਸ; (੪) ਭਾਈ ਗੋਦੜੀ ਦਾਸ;
(੫) ਭਾਈ ਰੂਪ ਬਲ; (੬) ਭਾਈ ਸੇਵਾ ਦਾਸ;
(੭) ਭਾਈ ਬੁੱਢਾ; (੮) ਭਾਈ ਪ੍ਰਮੇਸ੍ਵਰ ਦਾਸ;
(੯) ਭਾਈ ਦਰਗਾਹੀ; ਤੇ (੧੦) ਭਾਈ ਹਰਿ ਦਯਾਲ;

**ਭਾਈ ਲਾਲ ਦਾਸ** | ਇਨ੍ਹਾਂ ਵਿਚੋਂ ਭਾਈ ਲਾਲ ਦਾਸ ਨੂੰ, ਬਾਬਾ ਜੀ ਨੇ ਕਰਤਾਰ ਪੁਰ (ਰਾਵੀ ਨਦੀ ਕੰਢੇ) ਆਸਣ ਲਾ ਕੇ ਨਿਰੰਕਾਰੀ ਧਰਮ ਦਾ ਪਰਚਾਰ ਕਰਨ ਦੀ ਆਗਿਆ ਦਿਤੀ।

*'ਗੁਰੂ ਉਦਾਸੀਨ ਮਤ ਦਰਪਨ'–ਪੰਨਾ ੧੩।



Digitized by Panjab Digital Library | www.panjabdigilib.org

ਇਹ ਮਹਾਤਮਾ ਪੰਜਾਬੀ ਦੇ ਬੜੇ ਸੁਧਰੇ ਹੋਏ ਕਵੀ ਤੇ ਗੁਰਚਰਨਾ ਦੇ ਭੌਰੇ ਸਨ । ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਾਹਿਬ, ਜਿਸ ਵੇਲੇ ਮੁਕਤਿਸਰ-ਜੁੱਧ ਵਿਚ ਸੀਰੰਦੀ ਦਲ ਨੂੰ ਸੋਧ ਕੇ, 'ਲੱਖੀ ਜੰਗਲ' ਪਰਗਣੇ ਦੇ ਪਿੰਡ ਛਤਿਆਣੇ ਲਾਗੇ ਕੁਝ ਦਿਨ ਢਾਬ ਪੁਰ ਵਿਰਾਜੇ; ਤਾਂ ਉਦਾਲੇ ਪਦਾਲਿਓਂ ਬੇਅੰਤ ਸਿੱਖ ਤੇ ਵਿਦਵਾਨ ਕਵੀ ਜਨ ਆਣਿ ਜੁੜੇ । ਉਨ੍ਹਾਂ ਵਿੱਚ ਇਨ੍ਹਾਂ ਦਾ ਨਾਮ ਭੀ ਆਉਂਦਾ ਹੈ । ਇਸ ਟਿਕਾਣੇ ਇਕ ਦਿਨ ਸਤਿਗੁਰਾਂ ਕਵੀ ਦਰਬਾਰ ਭੀ ਕੀਤਾ । ਜਿਸ ਵਿਚ ਸਮੱਸਜਾ ਪੂਰਤੀ ਲਈ ਅਨੇਕਾਂ ਕਵੀਆਂ ਅਪਣੀਆਂ ਮਨੋਹਰ ਕਵਿਤਾਵਾਂ ਪੜ੍ਹੀਆਂ ।

ਕੋਮਲ ਹੁਨਰਾਂ ਦੇ ਕਦਰ ਦਾਨ ਸਤਿਗੁਰੂ ਚੂੰਕਿ ਹੁਣ ਪੰਜਾਬ ਤੋਂ ਵਿਦੱਾ ਹੋਕੇ; ਦੱਖਣਿ ਜਾਣ ਦੇ ਤਿਆਰਿਆਂ ਵਿਚ ਸਨ; ਇਸ ਲਈ ਔਣ ਵਾਲੇ ਬਿਰਹੁ ਵਿਛੋੜੇ ਦਾ ਦੁੱਖ ਅਨੁਭਵ ਕਰਕੇ ਪ੍ਰੇਮੀ ਕਵੀਆਂ ਤਰਲੇ ਤੇ ਹਾਵੇ ਭਰੀਆਂ ਮਾਝਾਂ ਗਾਈਆਂ । ਉਨ੍ਹਾਂ ਵਿੱਚ ਕਵੀ ਲਾਲ ਦਾਸ ਨੇ 'ਹੀਰ' ਬਣਕੇ ਜੋ ਹਾਵੇ ਭਰੇ ਹਨ, ਉਨ੍ਹਾਂ ਦੀ ਵੰਨਗੀ ਅਸੀਂ ਪਾਠਕਾਂ ਦੇ ਪੇਸ਼ ਕਰਦੇ ਹਾਂ:–

ਰਲ ਕੇ ਕਾਜੀ ਮਤਾ ਪਕਾਇਆ,
ਹੀਰ ਪੈਰ-ਪਿਆਦੀ ਆਂਦੀ ।
ਸੱਚ ਨਸੀਹਤ ਦੇਵਨ ਲੱਗੇ:–
"ਤੂੰ ਖੇੜਿਆਂ ਦੀ ਬਾਂਦੀ !"
"ਅਸਾਂ ਤੇ ਖੇੜਿਆਂ ਦੇ ਅੰਦਰਿ,
ਸੈ ਕੋਹਾਂ ਦੀ ਕਾਂਜੀ !"
ਮਿਤੁ ਰਾਂਝਨ ਦੇ ਭੁਲਾਂਵੇ ਭੁੱਲੀ;
ਨਹੀਂ ਆਵੈ ਕੈਂਦੀ ਆਂਦੀ !!੧
"ਰਹੁ ਵੇ ਕਾਜੀ ! ਮੈਂਡੀ ਜਾਨ ਨ ਰਾਜੀ;
ਮੈਂ ਜੀਹਾਂ ਘਰਿ ਧੀਆਂ !
ਮਿਤੁ ਰਾਂਝਨ ਪੋਸਤ ਮੈਂਡੀ ਹੱਡੀਂ ਰਵਿਆ,
ਪੀਤੇ ਬਾਝੁ ਨ ਜੀਵਾਂ !
ਇਕੈ ਤਾਂ ਰਾਂਝਨ ਆਨਿ ਮਿਲਾਵਹੁ;
ਇਕੈ ਮੈਂ ਬੈਰਾਗਨ ਥੀਵਾਂ !!"੨

---

ਇ: ਪ: ੧੦੩.

Digitized by Panjab Digital Library | www.panjabdigilib.org

੧੩੮.

"ਜਾਂ ਜਾਂ ਇਸ਼ਕ ਇਲਾਹੀ ਅੰਦਰਿ,
ਗਫਲਤ ਛੋਡਿ ਸਿਆਲੀ !
ਦੂਜੀ ਛੋਡਿ ਸਭਾ ਦਿਲੁ ਪਕੜੇ,
ਥੀਵੇਂ ਰਾਂਝਨ ਵਾਲੀ !
ਦਮ ਦਮ ਨਾਲ ਸਮ੍ਹਾਲੇਂ ਸਹੁ ਨੂੰ,
ਤੇਰਾ ਕੋ ਦਮੁ ਜਾਇ ਨ ਖਾਲੀ।
ਆਖੁ ਦਿਖਾਂ ਰਤੁ ਰੁੰਨਿਆਂ ਬਾਝਹੁੰ,
ਕੇਹੜੀ ਕੰਤੁ ਸਮ੍ਹਾਲੀ !!"੩
ਜੋਰੀ ਦਸਤ ਬਧੋ ਨੇ ਗਾਨਾ;
ਕਰਿ ਰਾਂਝਨ ਦਾ ਹੀਲਾ[1]।
ਜਿਉਂ ਜਿਉਂ ਜੰਵ ਖੇੜਿਆਂ ਦੀ ਆਵੈ;
ਰੰਗੁ ਹੀਰ ਦਾ ਪੀਲਾ।
"ਦਿਲ ਦਾ ਮਹਿਰਮ ਕੋਇ ਨ ਮਿਲਿਆ;
ਘੱਤਾਂ ਵਿਚਿ ਵਸੀਲਾ !
'ਲਾਲ' ਖ਼ਿਆਲਿ ਇਕ ਰਾਂਝੇ ਬਾਝਹੁੰ,
ਮੈਂਡਾ ਦੁਸ਼ਮਨ ਸੱਭੁ ਕਬੀਲਾ !!"੪
ਮੁਸ਼ਕਲ ਮਿਲਣ ਮਾਹੀ ਨੂੰ ਹੀਰੇ,
ਔਝੜਿ ਝੰਗਿ ਬਲਾਈਂ !
ਕਰਿ ਕਰਿ ਸ਼ੇਰ ਜਮਾਤੀਂ ਬੈਠੇ;
ਨਾਗ ਕੁੰਡਲ-ਵਲ ਪਾਈਂ !
ਪੰਧ ਮੁਹਾਲ ਨ ਦੇਂਦੇ ਜਾਵਣ,
ਮੱਲਿ ਡਾਕੇ ਬਹਿਣ ਸਰਾਈਂ !
ਅੱਗੇ ਬੇਪਰਵਾਹ ਰੰਝੇਟਾ,
ਭਾਣੇਂ ਮਿਲਣ ਰਜਾਈਂ !!੫

ਇਨ੍ਹਾਂ ਛੰਦਾਂ ਵਿੱਚ 'ਕਾਜੀ' ਤੇ 'ਮਾਪੇ' ਆਦਿ ਤੋਂ ਮੁਰਾਦ ਸੱਚੇ ਆਸ਼ਿਕ ਦੇ ਰਾਹ ਵਿੱਚ ਰੁਕਾਵਟਾਂ ਪੌਣ ਵਾਲੇ ਕਰਮ-ਕਾਂਡੀ ਧਾਰਮਕ ਮੁਹਾਣੇ ਹਨ; 'ਰਾਝਾ' ਸਤਿਗੁਰੂ ਤੇ 'ਹੀਰ' ਜਿਗਜਾਸੂ

---

੧—ਬਹਾਨਾ, ਪੱਜ, ਛਲ।

---

ਇ: ੫: ੧੦੪.

Digitized by Panjab Digital Library | www.panjabdigilib.org

ਮਿਥਿਆ ਗਿਆ ਹੈ। ਹੋਰ ਔਕੜਾਂ, ਦੁਨਿਆਵੀ ਝਮੇਲੇ ਤੇ ਲਾਜ-ਲੋਕਾਣੀ ਆਦਿ ਸਮਝਣੀਆਂ ਚਾਹੀਏ।

ਅਗਲੇ ਛੰਦਾਂ ਵਿਚਿ, ਇਨ੍ਹਾਂ ਵਿਘਨਾਂ ਤੋਂ ਪੈਣ ਵਾਲੀ ਘਬਰਾਹਟ ਨਿਵਿਰਤ ਕਰਨ ਵਾਸਤੇ, ਪ੍ਰੇਮ ਦੀ ਠੁੱਕ ਤੇ ਮਹਿਬੂਬ ਦੇ ਮਿਲਣ ਦੀ ਸਾਧਨਾ ਦਸਦੇ ਹੋਏ, ਮਹਾਤਮਾਂ ਜੀ ਕਹਿੰਦੇ ਨਿ:–

ਜਿਤ ਦਿਨ ਆਵੈ ਇਸ਼ਕ ਦੀ ਚੌਕੀ
ਪਹਿਲਾਂ ਅੱਕ੍ਲ ਰਵਾਣੈ।
ਲਖ ਚਤੁਰਾਈਆਂ ਐਵੇਂ ਜਾਸਨ,
ਜਿਉ ਉਡਨ ਵਾਂਗੁ ਟਨਾਣੈ।
ਗੁੰਗੇ ਦੇ ਗੁੜ ਖਾਧੇ ਵਾਂਗੂ,
ਕਿਆ ਕੋਈ ਆਖਿ ਵਖਾਣੈ!
'ਲਾਲ' ਖਿਆਲਿ ਪ੍ਰੇਮ ਦੀਆਂ ਝੋਕਾਂ,
ਕੋਈ ਘਾਇਲ ਹੋਇ ਸੁ ਜਾਣੈ ॥੬

ਬਿਨੁ ਮੁਹਬਤਿ ਕੋਈ ਪਾਰਿ ਨ ਪਉਸੀ,
ਕਿਆ ਸੇਖੁ ਮੁਸਾਇਕੁ ਕਾਜੀ।
ਤੀਹੇ ਰੱਖਣੁ ਤੈ ਪੰਜ ਗੁਜਾਰਨਿ,
ਅਠੇ ਪਹਰਿ ਨਿਵਾਜੀ।
ਜੇ ਸਉ ਵਾਰੀ ਮੱਕੇ ਜਾਂਦੇ,
ਹੱਜ ਗੁਜਾਰਨਿ ਹਾਜੀ।
'ਲਾਲ' ਖਿਆਲਿ ਸਾ ਬਾਤ ਨਿਰਾਲੀ,
ਜਿਤ ਸਹੁ ਥੀਵੈ ਰਾਜੀ ॥੭

ਮਹਿਬੂਬਾਂ ਦੇ ਦਰਸ਼ਨ ਕਾਰਨ,
ਕੱਖ ਗਲੀ ਦਾ ਥੀਵਾਂ!
ਵਗੇ ਵਾਉ ਪੁਰੇ ਦੀ ਜਿਉਂ ਤਿਉਂ,
ਦਰ ਤੇ ਜਾਇ ਸਟੀਵਾਂ!
ਆਂਦੇ ਜਾਂਦੇ ਦਾ ਦਰਸ਼ਨ ਪਾਵਾਂ,
ਚਰਨੀ ਕਦੇ ਛੁਹੀਵਾਂ।

---

ਇ: ਪ: ੧੦੫.

Digitized by Panjab Digital Library | www.panjabdigilib.org

ਚਰਨ-ਧੂੜਿ ਬਨਿ ਸਤਿਗੁਰੁ ਵਾਲੀ,
ਮਰ ਕੇ ਮੈਂ ਮੁੜਿ ਜੀਵਾਂ ॥੮

ਮਹਿਬੂਬਾਂ ਦੇ ਵੇਖਣ ਕਾਰਣਿ
ਸੁਰਮਾ ਆਪਿ ਪਿਹਾਇਆ।
ਦੇ ਦੇ ਧਮਕਾਂ ਨਿੱਕਾ ਕੀਤਾ,
ਪੱਥਰੁ ਜੋਰਿ ਸਹਾਇਆ।
ਜਿਉਂ ਜਿਉਂ ਘਸੈ, ਤਿਉਂ ਤਿਉਂ ਰਸੈ,
ਚੜ੍ਹਦਾ ਰੂਪ ਸਵਾਇਆ।
'ਲਾਲੁ' ਖਿਆਲਿ ਮੂਆ ਫਿਰਿ ਜੀਵੈ;
ਪਰ ਚਸ਼ਮਾਂ ਦਾਖਲਿ ਆਇਆ॥੯
ਦਾਇਮੁ ਇਸ਼ਕੁ ਨ ਥੀਵੈ ਮੈਲਾ,
ਸੂਲ ਕਦੇ ਨ ਹੋਨ ਪੁਰਾਣੇ।
ਨੈਣਾਂ ਨਾਗਾਂ ਦੀ [1]ਵਹਦਤਿ ਮੰਦੀ,
ਕਦੇ ਨ ਹੋਣ ਸਿਆਣੇ।
ਡੰਗੁ ਮਰੀਂਦੇ, ਜਹਰੁ ਘੁਲੀਂਦੇ,
ਕੈਂਦੇ ਸਬਰ ਰਵਾਣੇ!
ਭਾਵੇਂ ਜਾਣ, ਨ ਜਾਣ ਸਜਾਮਾਂ*!
ਅਸੀਂ ਤੈਂਡੇ ਦਸਤਿ ਵਿਕਾਣੇ॥੧੦

ਮਾਇਲੁ ਕਰਕੈ ਘਾਇਲੁ ਕੀਤੀ,
ਵਾਹ ਮੁਹੱਬਤੁ ਤੇਰੀ!

---

੧—ਏਕਤਾ; ਸੱਪਾਂ ਤੇ ਨੈਣਾਂ ਦਾ ਸਭਾਉ ਡੰਗ ਮਾਰਨ ਵਿੱਚ ਇਕੋ ਜਿਹਾ ਮੰਦਾ ਹੈ।

*ਚੂੰਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਪਣੀ ਕਾਵਿ ਰਚਨਾਂ ਵਿੱਚ, ਅਪਣੇ ਨਾਮ ਦੇ ਸਮ-ਅਰਥੀ ਤੇ ਸਮ-ਤੋਲ ਸ਼ਬਦ 'ਸਜਾਮ', 'ਰਾਮ', 'ਕਾਲ' ਤੇ 'ਹਰਿ' ਆਦਿ ਭੀ ਵਰਤੇ ਹਨ। ਇਸੇ ਆਸ਼ੇ ਨਾਲ 'ਲਾਲ ਜੀ' ਨੇ ਗੁਰੂ ਸਾਹਿਬ ਨੂੰ 'ਸਜਾਮ' ਨਾਮ ਨਾਲ ਸੰਬੋਧਨ ਕੀਤਾ ਹੈ।

---

ਇ: ਪ: ੧੦੬.

Digitized by Panjab Digital Library | www.panjabdigilib.org

ਮਿਠੀ ਚਾਟ ਚਟਾਇ ਕਰਿ,
ਖਬਰ ਨ ਲਧੀ ਮੇਰੀ !
ਜਿਤ ਵਲਿ ਵੇਖਾਂ, ਤਿਤ ਵਲਿ ਤੂਹੈਂ,
ਘੁਲੀ ਪ੍ਰੇਮ ਅੰਧੇਰੀ !
ਲੋਹੇ ਦੀ ਜੰਜੀਰਾਂ ਕੋਲੋਂ,
ਨੈਣਾਂ ਦੀ ਬੰਦ ਡਢੇਰੀ ॥੧੧

ਭਾਵੇਂ ਜਾਣ, ਨ ਜਾਣ ਪਿਆਰਿਆ !
ਅਸੀਂ ਤੁਸਾਡੇ ਆਂਹੇ !
ਲਖ ਲਖ ਬਦੀਆਂ, ਲਖ ਲਖ ਖੁਦੀਆਂ,
ਸਿਰ ਪਰ ਖੜੇ ਝਲਾਂ ਹੇ !
ਨਦਰ ਤੁਸਾਡੀ ਕੀਤੀ ਜੀਵਾਂ,
ਬਿਨੁ ਡਿਠੇ ਮਰ ਜਾਂ ਹੇ !
'ਖਿਆਲੀ'* ਕੋਈ ਕਿਵੇਂ ਕਹਿ ਆਖਹੁ,
ਅਸੀਂ ਵੇਖਣੁ ਨਾ ਛਡਸਾਂ ਹੇ ॥੧੨

ਸੰਸਾਰ ਦੀ ਅਸਾਰਤਾ ਬਾਰੇ ਆਪਦੇ ਖਿਆਲ:-

ਸੁਪਨੈ ਅੰਦਰਿ ਭਇਉ ਸੌਦਾਗਰੁ,
ਸੁਪਨੈ ਲੀਤੇ ਰੇਜੇ ।
ਸੁਪਨੈ ਅੰਦਰਿ ਖੇਪੁ ਚਲਾਏ,
ਸੁਪਨੈ ਹੁੰਡੀ ਭੇਜੇ ।
ਸੁੰਞੇ ਅੰਦਰਿ ਨਾਰਿ ਉਪਾਇਉ
ਸੁਪਨੈ ਸੁੱਤੇ ਸੇਜੇ ।

---

*ਕਵੀ ਲਾਲ ਦਾਸ ਨੇ, ਅਪਣੇ ਸੰਖੇਪ ਨਾਮ 'ਲਾਲ' ਨਾਲ ਅਕਸਰ ਛੰਦਾਂ ਵਿਚ 'ਖਿਆਲਿ' ਲਿਖਿਆ ਹੈ। ਏਥੇ ਨਿਰਾ 'ਖਿਆਲੀ' ਨਾਲ ਹੀ ਬੁੱਤਾ ਸਾਰ ਲਿਆ ਹੈ । ਇਸ ਸੁੱਧ ਸ਼ਬਦ 'ਖਿਆਲੀ' ਤੋਂ ਸੋਝੀ ਪੈਂਦੀ ਹੈ, ਕਿ ਕਵੀ ਜੀ ਦਾ ਜਨਮ 'ਖਿਆਲੀ' ਪਿੰਡ ਜ਼ਿਲਾ ਲੁਦਿਹਾਣੇ ਦਾ ਹੋਣਾ ਇੈ। 'ਖਿਆਲਿ' (ਖਿਆਲ) ਪ੍ਰਦ ਭੀ 'ਖਿਆਲੀ' ਦਾ ਹੀ ਸੰਖੇਪ ਜਾਪਦਾ ਇ।

---

ਇ: ਪ: ੧੦੭.

Digitized by Panjab Digital Library | www.panjabdigilib.org

'ਲਾਲ' ਖਿਆਲਿ ਸਭ ਸੁਪਨੋ ਸੁਪਨਾ,
ਢਾਹਿ ਚਲੀ ਸਭ ਨੇਜੇ ॥੧੩

ਇਤਨੇ ਕੁ ਛੰਦ ਪੁਰਾਣੀਆਂ ਲਿਖਤੀ ਪੋਥੀਆਂ ਵਿਚੋਂ ਬਾਬਾ ਲਾਲ ਦਾਸ ਜੀ 'ਦਰਯਾਈ' ਦੇ ਮਿਲੇ ਹਨ । ਹੋਰ ਭੀ ਸ਼ਾਇਦ ਜਤਨ-ਖੋਜ ਕੀਤਿਆਂ ਲੱਭ ਸਕਣ ।

ਇਸ ਤੋਂ ਇਲਾਵਾ, ਇਕ ਰਹਿਤਨਾਮਾਂ ਭੀ "ਦਰਿਆਈ ਉਦਾਸੀ ਕੇ ਪਰਥਾਇ ਹੋਇਆ" ਲਭਦਾ ਹੈ; ਜੋ ਭਾਈ ਪ੍ਰਹਲਾਦ ਸਿੰਘ ਵਾਲਾ ਪ੍ਰਸਿੱਧ ਹੈ। ਇਸ ਰਹਿਤਨਾਮੇ ਤੋਂ ਇਹ ਭੀ ਪਤਾ ਲਗਦਾ ਇ; ਕਿ 'ਦਰਿਆਈ' ਜੀ ਸਤਿਗੁਰਾਂ ਦੇ ਨਾਲ ਹੀ ਦੱਖਣ ਗਏ;* ਅਰੁ ਨਾਂਦੇੜ ਸ਼ਹਰ ਦੇ ਟਿਕਾਣੇ ਹੀ–ਜਿੱਥੇ ਹੁਣ 'ਅਬਚਲ ਨਗਰ–ਹਜ਼ੂਰ ਸਾਹਿਬ ਤਖਤ' ਵਿਰਾਜਮਾਨ ਹੈ–ਉਨ੍ਹਾਂ ਪ੍ਰਤਿ ਇਹ ਰਹਿਤਾਂ ਉਪਦੇਸ਼ ਹੋਈਆਂ। ਅਰੁ ਇਹ ਉਪਦੇਸ਼ ਸੁਣਿ ਗੁਰ-ਪ੍ਰੇਮ ਦੇ ਪੰਧਾਊ ਮਹਾਤਮਾ ਜੀ, 'ਉਦਾਸੀ ਭੇਖ' ਤਿਆਗਕੇ 'ਸਿੰਘ-ਖਾਲਸਾ' ਸਜ ਗਏ; ਅਰੁ

---

*ਇਸ ਗੱਲ ਦੀ ਤਸਦੀਕ, ਭਾਈ ਸੰਤੋਖ ਸਿੰਘ ਜੀ ਨੇ ਵੀ, ਗੁਰ-ਮਾਤਾ ਸਾਹਿਬਾਂ ਦਾ ਹਾਲ ਭਾਈ ਰਾਮ ਕੌਰ ਸਾਹਿਬ ਦੀ ਜ਼ਬਾਨੀ ਸੁਣਾਉਂਦਿਆਂ ਐਉਂ ਕੀਤੀ ਹੈ:–

ਬਰਨੈ ਰਾਮ ਕੌਰ ਕਥ ਭਾਈ:–

"ਮੈਂ ਨਹਿ ਹੁਤੋ ਸੰਗ ਤਿਸ ਥਾਂਈ !
ਬਾਲੂ ਹਸਨੇ ਕੇਰ ਉਦਾਸੀ;
ਰਹੀ ਜਮਾਤ ਗੁਰੂ ਕੇ ਪਾਸੀ ॥੧੮
ਸਭਿ ਪ੍ਰਸੰਗ ਕੋ ਤਿਨਹੁਂ ਨਿਹਾਰਾ।
ਪੰਚ ਬਾਰ ਮੁਝ ਸੰਗ ਉਚਾਰਾ।
ਜਬ ਸੋ ਮਿਲਤ ਆਨ ਕਰਿ ਪਾਸੀ।
ਮੈਂ ਬੂਝਤ; ਸੋ ਕਰਤ ਪ੍ਰਕਾਸ਼ੀ ॥੧੯
ਅਬਚਲ ਨਗਰ ਗੁਰੂ ਕੇ ਪਾਛੇ;
ਦਿਨ ਕੇਤਕ ਰਹਿ, ਚਲਬੋ ਬਾਛੇ।
ਸੋ ਆਏ ਇਸ ਦੇਸ ਮਝਾਰੀ।
ਮਾਤਨ ਕੀ ਭੀ ਬਾਤ ਉਚਾਰੀ ॥੨੦

('ਸ੍ਰੀ ਗੁਰ ਪ੍ਰਤਾਪ ਸੂਰਜ'–ਐਨ ੨, ਅੰਸ਼ੂ ੩੩)

---



Digitized by Panjab Digital Library | www.panjabdigilib.org

ਆਖਰੀ ਅਵਸਤਾ ਵਿਚ 'ਪ੍ਰਹਿਲਾਦ ਸਿੰਘ' ਨਾਮ ਨਾਲ ਪ੍ਰਸਿੱਧ ਹੋਏ। ਇਸ ਤਰਾਂ ਸਦਾ ਹਜ਼ੂਰੀ ਵਿੱਚ ਰਹਿ ਕੇ, ਉਨ੍ਹਾਂ ਅਪਣੀ ਇਹ ਧਾਰਨਾ ਕੇਸਾਂ-ਸੁਆਸਾਂ ਨਾਲ ਨਿਬਾਹੀ:–

"'ਖਿਆਲੀ' ਕੋਈ ਕਿਵੇਂ ਕਹਿ ਆਖਹੁ
ਅਸੀਂ ਵੇਖਣੁ ਨਾਂ ਛਡਸਾਂ ਹੇ !!

ਸ਼ਾਇਦ ਇਸੇ ਕਰਕੇ, 'ਸਿੱਖੀ' ਛੱਡਿ, 'ਹਿੰਦੂ' ਬਣੇ ਉਦਾਸੀਆਂ; 'ਗੁਰੂ ਉਦਾਸੀਨ ਮਤ ਦਰਪਨ' ਵਿੱਚ, ਬਾਬਾ ਬਾਲੂ 'ਹੱਸਣਾ' ਜੀ ਦੇ ਇਸ ਜੇਠੇ ਸੇਵਕ ਦਾ ਵਧੇਰੇ ਜ਼ਿਕਰ ਨਹੀਂ ਕੀਤਾ।

ਬਾਬਾ 'ਦਰਿਆਈ' ਜੀ ਦੀ ਸੇਵਾ ਕਰਕੇ ਰਾਮਦਾਸ ਤੇ ਸਿਆਮ ਸਾਗਰ ਗੁਰ-ਸਿੱਖ ਬਣੇ। ਦਸਦੇ ਨਿ, ਕਿ ਰਾਮਦਾਸ ਜੀ ਨੇ ਕਰੜੀ ਸਾਧਨਾਂ ਕਰਕੇ, ਵਿਸਨੁ ਭਗਵਾਨ ਦੇ 'ਰਾਮ ਚੰਦ੍ਰ' ਸਰੂਪ ਨੂੰ ਪਰਤੱਖ ਦਰਸ਼ਨ ਦੇਣ ਪੁਰ ਰਾਜੀ ਕਰ ਲਿਆ ਸੀ; ਜਿਸ ਕਰਕੇ ਉਹ 'ਹਜ਼ੂਰੀ' ਪਦਵੀ ਨਾਲ ਪ੍ਰਸਿੱਧ ਹੋਏ॥

(੩) ਬਾਬਾ ਬਾਲੂ 'ਹਸਣਾ' ਜੀ ਦੇ ਦੂਜੇ ਸੇਵਕ ਭਾਈ ਜਾਦੋ ਰਾਇ ਸਨ। ਇਨ੍ਹਾਂ ਦਾ ਹਸਬ-ਨਸਬ ਤੇ ਜੰਮਣ ਭੂਮਿ ਕਿਧਰੇ ਲਿਖੇ ਨਹੀਂ ਲੱਭੇ। ਇਸ ਧੂਏਂ ਦੇ ਉਦਾਸੀਆਂ ਦੀ ਜੋ ਜਮਾਤ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਹਮ-ਰਕਾਬ ਦੱਖਣ ਗਈ; ਉਸ ਵਿਚ ਭਾਈ ਜਾਦੋ ਰਾਇ ਭੀ ਸਨ। 'ਲੱਖੀ ਜੰਗਲ' ਦੇ ਕਵੀ ਦਰਬਾਰ ਵਿੱਚ ਜੋ 'ਮਾਝਾਂ' ਕਵੀਆਂ ਸੁਣਾਈਆਂ, ਉਨ੍ਹਾਂ ਵਿਚ ਇਕ ਇਨ੍ਹਾਂ ਦੀ ਰਚੀ ਹੋਈ ਬੀ ਹੈ:–

ਜਰਾ ਨ ਡਰਾਂ ਜੇ ਸੱਟ ਘਤੀਵਾਂ, ਕੋਈ ਹਾਹੂ ਦੋਜਕ ਤਪੈ।
ਜਰਾ ਨ ਡਰਾਂ ਜੇ ਸੱਟ ਘਤੀਵਾਂ, ਕੋਈ ਮਾਤੇ ਹਾਥੀ ਅੱਗੈ।
ਜਰਾ ਨ ਡਰਾਂ ਬਿਧਾਤੇ ਕੋਲੋਂ, ਜਿ ਸਚੇ ਅੱਖਰ ਲਿਖੇ।
'ਜਾਦੋ' ਡਰਾਂ ਵਿਛੋੜੇ ਕੋਲੋਂ, ਮਤਿ ਰੱਬੁ ਵਿਛੋੜਾ ਘੱਤੇ॥

ਜਿਸ ਤੋਂ ਪਤਾ ਲਗਦਾ ਇ, ਕਿ ਆਪ ਪੰਜਾਬੀ ਦੇ ਉੱਤਮ ਕਵੀ ਭੀ ਸਨ।

ਆਪ ਦੇ ਵਸੀਲੇ ਗੁਰੂ ਘਰੋਂ ਵਿਰੋਸਾਏ ਪ੍ਰਾਨੀਆਂ ਵਿੱਚੋਂ ਹੇਠ ਲਿਖੇ ਦੋਂਹ ਨੇ ਉਦਾਸੀ ਭੇਖ ਤੇ ਰੀਤਿ ਧਾਰਨ ਕੀਤੀ:–

(੧) ਭਾਈ ਕ੍ਰਿਸ਼ਨ ਦਾਸ; (੨) ਭਾਈ ਸ਼ਾਹ ਜੀ

ਅੱਗੇ ਇਸ ਲੜੀ ਦਾ ਵਿਸਥਾਰ ਇਸ ਤਰਾਂ ਹੋਇਆ:–

---

ਇ: ਪ: ੧੦੯.

Digitized by Panjab Digital Library | www.panjabdigilib.org

੧੪੪.
(ੳ) ਭਾਈ ਸ਼ਾਹ ਜੀ ਦਾ ਚੇਲਾ ਸਾਗਰ ਦਾਸ;
(ਅ) ਭਾਈ ਸਾਗਰ ਦਾਸ ਦਾ ਦਲਪਤਿ ਦਾਸ;
(ੲ) ,, ਦਲਪਤਿ ਦਾਸ ਦਾ ਘਨੈਯਾ ਰਾਮ;
(ਸ) ,, ਘਨੈਯਾ ਰਾਮ ਦਾ ਭੂਮਾ ਰਾਮ;
(ਹ) ,, ਭੂਮਾ ਰਾਮ ਦਾ ਰਾਮਦਾਸ, 'ਨਿਰਬਾਣ';
(ਕ) ,, ਰਾਮਦਾਸ ਦਾ ਕੁਸ਼ਲ ਦਾਸ;
(ਖ,ਗ) ,, ਕੁਸ਼ਲਦਾਸ ਦੇ ਦੋ ਚੇਲੇ:-ਭਾਈ ਠਾਕੁਰ ਦਾਸ ਤੇ ਨਰਾਇਣ ਦਾਸ ਜੀ ਹੋਏ;

(ਘ,ਙ) ਅਗਾੜੀ ਬਾਬਾ ਨਰਾਇਣ ਦਾਸ ਜੀ ਦੇ ਸੇਵਕ ਲਛਮਣ ਦਾਸ ਜੀ ਬੜੇ ਪ੍ਰਸਿੱਧ ਵਿਦਵਾਨ ਤੇ ਖਟ-ਸ਼ਾਸਤ੍ਰੀ ਪੰਡਿਤ ਹੋਏ । ਆਪ ਗੁਰੂ ਗ੍ਰੰਥ ਸਾਹਿਬ ਦੀ ਤੇ ਹੋਰਨਾਂ ਗੁਰਮਤ ਦੇ ਗ੍ਰੰਥਾਂ ਦੀ ਕਥਾ ਬੜੇ ਪ੍ਰੇਮ ਤੇ ਦਲੀਲ ਨਾਲ ਕਰਦੇ ਹੁੰਦੇ ਸਨ । ਹੋਰਨਾਂ ਮਤਾਂ ਦੇ ਸਾਧੂਆਂ ਤੇ ਪੰਡਿਤਾਂ ਨਾਲ ਚਰਚਾ ਵਿਚਾਰ ਕਰਨ ਵਿੱਚ ਬੜੇ ਨਿਪੁੰਨ ਦਿਗਵਿਜਈ ਸਨ। ਆਪਦੇ ਪਾਸੋਂ ਵਿਦਿਆ ਪੜ੍ਹਕੇ, ਸੰਮਤ ੧੯੪੮ ਬਿੱ: ਵਿੱਚ ਬਾਵਾ ਕ੍ਰਿਸ਼ਨਾ ਨੰਦ ਜੀ 'ਸ੍ਵਾਮੀ', ਗੁਰਸਿੱਖ ਬਣੇ ਤੇ 'ਉਦਾਸੀ ਭੇਖ' ਧਾਰਕੇ ਗੁਰਮਤਿ ਦਾ ਪ੍ਰਚਾਰ ਕਰਨ ਲੱਗੇ । ਸ੍ਵਾਮੀ ਜੀ ਬੀ ਸੰਸਕ੍ਰਿਤ ਦੇ ਧੁਰੰਧਰ ਪੰਡਿਤ ਪ੍ਰਸਿੱਧ ਹਨ। ਆਪ ਗੁਰਮਤਿ ਦਾ ਪ੍ਰਚਾਰ ਕਰਨ ਹਿਤ, ਤੀਰਥ ਯਾਤ੍ਰਾ ਦਾ ਬਹਾਨਾ ਬਣਾਕੇ ਪੂਰਬ ਦੇਸ ਵਿੱਚ ਵਿਚਰੇ, ਤਾਂ ਮੁਰਾਦਾਬਾਦ ਦੀ ਜੂਹ ਵਿਚ ਰਾਮ ਗੰਗਾ ਕੰਢੇ, ਉਸ ਟਿਕਾਣੇ ਟਿਕ ਗਏ; ਜਿੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸੰਮਤ੧੬੭੧ ਬਿੱ: ਵਿੱਚ ਬਾਬਾ ਅਲਮਸਤ ਜੀ ਦੀ ਸਹਾਇਤਾਰਥ ਨਾਨਕਮਤੇ ਜਾਕੇ, ਮੁੜਦੀ ਵਾਰੀ ਵਿਰਾਜੇ ਸਨ। ਏਥੇ ਆਪਨੇ ਧਰਮਸਾਲਾ ਕਾਇਮ ਕਰਕੇ ਗੁਰੂ ਸਾਹਿਬ ਦੀ ਯਾਦਗਾਰ ਥਾਪੀ । ਇਸ ਗੁਰਧਾਮ ਨੂੰ ਅਪਣਾ ਕੇਂਦਰ ਬਣਾਕੇ ਉਦਾਲ੍ਹੇ-ਪਦਾਲ੍ਹੇ ਪਰਚਾਰ ਤੇ ਹੋਰਨਾਂ ਮਤਾਂ ਦੇ ਸਾਧੂਆਂ ਵਿਦਵਾਨਾਂ ਨਾਲ ਚਰਚਾ ਵਿਚਾਰ ਕਰਨ ਜਾਂਦੇ ਰਹੇ। ਆਪਨੇ ਕਾਸ਼ੀ ਤੱਕ ਜਾਕੇ, ਪੰਡਿਤਾਂ ਨਾਲ ਚਰਚਾ ਕੀਤੀ। ਗੁਰੂ ਨਾਨਕ ਦੇ 'ਨਿਰੰਕਾਰੀ ਧਰਮ' ਨੂੰ ਸਭ ਤੋਂ ਸਰੇਸ਼ਟ ਤੇ ਸ੍ਰੋਮਣੀ ਸਿੱਧ ਕੀਤਾ।

(੪) ਬਾਬਾ ਬਾਲੂ ਹਸਣਾ ਜੀ ਦੇ ਸੇਵਕ ਬਾਵਾ ਪੂਰਨ ਦਾਸ ਜੀ ਪਾਸੋਂ ਸੀਖ੍ਯਾ ਦੀਖ੍ਯਾ ਪ੍ਰਾਪਤਿ ਕਰਕੇ; ਇਕ ਪ੍ਰੇਮੀ ਦਿਆਲ ਦਾਸ

---

ਇ: ਪ: ੧੧੦.

Digitized by Panjab Digital Library | www.panjabdigilib.org

'ਨਿਰਬਾਣ'* ਬੜੇ ਉੱਦਮੀ ਗੁਰਸਿੱਖ ਹੋਏ ਹਨ । ਆਪ ਨੇ ਸਿੱਖ ਮਿਸਲਾਂ ਦੇ ਤੇਜ-ਪ੍ਰਤਾਪ ਸਮੇ ਮਾਲਵੇ ਦੇਸ ਦਾ ਰਟਨ ਕਰਕੇ, ਬੜਾ ਨਿੱਗਰ ਇਤਿਹਾਸਕ ਮਸਾਲਾ ਸੰਗ੍ਰਹ ਕੀਤਾ । ਜਿਸਦਾ ਨਾਮ 'ਦੌਰੇ ਕੀ ਸਾਖੀ' ਮਸ਼ਹੂਰ ਹੈ । ਇਸ ਵਿੱਚ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਤੇ ਸਤਿਗੁਰੂ ਗੋਬਿੰਦ ਸਿੰਘ ਮਹਾਰਾਜ ਦੇ, ਇਸ ਦੇਸ ਨੂੰ ਗੁਰਮਤਿ-ਦਾਨ ਕਰਨ ਦੇ ਸਮਾਚਾਰ ਹਨ । ਇਸੇ ਸੈਂਚੇ ਦਾ ਸਹਾਰਾ ਲੈਕੇ ਭਾਈ ਸਾਹਿਬ ਸੰਤੋਖ ਸਿੰਘ ਨੇ ਨੌਵੇਂ-ਦਸਵੇਂ ਪਾਤਿਸ਼ਾਹਾਂ ਦੇ ਇਸ ਦੇਸ ਨਾਲ ਸੰਬੰਧਤ ਸਮਾਚਾਰ ਲਿਖੇ ਹਨ ।

ਅੱਗੋਂ ਇਨ੍ਹਾਂ ਦੀ ਪੱਧਤੀ ਐਉਂ ਵਿਸਥਰੀ –

(ੳ) ਬਾਬਾ ਦਿਆਲ ਦਾਸ ਜੀ ਦਾ ਚੇਲਾ ਭਾਈ ਮਾਨ ਦਾਸ;

(ਅ) ਭਾਈ ਮਾਨ ਦਾਸ ਦੇ ਸੇਵਾ ਦਾਸ; ਤੇ

(ੲ) ਰੂੜ੍ਹ ਦਾਸ ਦੋ ਚੇਲੇ, ਸੰਸਾਰੀ ਵਿਰਤ-ਵਿਹਾਰ ਤਿਆਗ ਕੇ, 'ਉਦਾਸੀ' ਬਣੇ; ਅਤੇ ਗੁਰਮਤਿ ਦਾ ਪ੍ਰਚਾਰ ਏਹਨਾਂ ਅਪਣੇ ਜੀਵਨ ਦਾ ਆਧਾਰ ਬਣਾਇਆ ।

ਇਨ੍ਹਾਂ ਵਿਚੋਂ ਬਾਵਾ ਸੇਵਾ ਦਾਸ ਪਾਸੋਂ ਨਾਮ ਦਾਨ ਤੇ ਪਾਹੁਲ ਪ੍ਰਾਪਤਿ ਕਰਕੇ–

(ੳ) ਭਗਵਾਨ ਦਾਸ, 'ਨਿਰਬਾਣ';

(ਅ) ਨਰਾਇਣ ਦਾਸ; (ੲ) ਰਾਮ ਚੇਰਾ,

(ਸ) ਗੁਰੀਆ ਸਾਹਿਬ 'ਨਿਰਬਾਣ'; ਤੇ

(ਹ) ਮੁਨੀ ਰਾਮ ਜੀ–ਪੰਜ ਪ੍ਰਾਨੀ ਗੁਰਸਿੱਖ-ਉਦਾਸੀ ਹੋਏ ।

ਅੱਗੋਂ ਬਾਬਾ ਨਰਾਇਣ ਦਾਸ ਜੀ ਦੀ ਨਾਦੀ ਪੀੜ੍ਹੀ ਇਸਤਰਾਂ ਜਾਰੀ ਰਹੀ:–

---

*ਇਸ ਸ਼ਬਦ ਦਾ ਅਖਰੀਂ ਅਰਥ ਹੈ, ਜਨਮ-ਮਰਨ ਦੀ ਬਾਣ ਤੋਂ ਰਹਿਤ; 'ਜੀਵਨ ਮੁਕਤਿ' । ਇਹ ਪਦਵੀ, ਸੰਮਤ ੧੮੪੦ ਬਿੱ: ਵਿੱਚ ਉਦਾਸੀਆਂ ਦੇ ਮੁਖੀ ਮਹਾਤਮਾਂ ਪ੍ਰੀਤਮ ਦਾਸ ਤੇ ਸੰਤੋਖ ਦਾਸ ਜੀ ਨੇ ਇਕ ਮਹਾਂ ਤਪਸ੍ਵੀ ਉਦਾਸੀ-ਸਾਧੂ ਬਣਖੰਡੀ ਜੀ ਦੇ ਨਾਲ ਵਿਚਾਰ ਕਰਕੇ, ਧਾਰਣ ਕੀਤੀ ਸੀ। ਓਦੋਂ ਤੋਂ ਹੀ ਉਨ੍ਹਾਂ ਦੇ ਚੇਲੇ ਪੜਚੇਲੇ ਧਾਰਨ ਕਰਦੇ ਆਏ ।

---



Digitized by Panjab Digital Library | www.panjabdigilib.org

੧੪੬.

(ੳ) ਭਾਈ ਨੰਦ ਦਾਸ ਜੇਠੇ ਚੇਲੇ;

(ਅ) „ ਨੰਦ ਦਾਸ ਦੇ ਭਗਵਾਨ ਦਾਸ 'ਨਿਰਬਾਣ';

(ੲ) „ ਭਗਵਾਨ ਦਾਸ ਦੇ ਭਗਤ ਰਾਮ;

(ਸ) „ ਭਗਤ ਰਾਮ ਦੇ ਕਰਣ ਦਾਸ ਤੇ ਸਜਾਮ ਦਾਸ ਦੋ ਚੇਲੇ 'ਉਦਾਸੀ' ਬ੍ਰਿਤੀ ਦੇ ਧਾਰਣੀ ਹੋਏ।

ਫਿਰ ਬਾਵਾ ਸਜਾਮ ਦਾਸ ਜੀ ਦੇ ਚੇਲੇ

(ੳ) ਭਾਈ ਗੋਪੀ ਰਾਮ ਜੀ ਹੋਏ; ਤਿਨ੍ਹਾਂ ਦੇ

(ਅ) ਭਾਈ ਸੋਭਾ ਰਾਮ

(ੲ) „ ਸੋਭਾ ਰਾਮ ਦੇ ਬਿਸ਼ਨ ਦਾਸ 'ਕਵੀ'।

ਬਾਬਾ ਸੇਵਾ ਦਾਸ ਜੀ ਦੇ ਤੀਜੇ ਸੇਵਕ ਬਾਵਾ ਰਾਮਚੇਰਾ ਜੀ ਦੀ ਲੜੀ ਅਗਾੜੀ ਇਉਂ ਚਲਦੀ ਆਈ:-

(ੳ) ਬਾਬਾ ਜੀ ਦੇ ਪਹਿਲੇ ਚੇਲੇ ਦੋ ਸਹਜ ਰਾਮ ਤੇ

(ੲ) ਰਾਮ ਦਿਤਾ ਜੀ ਉਦਾਸੀਨ ਧਾਰਨਾ ਵਾਲੇ ਹੋਏ। ਫਿਰ ਸਹਿਜ ਰਾਮ ਤੋਂ ਅੱਗੇ ਵੇਲ ਇਸ ਤਰ੍ਹਾਂ ਵਧੀ:-

(ੳ) ਬਾਵਾ ਸਹਿਜ ਰਾਮ ਦੇ ਚੇਲੇ ਪ੍ਰੇਮ ਦਾਸ;

(ਅ) ਪ੍ਰੇਮ ਦਾਸ ਦੇ ਭਗਤ ਰਾਮ, 'ਨਿਰਬਾਣ',

(ੲ) ਭਗਤ ਰਾਮ ਦੇ ਟਹਿਲ ਦਾਸ, 'ਨਿਰਬਾਣ' ਤੇ

(ਸ) ਹਰਿ ਪ੍ਰਕਾਸ਼ ਜੀ, ਦੋ ਸੇਵਕ 'ਉਦਾਸੀ' ਬਣੇ।

ਉਪਰੰਤ ਬਾਵਾ ਟਹਿਲ ਦਾਸ 'ਨਿਰਬਾਣ' ਤੋਂ ਟਹਿਣੀ ਇਸ ਤਰਾਂ ਫੁਟਦੀ ਆਈ:-

(ੳ) ਨਿਰਬਾਣ ਜੀ ਤੋਂ ਬਾਵਾ ਨਿਰਮਲ ਦਾਸ;

(ਅ) ਨਿਰਮਲ ਦਾਸ ਤੋਂ (੧) ਦਇਆ ਰਾਮ;(੨) ਮਸਤ ਰਾਮ; (੩) ਬ੍ਰਹਮ ਬਾਲਾ, (੪) ਗੁਰਮੁਖ ਦਾਸ ਤੇ (੫) ਮਾਧੋ ਰਾਮ. ਪੰਜ ਚੇਲੇ 'ਉਦਾਸੀ' ਸਾਧੂ ਬਣ ਕੇ, ਧਰਮ-ਪਰਚਾਰ ਹਿਤ ਵਿਚਰਦੇ ਰਹੇ।

ਇਨ੍ਹਾਂ ਵਿੱਚੋਂ ਬਾਵਾ ਦਇਆ ਰਾਮ ਜੀ ਪਾਸੋਂ ਗੁਰਮੰਤ੍ਰ ਤੇ ਚਰਨ-ਘਾਲ੍ ਲੈ ਕੇ, ਹਰਿ ਨਾਰਾਇਣ ਜੀ; ਤੇ ਉਨ੍ਹਾਂ ਤੋਂ ਵਿਸ਼ਨੂ ਨਾਰਾਇਣ ਜੀ ਵਿਰੋਸਾਏ।

ਅਤੇ ਬਾਵਾ ਮਸਤ ਰਾਮ ਜੀ ਦੀ ਸੇਵਾ ਕਰਕੇ ਗੁਰਮਤਿ ਦਾ ਮੇਵਾ ਮਨੋਹਰ ਦਾਸ 'ਸ੍ਵਾਮੀ' ਨੇ ਪ੍ਰਾਪਤਿ ਕੀਤਾ। ਅਰੁ ਬਾਬਾ ਬ੍ਰਹਮ

---

ਇ: ਪ: ੧੧.੨

Digitized by Panjab Digital Library | www.panjabdigilib.org

ਬਾਲਾ ਜੀ ਪਾਸੋਂ ਸੀਖਿਆ-ਦੀਖਿਆ ਤਿੰਨਾਂ ਪ੍ਰੇਮੀਆਂ–ਹਰੀਦਾਸ, ਭਗਵਾਨ ਦਾਸ 'ਨਿਰਬਾਣ' ਤੇ ਕ੍ਰਿਸ਼ਨ ਦਾਸ–ਨੇ ਗ੍ਰਹਣ ਕੀਤੀ।

ਅਗਾੜੀ ਬਾਬਾ ਭਗਵਾਨ ਦਾਸ 'ਨਿਰਬਾਣ' ਦੇ ਆਗਿਆਕਾਰੀ ਚੇਲੇ–(੧) ਜਮੁਨਾ ਦਾਸ, (੨) ਹਰਿਕ੍ਰਿਸ਼ਨ ਦਾਸ, (੩) ਜਵਾਹਰ ਦਾਸ, (੪) ਅਮਰ ਦਾਸ ਤੇ (੫) ਸ੍ਵਾਮੀ ਦਰਸ਼ਨਾ ਨੰਦ ਜੀ 'ਨਿਰਬਾਣ' ਉਦਾਸੀ ਵਿੱਦਿਤ ਹੋਏ।

ਅਗਾਹਾਂ ਸੰਤ ਜਮੁਨਾ ਦਾਸ 'ਨਿਰਬਾਣ' ਨੇ ਅਪਣੇ ਸੇਵਕ ਕੇਸਰ ਦਾਸ ਨੂੰ ਗੁਰਸਿੱਖ ਸਜਾਇਆ; ਅਰੁ ਨਿਰਬਾਣ ਹਰਿਕ੍ਰਿਸ਼ਨ ਦਾਸ ਜੀ ਨੇ ਰਾਮਦਾਸ ਤੇ ਚੇਤਨ ਦਾਸ ਨੂੰ 'ਨਿਰਬਾਣ' ਬਣਾਇਆ।

ਮਹਾਤਮਾ ਭਗਵਾਨ ਦਾਸ ਜੀ 'ਨਿਰਬਾਣ' ਪਾਸੋਂ ਗੁਰਮਤਿ ਗਾਡੀ-ਰਾਹ ਦਾ ਗਿਆਨ ਪ੍ਰਾਪਤਿ ਕਰਕੇ, ਸ੍ਵਾਮੀ ਹੰਸਦੇਵ, ਗਯਾਨੀ ਪ੍ਰੀਤਮ ਦਾਸ ਤੇ ਬਿਸ਼ਨ ਦਾਸ ਜੀ ਉਦਾਸ-ਬ੍ਰਿਤਿ ਧਾਰੀ ਸਾਧੂ ਹੋਏ। ਜਿਨ੍ਹਾਂ ਵਿਚੋਂ ਸ੍ਵਾਮੀ ਹੰਸ ਦੇਵ 'ਅਵਧੂਤ' ਬਿਰਤੀ ਵਿੱਚ ਬ੍ਰਹਮ ਗਿਆਨੀ ਹਨ; ਤੇ ਗੁਰਮਤਿ ਦਾ ਪ੍ਰਚਾਰ ਕਰਦੇ ਰਹਿੰਦੇ ਹਨ। ਗਜ਼ਾਨੀ ਪ੍ਰੀਤਮ ਦਾਸ ਜੀ ਗੁਰਮਤਿ ਦੇ ਬੜੇ ਖੋਜੀ ਵਿਦਵਾਨ ਹਨ; ਜੋ ਹਰਿਦੁਆਰ-ਰਿਖੀਕੇਸ਼ ਟਿਕਦੇ ਹਨ। ਅਤੇ ਬਾਵਾ ਬਿਸ਼ਨ ਦਾਸ ਜੀ ਭੀ ਨਿਰੰਕਾਰੀ-ਧਰਮ ਦਾ ਪ੍ਰਚਾਰ ਕਰਦੇ ਰਵੰਦੇ ਰਹਿੰਦੇ ਨਿ॥

ਸ੍ਰੀ ਨਿਰਬਾਣ ਭਗਵਾਨ ਦਾਸ ਜੀ ਦੇ ਗੁਰਭਾਈ ਬਾਵਾ ਦਰਸ਼ਨਾਂ ਨੰਦ ਪਾਸੋਂ ਗੁਰਮਤਿ-ਦਾਨ ਲੈਕੇ, ਸ੍ਵਾਮੀ ਵਾਸੁਦੇਵ ਜੀ ਵਿਰੋਸਾਏ; ਅਰੁ ਬਾਵਾ ਕਿਸ਼ਨ ਦਾਸ ਪਾਸੋਂ ਗੁਰ-ਸਿੱਖਜਾ ਗ੍ਰਹਿਣ ਕਰਕੇ, ਕਾਨ੍ਹ ਦਾਸ ਜੀ। ਨਿਰਬਾਣ ਟਹਿਲ ਦਾਸ ਜੀ ਦੇ ਜੇਠੇ ਚੇਲੇ ਬਾਵਾ ਨਿਰਮਲ ਦਾਸ ਦੀ ਸੇਵਾ ਕਰਕੇ, ਗੁਰਮੁਖ ਦਾਸ ਜੀ ਨਿਰੰਕਾਰੀ ਧਰਮ ਧਾਰੀ ਹੋਏ; ਤੇ ਉਨ੍ਹਾਂ ਨੇ ਅਗਾਹਾਂ ਗੋਪਾਲ ਦਾਸ ਜੀ ਨੂੰ ਗੁਰਮਤਿ ਦਾ ਰੰਗ ਚਾੜ੍ਹਿਆ।

ਬਾਬਾ ਨਿਰਮਲ ਦਾਸ ਜੀ ਦੇ ਪੰਜਵੇਂ ਚੇਲੇ ਮਾਧੋ ਦਾਸ ਨੇ, ਅਪਣੇ ਸੇਵਕ ਚਤੁਰ ਦਾਸ ਦੀ ਸੇਵਾ ਪੁਰ ਰੀਝ ਕੇ ਨਾਮ-ਦਾਨ ਬਖਸ਼ਿਆ।

ਬਾਬਾ ਸਹਿਜ ਰਾਮ ਜੀ ਦੇ ਪੋਤ੍ਰੇ-ਚੇਲੇ, ਭਗਤ ਰਾਮ 'ਨਿਰਬਾਣ' ਦੇ ਦੂਜੇ ਸੇਵਕ ਸਨ ਹਰਿ ਪ੍ਰਕਾਸ਼ ਜੀ। ਉਨ੍ਹਾਂ ਦੀ ਪੀੜ੍ਹੀ ਅਗੋਂ ਐਉਂ

---

ਇ: ਪ: ੧੧੩.

Digitized by Panjab Digital Library | www.panjabdigilib.org

੧੪੮.
ਚਲੀ:—ਆਪਦੀ ਸੇਵਾ ਕਰਕੇ ਗੋਪਾਲ ਦਾਸ ਨੇ ਨਾਮ-ਦਾਨ ਪਾਇਆ; ਉਨ੍ਹਾਂ ਨੇ ਪਰਮਾਨੰਦ ਜੀ ਨੂੰ ਗੁਰਸਿੱਖ ਸਜਾਇਆ । ਅਰੁ ਪਰਮਾਨੰਦ ਜੀ ਨੇ ਸਦਾਨੰਦ ਤੇ ਵਿਸ਼ੁੱਧਾ ਨੰਦ ਦੋ ਸੇਵਕਾਂ ਨੂੰ ਗੁਰ ਨਾਨਕ ਦੇਵ ਦੇ ਚਰਨਾਂ ਨਾਲ ਨੇਹੁ ਲਵਾਇਆ ॥

ਬਾਬਾ ਬਾਲੂ 'ਹੱਸਣਾ' ਜੀ ਦੇ ਪੋਤ੍ਰੇ ਚੇਲੇ ਦਿਆਲ ਦਾਸ 'ਨਿਰਬਾਣ' ਦੀ ਸ਼ਾਖ ਵਿੱਚ ਚੌਥੇ ਥਾਂ ਬਾਵਾ ਸੇਵਾ ਦਾਸ ਜੀ ਹੋਏ; ਤੇ ਉਨ੍ਹਾਂ ਦੇ ਚੌਥੇ ਸੇਵਕ ਗੁਰੀਆ ਸਾਹਿਬ ਨਿਰਬਾਣ ਜੀ ਪਾਸੋਂ ਨਾਮਦਾਨ ਲੈਕੇ, ਸੁਲੱਖਣਾ ਦਾਸ ਤੇ ਕਮਲ ਸਾਹਿਬ ਦੋ ਪ੍ਰਾਨੀ ਵਿਰੋਸਾਏ । ਅਗਾਹਾਂ ਉਨ੍ਹਾਂ ਦੀ ਵੇਲ ਇਸ ਪ੍ਰਕਾਰ ਵਧਦੀ ਆਈ:—

(ੳ) ਨਿਰਬਾਣ ਜੀ ਪਾਸੋਂ ਸੁਲੱਖਣਾ ਦਾਸ;
(ਅ) ਸੁਲੱਖਣਾ ਦਾਸ ਪਾਸੋਂ ਹਜ਼ੂਰੀ ਦਾਸ;
(ੲ) ਹਜ਼ੂਰੀ ਦਾਸ ਪਾਸਹੁੰ ਸੁਖਨ ਦਾਸ;
(ਸ) ਸੁਖਨ ਦਾਸ ਕੋਲੋਂ ਗੁਰਦਿਆਲ ਦਾਸ;
(ਹ) ਗੁਰਦਿਆਲ ਜੀ ਤੋਂ ਰਾਮਦਾਸ;
(ਕ) ਰਾਮਦਾਸ ਜੀ ਪਾਸੋਂ ਮਹਿਤਾਬ ਦਾਸ; ਤੇ
(ਖ) ਮਹਿਤਾਬ ਦਾਸ ਪਾਸਹੁੰ ਗੁਰ-ਦੀਖਿਆ ਗ੍ਰਹਿਣ ਕਰਕੇ, ਬਿਸ਼ਨ ਦਾਸ ਜੀ ਗੁਰ-ਸਿੱਖ ਬਣੇ । ਜਿਨ੍ਹਾਂ ਨੇ ਸਿੱਖਾਂ ਵਿਚ ਇਕ ਨਵੀਂ ਸੰਪ੍ਰਦਾਇ 'ਗਹਿਰ ਗੰਭੀਰ ਮਤਿ' ਖੜੀ ਕਰਨ ਦਾ ਜਤਨ ਕੀਤਾ ! ਅਪਣਾ ਆਸ਼੍ਰਮ ਸਿਰੰਦ ਦੇ ਖੋਲ੍ਹਿਆਂ ਵਿਚ ਕਾਬਲੀ ਪਠਾਣਾਂ ਦੇ ਮਕਬਰਿਆਂ ਪਾਸ ਬਣਾਇਆ । ਅਪਣੇ 'ਮਤਿ' ਦੇ ਪ੍ਰਚਾਰ ਵਾਸਤੇ ਰੋਪੜ ਸ਼ਹਿਰ ਵਿੱਚ 'ਗਹਿਰ ਗੰਭੀਰ ਪ੍ਰੈਸ' ਲਾਕੇ 'ਗਹਿਰ ਗੰਭੀਰ ਗਜ਼ਟ' ਮਾਸਕ ਪੱਤ੍ਰ ਜਾਰੀ ਕੀਤਾ । ਇਹ ਬਾਵਾ ਜੀ, 'ਸਾਧੁ ਬੇਲਾ'—ਸੱਖਰ ਦੇ ਮਹੰਤਾਂ ਵਾਂਙੂ, ਅੰਮ੍ਰਿਤਧਾਰੀ ਸਿੰਘਾਂ ਦੇ ਕੱਟੜ ਵਿਰੋਧੀ, ਬੜੇ ਭੇੜੂ ਤੇ ਗਾਲੜੂ ਉਦਾਸੀ ਹੋਏ ਹਨ । ਇਨ੍ਹਾਂ ਦਾ ਦੇਹਾਂਤ ਪਾਕਿਸਤਾਨੀ ਘੱਲੂਘਾਰੇ ਤੋਂ ਥੋੜਾ ਕੁ ਸਮਾ ਪਹਿਲਾਂ ਹੋਇਆ ਹੈ । ਇਨ੍ਹਾਂ ਦੇ ਨਾਲ ਹੀ 'ਆਸ਼੍ਰਮ' ਤੇ 'ਮਤਿ' ਆਦਿ ਸਾਰੇ, ਲੰਮੀ ਨੀਂਦਰੇ ਸੌਂ ਗਏ ਹਨ ॥

ਬਾਬਾ ਗੁਰੀਆ ਸਾਹਿਬ ਦੇ ਦੂਜੇ ਸੇਵਕ ਬਾਬਾ ਕਮਲ ਸਾਹਿਬ ਬੜੀ ਕਠਨ ਸਾਧਨਾ ਕਰਨ ਵਾਲੇ* ਧਰਮ-ਉਪਦੇਸ਼ਕ ਹੋਏ ਹਨ । ਉਨ੍ਹਾਂ

---

ਇ: ਪ: ੧੧੪.

Digitized by Panjab Digital Library | www.panjabdigilib.org

ਦੀ ਕਰਾਮਤ ਇਹ ਦੱਸੀ ਜਾਂਦੀ ਹੈ; ਕਿ ਉਹ ਕਮਲ ਫੁੱਲ ਤੇ ਆਸਣ ਜਮਾ ਕੇ ਸਮਾਧਿ-ਸਿਥਿਤ ਹੁੰਦੇ ਸਨ। ਇਸੇ ਕਰਕੇ ਉਨ੍ਹਾਂ ਦਾ ਇਹ ਨਾਮ ਪੈ ਗਿਆ। ਇਨ੍ਹਾਂ ਦੀ ਸੇਵਾ ਕਰਕੇ, ਬਾਵਾ ਖਿਆਲੀ ਸਾਹਿਬ ਨੇ ਗੁਰੂ ਬਾਬਾ ਨਾਨਕ ਵਾਲੀ ਉਦਾਸ ਵਿਰਤੀ ਧਾਰਣ ਕੀਤੀ॥

# ਇਸ ਪੱਧਤੀ ਦੇ ਪ੍ਰਗਟਾਏ ਗੁਰਧਾਮ

## ਪੈਪਸੂ-ਸੂਬੇ ਵਿਚ:-

**(੧) ਕੋਟ ਫੱਤਾ** ਇਹ ਪਿੰਡ 'ਪੰਜਾਬ ਰਜਵਾੜਾ ਸੰਘ' (P. E. P. S. U.) ਦੇ ਗੋਬਿੰਦ ਗੜ੍ਹ ਥਾਣੇ ਵਿੱਚ, ਦਿੱਲੀ-ਫੀਰੋਜ਼ਪੁਰ ਰੇਲਵੇ ਲਾਈਨ ਪੁਰ ਸਟੇਸ਼ਨ ਹੈ। ਪਿੰਡ ਰੇਲਵੇ ਲਾਈਨ ਤੋਂ (ਦਿੱਲੀ ਵਲਿ ਜਾਈਏ ਤਾਂ) ਸੱਜੇ ਹੱਥ ਕੁੱਝ ਹਟਵਾਂ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਸੰਮਤ ੧੭੬੩ ਵਿੱਚ ਜਦੋਂ ਛੀ ਕੁ ਮਹੀਨੇ ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਵਿਰਾਜੇ; ਤਾਂ ਇਕੇਰਾਂ ਭਾਈ ਕੇ ਚੱਕੀਂ ਪਧਾਰੇ। ਰਾਹ ਵਿੱਚ ਇਸ ਪਿੰਡ ਭੀ ਚਰਨ ਪਾਏ। 'ਬਾਲੂ ਹੱਸਣੀਏ' ਉਦਾਸੀ ਸਾਧੂਆਂ ਦੀ ਜਮਾਤ ਉਸ ਸਮੇ ਸੇਵਾ ਵਿਚ ਹਾਜ਼ਰ ਰਹਿੰਦੀ ਸੀ। ਮਗਰੋਂ ਇਸੇ ਪੱਧਤੀ ਦੇ ਸਾਧੂਆਂ ਵਿਚੋਂ ਇਕ ਸੰਤ ਜੋ ਬਾਬਾ ਜਾਦੋ ਰਾਇ ਦੀ ਸ਼ਾਖ ਵਿੱਚੋਂ ਸੀ; ਇਸ ਪਿੰਡ ਟਿਕ ਗਿਆ। ਉਸੇ ਨੇ ਸਾਹਿਬਾਂ ਦੇ ਚਰਨਾਂ ਦੀ ਛੁਹ ਨਾਲ ਪਾਵਨ ਹੋਈ ਧਰਤੀ ਦਾ ਨਿਸ਼ਾਨ ਦਿੱਤਾ। ਸਿੱਖ-ਰਾਜ ਸਥਾਪਨ ਹੋਣ ਪੁਰ ਇਸ ਥਾਂ ਚੰਗਾ ਗੁਰ-ਸਥਾਨ ਬਣ ਗਿਆ ਤੇ ਜਾਗੀਰ ਨਾਮ ਲੱਗ ਗਈ। ਏਥੋਂ ਦੇ ਸੇਵਕਾਂ (ਮਹੰਤਾਂ) ਦੀ ਲੜੀ ਤਰਤੀਬਵਾਰ ਇੱਦ ਚਲੀ ਆਈ ਹੈ:-ਬਾਵਾ ਜਾਦੋ ਰਾਇ, ਸ਼ਾਹ ਜੀ, ਊਧੋ ਰਾਮ, ਗੁਲਾਬ ਦਾਸ, ਨਾਨੂ ਸਾਹਿਬ, ਨਿਰਦੰਗ ਸਾਹਿਬ, ਮੁਕਤਾ ਰਾਮ, ਬ੍ਰਹਮ ਦਾਸ, ਵਸਾਊ ਦਾਸ, ਚਰਣ ਦਾਸ, ਸੁੰਦਰ ਦਾਸ ਤੇ ਨਿਰਬਾਣ ਹੰਸ ਰਾਜ ਜੀ।

---

ਇ: ਪ: ੧੧੫.

Digitized by Panjab Digital Library | www.panjabdigilib.org

੧੫੦.
ਇਸ ਅਸਥਾਨ ਦੇ ਪ੍ਰਬੰਧਕਾਂ ਨੇ ਉਦਮ ਕਰਕੇ ਉਦਾਲੇ ਪਦਾਲੇ ਭੀ ਬਹੁਤ ਸਾਰੇ ਨਗਰਾਂ ਵਿਚ ਗੁਰੂ ਸਾਹਿਬਾਂ ਦੀਆਂ ਯਾਦਗਾਰਾਂ ਕਾਇਮ ਕੀਤੀਆਂ ਤੇ ਸੇਵਾਦਾਰ ਟਿਕਾਏ ਹਨ। ਜਿਹਾ ਕਿ:–

(੨) ਫੱਤੇ ਦਾ ਕੋਟ। ਏਥੇ 'ਕੋਟ ਫੱਤੇ' ਦੇ ਮਹੰਤ ਬਾਵਾ ਵਸਾਊ ਦਾਸ ਜੀ 'ਖੜੇਸਰੀ' ਨੇ ਅਪਣੇ ਸੇਵਕ ਪ੍ਰੀਤਮ ਦਾਸ ਨੂੰ ਸੇਵਾ ਬਖ਼ਸ਼ ਕੇ ਗੁਰ ਅਸਥਾਨ ਕਾਇਮ ਕਰਾਇਆ। ਉਪ੍ਰੰਤ ਉਨ੍ਹਾਂ ਦੇ ਨੀਯਤ ਕੀਤੇ ਸੇਵਕ ਬਾਵਾ ਹੀਰਾ ਦਾਸ ਤੇ ਉਤਮ ਦਾਸ ਸੇਵਾ-ਪ੍ਰਬੰਧ ਕਰਦੇ ਆਏ। ਹੋਰ ਅਸਥਾਨ ਧੌਲ ਖੇੜੀ, ਰਾਜ ਪਟਿਆਲਾ, ਕੌਣੀ, ਧੂੜਕੋਟ ਆਦਿ ਜ਼ਿਲਾ ਫ਼ੀਰੋਜ਼ਪੁਰ, ਤੇ ਸ਼ਹਰ ਅੰਮ੍ਰਿਤਸਰ ਅੰਦਰਿ ਹਨ॥

(੩) ਧਨੌਲਾ। ਬਾਬਾ ਬਾਲੂ 'ਹੱਸਣਾਂ' ਜੀ ਦੇ ਸੇਵਕ ਸੰਤ-ਕਵੀ ਜਾਦੋਰਾਇ ਪਾਸੋਂ ਵਿਰੋਸਾਏ ਸਾਧੂਆਂ ਵਿੱਚ ਸੱਤਵੇਂ ਥਾਂ ਬਾਬਾ ਬ੍ਰਹਮ ਧਯਾਨ ਜੀ ਹੋਏ ਹਨ। ਉਨ੍ਹਾਂ ਨੇ ਇਸ ਨਗਰ ਵਿੱਚ ਵਿਰਾਜ ਕੇ ਸਿੱਖ-ਧਰਮ ਦਾ ਪ੍ਰਚਾਰ ਅਰੰਭਿਆ। ਇਸ ਨਗਰ ਦਾ ਪਉਣ-ਪਾਣੀ ਬੜਾ ਸਿਹਤਮੰਦ ਤੇ ਸੁਹਾਵਣਾ ਹੈ। ਇਸ ਧਰਤੀ ਵਿੱਚ ਚੰਗੇ ਕੱਦ-ਕਾਠ ਵਾਲੇ ਸੂਰਬੀਰ ਪੈਦਾ ਹੁੰਦੇ ਹਨ; ਇਸ ਲਈ ਰਿਆਸਤ ਨਾਭਾ ਦੇ ਰਾਜੇ ਇਸ ਨਗਰ ਦਾ ਜਲ ਬਹੁਤ ਪਸੰਦ ਕਰਦੇ ਨਿ। ਮਹਾਰਾਜਾ ਹੀਰਾ ਸਿੰਘ ਸਦਾ ਇਸੇ ਧਰਤੀ ਦਾ ਜਲ ਵਰਤਿਆ ਕਰਦਾ ਸੀ। ਸੰਤ ਬ੍ਰਹਮ ਧਿਆਨ ਨੂੰ ਏਥੋਂ ਦੇ ਗਭਰੂਆਂ ਵਿੱਚ ਸਿੱਖ-ਧਰਮ ਦਾ ਪ੍ਰਚਾਰ ਕਰਦਿਆਂ ਵੇਖ ਕੇ. ਸੰਮਤ ੧੯੮੨ ਬਿੱ: ਵਿੱਚ, ਰਾਜਾ ਜਸਵੰਤ ਸਿੰਘ ਨੇ ਸਹਾਇਤਾ ਦੇਕੇ ਆਸ਼੍ਰਮ (ਅਸਥਾਨ) ਬਣਵਾਇਆ। ਅਰੁ ਬ੍ਰਹਮ ਧਯਾਨ ਜੀ ਤੋਂ ਬੱਦ ਸੰਤ ਸਨਮੁਖ ਦਾਸ, ਸੁੰਦਰ ਦਾਸ ਤੇ ਖਜ਼ਾਨ ਦਾਸ ਇਸ ਧਰਮ-ਸਥਾਨ ਦਾ ਪ੍ਰਬੰਧ ਤੇ ਨਿਰੰਕਾਰੀ ਧਰਮ ਦਾ ਪ੍ਰਚਾਰ ਕਰਦੇ ਆਏ ਹਨ।

(੪) ਲੌਂਗੋਵਾਲ। ਇਹ ਨਗਰ ਸੁਨਾਮ ਸ਼ਹਿਰ ਤੋਂ ਪੱਛਿਮੋਤਰ ਅੱਠ ਨੌਂ ਕੁ ਮੀਲ ਦੀ ਵਿੱਥ ਤੇ ਪੁਰਾਣਾ ਵੱਸਿਆ ਹੋਇਆ ਹੈ।

---



Digitized by Panjab Digital Library | www.panjabdigilib.org

੧੫੧.
ਸਤਿਗੁਰ ਨਾਨਕ, ਸ੍ਰੀ ਗੁਰੂ ਹਰਿਗੋਬਿੰਦ ਤੇ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਦੇ ਚਰਨਾਂ ਦੀ ਛੁਹ ਇਸ ਧਰਤੀ ਨੂੰ ਪ੍ਰਾਪਤਿ ਹੋਈ ਹੈ। ਉਨ੍ਹਾਂ ਦੀ ਹੀ ਯਾਦਗਾਰ ਕਾਇਮ ਰਖਣ ਵਾਸਤੇ, ਬਾਬਾ ਬਾਲੂ 'ਹੱਸਣਾ' ਦੀ ਪੱਧਤੀ ਵਿੱਚੋਂ ਸੰਤ-ਕਵੀ ਜਾਦੋਰਾਇ ਦੇ ਪੋਤ੍ਰੇ-ਚੇਲੇ ਗੰਗਾ ਰਾਮ ਜੀ ਹੋਏ ਹਨ। ਉਨ੍ਹਾਂ ਦੇ ਚੇਲੇ ਬਾਬਾ ਜਿਉਣ ਦਾਸ ਨੇ, ਅਪਣੇ ਪਿਆਰੇ ਸੇਵਕ ਭਾਈ ਮਨਸਾ ਰਾਮ ਨੂੰ ਇਸ ਨੱਗਰ ਵਿੱਚ, ਸਤਿਗੁਰਾਂ ਦੀ ਯਾਦਗਾਰ ਕਾਇਮ ਕਰਨ ਵਾਸਤੇ ਭੇਜਿਆ। ਆਪ ਨੇ ਪਟਿਆਲਾਪਤਿ ਮਹਾਰਾਜਾ ਕਰਮ ਸਿੰਘ ਤੇ ਨੱਗਰ ਨਿਵਾਸੀਆਂ ਦੀ ਸਹਾਇਤਾ ਨਾਲ ਸੰਮਤ ੧੮੮੦ ਵਿਚ ਇਹ ਧਰਮ-ਅਸਥਾਨ ਕਾਇਮ ਕੀਤਾ। ਗੁਰਬਾਣੀ ਦਾ ਪਾਠ, ਕਥਾ ਤੇ ਧਰਮ ਪ੍ਰਚਾਰ ਦਾ ਜੱਗ ਏਥੇ ਜਾਰੀ ਕਰ ਦਿੱਤਾ। ਬੱਾਦਾਂ ਇਸੇ ਸ਼ੁਭ ਉੱਦਮ ਨੂੰ, ਸੰਤ ਹਰਿਦਜ਼ਾਲ, ਨਰੈਣਦਾਸ, ਘੁਮੰਡੀ ਦਾਸ, ਮਸਤ ਰਾਮ, ਗੁਪਾਲਦਾਸ, ਤੇ ਰਤਨ ਦਾਸ ਜੀ ਨੇ ਜਾਰੀ ਰਖਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਿੱਤ ਪ੍ਰਕਾਸ਼ ਤੇ ਕਥਾ ਕੀਰਤਨ ਉਸੇ ਤਰਾਂ ਹੁਣ ਤੱਕ ਹੁੰਦਾ ਹੈ।

(੫) ਜੰਡਾਂ ਵਾਲਾ ਟੋਭਾ | ਜਿਲਾ ਬਰਨਾਲਾ ਵਿਖੇ ਇਹ ਇਕ ਛੋਟਾ ਜਿਹਾ ਪਿੰਡ ਹੈ। ਇਸ ਪੱਧਤੀ ਦੇ ਸੰਤ-ਕਵੀ ਜਾਦੋਰਾਇ ਦੇ ਸੇਵਕਾਂ ਨੇ ਹੀ ਏਥੇ ਧਰਮਸਾਲਾ (ਗੁਰਦੁਆਰਾ) ਕਾਇਮ ਕੀਤੀ ਹੈ। ਜਿਨਾਂ ਦੀ ਪੀੜ੍ਹੀ ਇਸ ਤਰਾਂ ਹੈ—ਜਾਦੋ ਰਾਇ ਦੇ ਸੇਵਕ ਸ਼ਾਹ ਜੀ ਤੇ ਅੱਗੇ ਵਾਰੋਵਾਰੀ ਉਦੇ ਰਾਇ, ਗੁਲਾਬਦਾਸ, ਨਾਨੂ ਜੀ, ਨਿਰਦੁੰਦ ਦਾਸ, ਮੁਕਤਰਾਮ, ਬ੍ਰਹਮ ਦਾਸ, ਵਸਾਊ ਦਾਸ, ਚਰਨ ਦਾਸ, ਆਤਮਾ ਰਾਮ, ਹਰੀ ਦਾਸ ਤੇ ਜਵਾਹਰ ਦਾਸ ਜੀ।

(੬) ਖਨੌੜਾ ਖਿਆਲੀ ਦਾ | ਬਾਬਾ ਬਾਲੂ 'ਹੱਸਣਾ' ਜੀ ਦੇ ਸੇਵਕ ਪੂਰਨ ਦਾਸ ਜੀ ਦੀ ਸ੍ਰੇਣੀ ਵਿਚ ਕਈ ਬੜੇ ਤਪਸਵੀ ਤੇ ਸਿੱਧ ਮਹਾਤਮਾ ਹੋਏ ਹਨ। ਜਿਨ੍ਹਾਂ ਦੇ ਤਰਤੀਬਵਾਰ ਨਾਮ ਇਹ ਹਨ। ਸੰਤ ਦਿਆਲ ਦਾਸ 'ਨਿਰਬਾਣ', ਮਾਨ ਦਾਸ, ਸੇਵਾ ਦਾਸ, ਸੀਤਲ ਦਾਸ ਤੇ ਬਾਬਾ ਖਿਆਲੀ ਸਾਹਿਬ ਜੀ। ਬਾਬਾ ਖਿਆਲੀ ਜੀ ਬੜੇ ਤਿਆਗੀ ਤੇ ਨਾਮ

---

ਇ: ਪ: ੧੧੭.

Digitized by Panjab Digital Library | www.panjabdigilib.org

ਸਿਮਰਨ ਵਿਚ ਮਗਨ ਰਹਿਣ ਵਾਲੇ ਸਾਧੂ ਸਨ। ਇਹ ਇਸ ਪਿੰਡ ਵਾਲੀ ਥਾਂ,-ਜੋ ਰਿਆਸਤ ਨਾਭਾ ਦੇ ਮਸ਼ਹੂਰ ਨਗਰ ਭਾਦਸੋਂ ਤੋਂ ਪੱਛਮੋਤਰ ਚਾਰ ਕੁ ਮੀਲ ਹੈ-ਜੰਗਲ ਵਿਚ ਨਾਮ ਸਿਮਰਨ ਵਿਚ ਮਗਨ ਹੋ ਕੇ ਬਹਿ ਰਹੇ। ਉਦਾਲੇ ਪਦਾਲੇ ਦੇ ਨਗਰ-ਨਿਵਾਸੀ ਸੇਵਾ ਕਰਨ ਲੱਗ ਪਏ। ਸਹਿਜੇ ੨ ਰੌਣਕਾਂ ਵਧ ਗਈਆਂ। ਜਿਨ੍ਹਾਂ ਲੋਕਾਂ ਦੀਆਂ ਜ਼ਮੀਨਾਂ ਨੇੜ ਲਗਦੀਆਂ ਸਨ, ਉਨ੍ਹਾਂ ਏਸੇ ਧਰਮ ਪੁਰੀ ਵਿਚ ਛੱਨਾ-ਛੱਪਰ ਤੇ ਖੱਨ-ਕੋਠੇ ਪਾ ਕੇ ਵੱਸਣਾ ਸ਼ੁਰੂ ਕਰ ਦਿਤਾ। ਇਸ ਵਸਤੀ ਦਾ ਨਾਮ ਹੀ 'ਖਿਆਲੀ ਦਾ ਖਨੌੜਾ' (ਕੋਠਾ) ਪ੍ਰਸਿੱਧ ਹੋ ਗਿਆ। ਬਾਬਾ ਜੀ ਦੇ ਆਸਣ ਵਾਲੀ ਥਾਂ 'ਧਰਮ ਸਾਲ' ਬਣ ਗਈ। ਮਗਰੋਂ ਇਸ ਧਰਮ-ਸਾਲ ਦੇ ਸੇਵਕ ਤੇ ਪ੍ਰਬੰਧਕ (ਮਹੰਤ) ਸੰਤ ਕਮਲਾ ਜੀ, ਹਰਦਾਸ, ਬ੍ਰਹਮ ਸਰੂਪ ਜੀ, ਜੋਗ ਧਿਆਨ ਜੀ, ਕਰਨ ਦਾਸ ਤੇ ਸੁੰਦਰ ਦਾਸ ਜੀ ਬਣਦੇ ਆਏ ਹਨ ॥

(੭) ਭੂਦਨ | ਪਿੰਡ ਰਿਆਸਤ ਮਲੇਰ ਕੋਟਲੇ ਵਿਚ ਸੀ; ਜੋ ਹੁਣ ਪੈਪਸੂ ਨਾਲ ਸ਼ਾਮਿਲ ਹੋ ਚੁੱਕਾ ਹੈ। ਇਸ ਗਿਰਾਂ ਵਿੱਚ ਧਰਮ ਸਾਲ ਕਾਇਮ ਕਰਨ ਵਾਲੇ ਸਾਧੂ, ਬਾਬਾ ਬਾਲੂ ਹੱਸਣਾਂ ਜੀ ਪਾਸੋਂ ਵਿਰੋਸਾਏ, ਬਾਬਾ ਰੂੜ੍ਹ ਦਾਸ ਜੀ ਦੀ ਰਤਨਮਾਲ ਦੇ ਲਾਲ ਹਨ। ਅਰੁ ਜੱਸੋਵਾਲ (ਜ਼ਿਲਾ ਲੁਧਿਆਣਾ) ਦੀ ਧਰਮਸਾਲ ਦੇ ਪ੍ਰਬੰਧਕ ਸੰਤਾਂ ਵਿਚੋਂ ਆਏ ਹੋਏ ਹਨ। ਇਸ ਪੱਧਤੀ ਦੇ ਸਾਧੂ ਬੜੇ ਗੁਰਮੁਖ ਵਿੱਦਵਾਨ ਤੇ ਨਿਰੰਕਾਰੀ ਧਰਮ ਦੇ ਉੱਦਮੀ ਪ੍ਰਚਾਰਕ ਹੋਏ ਹਨ। ਜਿਨ੍ਹਾਂ ਦਾ ਸਿਲਸਿਲਾ ਇਸ ਤਰਤੀਬ ਨਾਲ, ਬਾਬਾ ਬਾਲੂ 'ਹੱਸਣਾ' ਜੀ ਤੱਕ ਅੱਪੜ ਦਾ ਹੈ:-

੧-ਬਾਬਾ ਬਾਲੂ 'ਹੱਸਣਾ' ਜੀ,
੨- ,, ਪੂਰਣ ਦਾਸ ਜੀ,
੩- ,, ਦਿਆਲ ਦਾਸ ਜੀ,
੪- ,, ਮਾਨ ਦਾਸ ਜੀ,
੫- ,, ਰੂੜ੍ਹ ਮੱਲ ਜੀ,
੬- ,, ਲੱਧਾ ਮੱਲ ਜੀ,
੭- ,, ਬੁੱਧ ਮੱਲ ਜੀ,
੮- ,, ਸੰਤ ਪ੍ਰਸਾਦਿ ਜੀ,

---

ਇ: ਪ: ੧੧੮.

Digitized by Panjab Digital Library | www.panjabdigilib.org

੯–ਬਾਬਾ ਸਾਹਿਬ ਦਾਸ ਜੀ,
੧੦– ,, ਸੰਤਰੇਣ ਜੀ,
੧੧– ,, ਰਾਮਸਰਨ ਜੀ,
੧੨– ,, ਮਦਨ ਗੋਪਾਲ ਜੀ,
੧੩–ਸੰਤ ਮੁਕਤਿ ਰਾਮ ਜੀ।

ਇਸ ਗੁਰਮੁਖ ਹੰਸ-ਮਾਲ ਵਿਚੋਂ ਬਾਬਾ ਰੂੜ੍ਹ ਮੱਲ ਜੀ ਨੇ ਪਿੰਡ ਗੁੱਜਰਵਾਲ (ਜ਼ਿਲਾ-ਤਸੀਲ ਲੁਦੇਹਾਣਾ) ਵਿੱਚ ਛੇਵੇਂ ਪਾਤਿਸ਼ਾਹ ਦੇ ਯਾਦਗਾਰੀ ਅਸਥਾਨ ਦਾ ਨਿਸ਼ਾਨ ਲੱਭ ਕੇ ਗੁਰਦੁਆਰਾ ਕਾਇਮ ਕੀਤਾ; ਜੋ ਹੁਣ ਪੰਥਕ ਪਰਬੰਧ ਵਿੱਚ ਹੈ। ਬਾਬਾ ਜੀ ਦੀ ਸਮਾਧ ਬੀ ਉਸੇ ਗੁਰਧਾਮ ਵਿੱਚ ਹੈ।

ਬਾਬਾ ਲੱਧਾ ਮੱਲ ਜੀ ਨੇ ਜਿਲਾ ਤਸੀਲ ਲੁਦੇਹਾਣਾ ਦੇ ਪਿੰਡ ਰਾਇ ਪੁਰ ਵਿਖੇ ਧਰਮਸਾਲ ਬੱਧੀ ਤੇ ਓਥੇ ਹੀ ਸਰੀਰ ਤਿਆਗਿਆ।

ਬਾਬਾ ਬੁੱਧ ਮਲ ਸਾਹਿਬ ਨੇ ਇਸੇ ਤਸੀਲ ਦੇ ਜੱਸੋਵਾਲ (ਰੇ: ਸਟੇਸ਼ਨ) ਨੱਗਰ ਵਿਰਾਜ ਕੇ ਗੁਰਮਤਿ ਦਾ ਚੰਨਣ ਬ੍ਰਿਛ ਲਾਇਆ; ਜਿਸ ਦੀ ਸੁਗੰਧੀ ਨਾਲ ਸਾਰਾ ਪਚੱਧ ਮਹਿਕਾਂ ਮਾਰ ਉਠਿਆ। ਇਨ੍ਹਾਂ ਦਾ ਸਰੀਰ ਸੱਤਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਦੇ ਦਰਸ਼ਨ-ਪਰਸਨ ਤੇ ਸੇਵਾ ਕਰਕੇ ਸਕਾਰਥਾ ਹੋਇਆ। ਸਾਹਿਬਾਂ ਸੁਪ੍ਰਸੱਨ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ, ਨਿਸ਼ਾਨ ਸਾਹਿਬ ਤੇ ਨਗਾਰਾ ਪ੍ਰਦਾਨ ਕੀਤਾ।

ਬਾਬਾ ਸੰਤ ਪ੍ਰਸ਼ਾਦਿ ਜੀ ਨੇ ਗੁਰ-ਸੰਤ ਜੀ ਦੀ ਅ ਗਿਆ ਨਾਲ ਭੂਦਨ ਨਗਰ ਵਿਖੇ ਧਰਮਸਾਲ ਕਾਇਮ ਕਰਕੇ, ਸਤਿਗੁਰ ਨਾਨਕ ਦੇ ਹੁਕਮ ਦੀ ਪਾਲਣਾ ਕੀਤੀ।

ਸੰਤ ਸਾਹਿਬ ਦਾਸ ਜੀ ਨੇ, ਅਲਾਲ ਰੇ: ਸਟੇਸ਼ਨ ਲਾਗਲੇ ਨਗਰ 'ਹੇੜੀ ਕੇ' ਵਿਚ ਜੱਟਾਂ ਦੇ ਘਰਿ ਜਨਮ ਧਾਰਿਆ। ਬਾਬਾ ਸੰਤ ਪ੍ਰਸ਼ਾਦਿ ਸਾਹਿਬ ਪਾਸੋਂ ਗੁਰਮੰਤ੍ਰ ਤੇ ਸੀਖਯਾ-ਦੀਖਯਾ ਪ੍ਰਾਪਤਿ ਕਰਕੇ, ਏਥੇ ਹੀ ਧਰਮਸਾਲ ਵਿਚ ਸੇਵ ਕਮਾਈ ਤੇ ਮਹੰਤੀ ਪਾਈ।

ਕਵਿ ਮਹੇਂਦ੍ਰ ਬਾਬਾ ਸੰਤਰੇਣੁ ਜੀ ਨੇ ਸੰਮਤ ਸਤਾਰਾਂ ਸੈ ਅਠਾਨਵੇਂ ਵਿਚ ਜਨਮ ਧਾਰ ਕੇ, ਮਹੰਤ ਸਾਹਿਬ ਦਾਸ ਜੀ ਦੀ ਸੇਵਾ-ਭਗਤੀ ਕਰਕੇ, ਗੁਰਮਤਿ ਦਾ ਦਾਨ ਪ੍ਰਾਪਤਿ ਕੀਤਾ। ਫਿਰ ਗੁਰ-ਮੰਤ੍ਰ

ਇ: ਪ: ੧੧੯.

Digitized by Panjab Digital Library | www.panjabdigilib.org

੧੫੪.
ਦਾਤਾ ਜੀ ਦੀ ਆਗਿਆ ਸਿਰਿ ਧਰ ਕੇ ਦੱਖਣ-ਦੇਸ 'ਬਾਲਾ ਪੁਰ' ਨਗਰ ਵਿਚ ਉਸ ਟਿਕਾਣੇ ਜਾ ਟਿਕੇ, ਜਿਥੇ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਜਾ ਕੇ, ਬਾਬਾ ਦਿਆਲ ਦਾਸ ਜੀ ਨੇ, ਦਸਮੇਸ਼ ਜੀ ਦੇ ਦੱਸੇ ਨਿਸ਼ਾਨ ਮੂਜਬ, ਸਤਿਗੁਰ ਨਾਨਕ ਦੇਵ ਦਾ ਯਾਦਗਾਰੀ ਥਾਨ ਬਣਾਇਆ ਸੀ। ਓਥੇ ਵਿਰਾਜਣ ਸਮੇਂ ਹੀ ਆਪ ਨੇ ਉੱਤਮ ਇਤਿਹਾਸਕ ਗ੍ਰੰਥ 'ਨਾਨਕ ਵਿਜੈ' ਸੁੰਦਰ ਤੇ ਸਰਲ ਕਵਿਤਾ ਵਿਖੇ ਰਚਿਆ। ਜਿਸ ਦਾ ਅਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਜਿਤਨਾ ਹੈ। ਇਸ ਮਹਾਂ ਕਾਵਯ ਦਾ ਇਕ ਉਤਾਰਾ ਭੂਦਨ ਤੇ ਇਕ ਜਾਖਲ ਜੰਕਸ਼ਨ ਲਾਗੇ ਲਹਿਲ ਨੱਗਰ ਵਿਚ ਹੈ। ਇਸ ਦੂਜੇ ਖਰੜੇ ਜੀ ਫਿਲਮ 'ਸਿਖ ਹਿਸਟਰੀ ਸੋਸਾਇਟੀ' ਨੇ ਭਾਰਤ ਸਰਕਾਰ ਪਾਸੋਂ ਕਰਵਾਈ ਹੈ। ਆਪ ਨੇ 'ਉਦਾਸੀ ਬੋਧ' ਆਦਿਕ ਹੋਰ ਭੀ ਬੜੇ ਲੋੜੀਂਦੇ ਪੁਸਤਕ ਰਚੇ ਹਨ।

ਆਪ ਨੇ ਬਾਲਾ ਪੁਰ ਵਿਚ ਰਹਿੰਦਿਆਂ ਬੇ-ਅੰਤ ਜਿਗਯਾਸੀਆਂ ਨੂੰ ਨਾਮ-ਦਾਨ ਬਖਸ਼ ਕੇ ਸਤਿਗੁਰ ਨਾਨਕ ਦੇ ਚਰਣੀ ਲਾਇਆ ਤੇ ਗੁਰ ਸਿਖ ਬਣਾਇਆ; ਜਿਨ੍ਹਾਂ ਵਿਚੋਂ ਭਾਈ ਭਗਤ ਰੇਣੁ, ਮਾਈ ਹੀਰਾ ਬਾਈ, ਭਾਈ ਗੋਬਿੰਦ ਰਾਮ ਤੇ ਸੁਖਦੇਵ ਜੀ ਨੇ ਉਦਾਸ ਬ੍ਰਿਤੀ ਧਾਰਣ ਕੀਤੀ। ਸੰਤ ਭਗਤ ਰੇਣੁ ਜੀ ਨੂੰ ਆਪ ਧਰਮਸਾਲ ਬਾਲਾਪੁਰ ਦੀ ਸੇਵਾ (ਮਹੰਤੀ) ਸੌਂਪ ਕੇ; ਪੰਜਾਬ ਚਲੇ ਆਏ; ਅਰੁ 'ਭੂਦਨਾਸ਼੍ਰਮ' ਦਾ ਪ੍ਰਬੰਧ ਸੰਭਾਲਿਆ। ਮਾਈ ਹੀਰਾ ਬਾਈ, ਸੇਠ ਭਗਤ ਲਾਲ ਦੀ ਸਪੁਤ੍ਰੀ ਵਡੇ ਰੋਗ (ਕੋੜ੍ਹ) ਨਾਲ ਪੀੜਤ ਸੀ। ਬਾਬਾ ਜੀ ਨੇ "ਸਰਬ ਰੋਗ ਕਾ ਅਉਖਧ ਨਾਮੁ" ਬਖ਼ਸ਼ ਕੇ, ਉਸਦਾ ਸਰੀਰ ਨਵਾਂ-ਨਰੋਆ ਕੀਤਾ। ਫਿਰ ਇਸ ਮਾਈ ਨੇ, ਮੀਰਾਂ ਬਾਈ ਵਾਂਙ ਸਤਿਗੁਰ ਨਾਨਕ ਦੀ ਭਗਤੀ ਕਮਾਈ। ਮਹਾਂ ਕਵੀ ਸੰਤਰੇਣੁ ਜੀ ਭੀ ਸਤਿਗੁਰੁ ਨਾਨਕ ਦੇ ਉਸੇ ਤਰ੍ਹਾਂ ਅਨੱਨ ਭਗਤ ਸਨ; ਜਿਵੇਂ ਭਗਤ ਸੂਰਦਾਸ (ਵਿਲਭ ਮੰਗਲ) ਸ੍ਰੀ ਕ੍ਰਿਸ਼ਨ ਜੀ ਦਾ।

ਆਪ ਦੇ ਤੀਜੇ ਸੇਵਕ ਗੋਬਿੰਦ ਰਾਮ ਜੀ ਇੰਗਲੈਂਡ ਦਾ ਸੈਲਾ ਤੇ ਗੁਰਮਤਿ ਦਾ ਪ੍ਰਚਾਰ ਕਰਨ ਚਲੇ ਗਏ। ਓਧਰ ਹੀ ਪ੍ਰਲੋਕ ਸਿਧਾਰੇ। ਚੌਥੇ ਸੁਖਦੇਵ ਜੀ ਨੇ ਸਿੰਧ ਦੇਸ ਵਿਚ ਪਧਾਰ ਕੇ ਨਿਰੰਕਾਰੀ ਧਰਮ ਦਾ ਪ੍ਰਚਾਰ ਕੀਤਾ। 'ਹਿਲਾਣੀ' ਤੇ ਟਿੰਡਾ ਅਲਾਯਾਰ ਨਗਰਾਂ ਵਿਖੇ ਧਰਮਸਾਲਾ ਬਣਾਈਆਂ। ਅਰੁ ਸੰਮਤ ੧੯੩੬ ਬਿੱ: ਦੇ ਇਰਦ ਗਿਰਦ

---

ਇ: ਪ: ੧੨੦.

Digitized by Panjab Digital Library | www.panjabdigilib.org

'ਸਾਧੂ ਅਖਾੜਾ' ਨਾਮ ਦੀ ਸੰਸਥਾ ਕਾਇਮ ਕੀਤੀ।

ਸ੍ਰੇਸ਼ਟ ਸਿਖ ਸਾਧੂ ਬਾਬਾ ਸੰਤਰੇਣੁ ਜੀ ਦੇ ਪਰਲੋਕ ਪਿਆਨੇ ਸੰਮਤ ਉੱਨੀਹ ਸੈ ਅਠਾਈਹ ਵਿਚ, ਫੱਗੁਣ......ਤ੍ਰਿਉਦਸ਼ੀ ਨੂੰ 'ਭੂਦਨਾਸ਼੍ਰਮ' ਵਿਖੇ ਹੀ ਹੋਏ। ਆਪ ਦੀ ਥਾਵੇਂ; ਆਪ ਦੇ ਸੇਵਕ ਸੰਤ ਰਾਮ ਸਰਣ ਜੀ ਇਸ ਧਰਮਸਾਲ ਦੇ ਮਹੰਤ ਬਣੇ।

ਬਾਬਾ ਸੰਤ ਰੇਣੁ ਜੀ ਗੁਰਮੁਖਿ ਸਾਧੂ ਤੇ ਮਹਾਂ ਕਵੀ ਹੋਣ ਤੋਂ ਇਲਾਵਾ ਵੈਦ ਕਵੀਰਾਜ ਭੀ ਸਨ। ਜਿਨ੍ਹਾਂ ਦਾ ਲਾਇਆ ਵੈਦਜ-ਕਲਪਤਰੂ ਹੁਣ ਤੱਕ ਉਸੇ ਤਰਾਂ ਸਾਵਾ-ਸਰਵਾ ਤੇ ਸਫਲ ਫਲਿਆ ਲਹਿਲਹਾ ਰਿਹਾ ਹੈ।

ਜਿਨ੍ਹਾਂ ਭਾਗਵੰਤੇ ਪ੍ਰਾਣੀਆਂ ਆਪ ਦੇ ਦਰਸ਼ਨ ਕੀਤੇ ਹਨ; ਉਹ ਦਸਦੇ ਨਿ, ਕਿ ਬਾਬਾ ਜੀ ਅਪਣੇ ਪ੍ਰੀਤਮ 'ਨਾਨਕ' ਦੇ ਇਸ਼ਕ ਵਿੱਚ ਐਕੁਣ ਘੁਲੇ-ਮਿਲੇ ਸਨ; ਕਿ 'ਨਾਨਕ ! ਨਾਨਕ !!' ਦਾ ਵਿਰਦ ਕਰਦੇ, ਵੈਰਾਗ ਦੇ ਵਹਿਣ ਵਹਾ ਦੇਂਦੇ, ਤੇ ਉਸੇ ਹਾਲਤ ਵਿੱਚ ਗੁੰਮ ਹੋ ਜਾਂਦੇ ਸਨ। ਪਹਿਰਾਂ ਬੱਧੀ ਪ੍ਰੀਤਮ ਦੇ ਚਰਨਾਂ ਦਾ ਧਿਆਨ ਧਰਿ ਸਮਾਧਿ-ਸਿਥਿਤ ਪਏ ਰਹਿੰਦੇ ਸਨ। ਆਪ ਨੇ 'ਨਾਨਕ ਵਿਜੈ ਗ੍ਰੰਥ' ਦੀ ਰਚਨਾ ਭੀ ਇਸੇ ਪ੍ਰੇਮ-ਮਗਨਾਵਸਥਾ ਵਿੱਚ ਹੀ ਕੀਤੀ ਹੈ।

ਬਾਬਾ ਜੀ ਦੀ ਕਵਿਤਾ ਵਿੱਚੋਂ ਵੰਨਗੀ ਮਾਤ੍ਰ ਮੁਲਾਹਜ਼ਾ ਹੋਵੇ।

**ਰਾਮ ਬਿਨੋਦ ਛੰਦ**

ਗੁਰ ਕ੍ਰਿਪਾਲੰ, ਪਰਮ ਦਿਆਲੰ, ਕਰੈ ਨਿਹਾਲੰ, ਦਯਾ ਕਰੇ।
ਗੁਰ ਪਰਮੇਸ੍ਵਰ, ਗੁਰ ਜਗਤੇਸ੍ਵਰ, ਗੁਰ ਰਘੇਸ੍ਵਰ, ਰਾਮ ਹਰੇ।
ਗੁਰ ਸੁਖਦਾਤਾ, ਪੁਰਖ ਬਿਧਾਤਾ, ਗੁਰ ਸਭਿ ਗਜਾਤਾ, ਗਜਾਨ ਭਰੇ।
ਨਿਜ ਬੁਧਿ ਮੰਥੰ, ਬਰਨੋ ਗ੍ਰੰਥੰ, ਹਰਿਗੁਰ ਪੰਥੰ,ਪਾਇ ਪਰੇ ॥੨

**ਦੋਹਰਾ॥**

ਪਰਮੇਸ੍ਵਰ ਪਰਬ੍ਰਹਮ ਜੋ, ਜੋ ਸਭਿ ਵਿਸੁ ਅਧਾਰ॥
ਤਿਸ ਪਰਮੇਸ੍ਵਰ ਤੇ ਭਯੋ, 'ੳਅੰਕਾਰ' ਉਦਾਰ ॥੬

**ਰਾਗੁ ਆਸਾ ਛੰਤ**

ਆਦਿ ਮੰਤ੍ਰ ਇਹੁ ਬਿਸਨ ਕਾ, ਬ੍ਰਹਮਾ ਕੋ ਦੀਆ।
ਬ੍ਰਹਮੈ ਬੇਦ ਬਣਾਇਕੈ, ਜਗਿ ਪ੍ਰਗਟਿ ਕੀਆ॥੧

---

ਇ: ਪ: ੧੨੧.

Digitized by Panjab Digital Library | www.panjabdigilib.org

੧੫੬.

ਅਮਰ ਕਥਾ ਕਾ ਬੀਜ ਏਹੁ, 'ਓਅੰਕਾਰ' ਸੁ ਭਾਈ।
ਮਹਿਮਾ 'ਓਅੰਕਾਰ' ਕੀ, ਗੁਰ ਨਾਨਕਿ ਗਾਈ ॥੧॥ ਰਹਾਉ
ਬ੍ਰਹਮਾ ਨੇ ਇਹੁ ਮੰਤ੍ਰ, ਨਾਰਦ ਕੋ ਦੀਆ।
ਨਾਰਦ ਦਯੋ ਬਿਆਸ ਕੋ, ਸਾਦਰ ਤਿਨ ਲੀਆ ॥੨
ਸਨਕਾਦਿਕ ਕੋ ਪੁਨਿ ਦਯੋ, ਬ੍ਰਹਮਾ ਸੁਖਦਾਈ।
ਮੰਤਰ ਕੇ ਪ੍ਰਤਾਪ ਤੇ ਭਯੋ ਸੁਖੀ ਸੁ ਭਾਈ ॥੩
ਜਨਕ ਦੀਉ ਸੁਖਦੇਵ ਕੋ, ਪਰਤਾਪ ਦਿਖਾਰੇ ॥
ਦਯੋ ਬਸਿਸਟਂ ਰਾਮ ਕੋ, ਸਿਵ ਗਿਰਜਾ ਨਾਰੇ ॥੪
ਰਾਮਾਨੰਦ ਕੋ ਇਹੀ ਪੁਨਿ, ਰਾਮਾਨੁਜਿ ਦੀਨਾ।
ਦਯੋ ਮਛਿੰਦਰਿ ਗੋਰਖੈ, ਪਰਮਾਰਥ ਕੀਨਾ ॥੫
ਸੇਸ-ਸਾਈ ਭਗਵਾਨ ਨੈ, ਨਾਨਕ ਕੋ ਦੀਆ।
ਗੁਰੁ ਨਾਨਕ ਤੇ ਅੰਗਦੰ, ਇਹੁ ਮੰਤਰ ਲੀਆ ॥੬

...... ...... ...... ...... ......

ਬਾਲੂ ਹਸਨੇ ਕੋ ਦਯੋ, ਬਾਬੇ ਗੁਰਦਿੱਤੇ।
ਬਹੁਰਿ ਦਯੋ ਅਲਮਸਤਿ ਕੋ, ਪਰਮੰ ਇਹੁ ਬਿੱਤੈ ॥੮
ਬਹੁਰਿ ਦਯੋ ਗੋਇੰਦ ਕੋ, ਇਹੁ ਮੰਤਰ ਭਾਈ।
ਫੂਲ ਸਾਹਿਬ ਕੋ ਪੁਨਿ ਦਯੋ, ਗੁਰਦਿੱਤੇ ਸਾਈ ॥੯
ਤਿਨ ਚਾਰੋਂ ਤੇ ਪੰਥ ਮੈ, ਸਭ ਸੰਤਹਿ ਪਾਇਆ।
ਪਰਮਪਰਾ ਇਹੁ ਮੰਤਰੰ, ਚਲਤਾ ਜਗ ਆਇਆ ॥੧੦
ਮਹਿਮਾ 'ਓਅੰਕਾਰ' ਕੀ, ਗੁਰ ਨਾਨਕ ਜਾਣੈ।
'ਸੰਤਰੇਣੁ' ਅਲਪੱਗ ਜੀਵ, ਹਮ ਕਾਇ ਬਖਾਣੈ ॥੧੧

(ਉਦਾਸੀ ਬੋਧ ਗ੍ਰੰਥ)

'ਭੂਦਨਾਸ਼੍ਰਮ' ਦੇ ਮਹੰਤ (ਪ੍ਰਬੰਧਕ-ਸੇਵਕ) ਸੰਤ ਰਾਮ ਸਰਨ ਜੀ ਤੋਂ ਬਾਦ ਸੰਤ ਮਦਨ ਗੋਪਾਲ ਜੀ ਬਣੇ; ਜੋ ਕਤਿਕ ਪੁਨਿਆਂ ਸੰਮਤ ੨੦੦੦ ਬਿੱ: (੧੦ ਨਵੰਬਰ ੧੯੪੩ ਈ:) ਨੂੰ ਪਰਲੋਕ ਪਧਾਰ ਗਏ। ਉਪਰੰਤ ਆਪ ਦੇ ਨੌਜਵਾਨ ਸੇਵਕ ਮੁਕਤਿ ਰਾਮ ਜੀ ਆਸ਼ਰਮਾਧੀਸ਼ ਨੀਯਤ ਹੋਏ ਹਨ। ਜਿਨ੍ਹਾਂ ਦਾ ਜਨਮ ਧਾਂਦਰੇ ਨਗਰ ਵਿਚ, ਸ: ਬਖਤਾਵਰ ਸਿੰਘ ਦੇ ਘਰਿ ਹੋਇਆ। ਅਰੁ ਅੱਸੂ ਵਦੀ ਦਸਮੀ, ਸੰਮਤ ੧੯੯੨ ਬਿ: ਨੂੰ ਬਾਲਾਵਸਥਾ ਵਿਚ ਹੀ, ਬਾਬਾ ਮਦਨ

ਇ: ਪ: ੧੭੨.

Digitized by Panjab Digital Library | www.panjabdigilib.org

ਗੋਪਾਲ ਜੀ ਪਾਸਹੁੰ ਗੁਰਮੰਤ੍ਰ ਤੇ ਚਰਨ ਪਾਹੁਲ ਪ੍ਰਾਪਤਿ ਕਰਕੇ, ਉਦਾਸੀ ਭੇਖ ਧਾਰਿਆ। ਆਪ ਦੇ ਵਡੇ ਭਰਾਤਾ ਸੰਤ ਹਰਿਨਾਮ ਦਾਸ ਜੀ ਭੀ ਉਦਾਸੀ ਭੇਖਧਾਰੀ ਹਨ; ਤੇ ਆਪ ਦੇ ਪਾਸ ਹੀ ਵਿਰਾਜਦੇ ਹਨ। ਇਹ ਦੋਵੇਂ ਮਹਾਤਮਾਂ ਵਡੇ ਉੱਤਮ ਵੈਦ ਤੇ ਗੁਰਮੁਖ ਸਾਧੂ ਹਨ। ਜਿਨ੍ਹਾਂ ਵੈਦਗੀ ਤੇ ਅੰਨ ਦਾ ਮਾਨੋ ਲੰਗਰ ਹੀ ਲਾ ਛਡਿਆ ਹੈ।

ਇਸ ਧਰਮਸਾਲ੍ਹਾ ਨਾਲ ਦੋ ਭੂਢ ਹਲ ਦੀ ਜ਼ਮੀਨ ਮੁਆਫ ਹੈ।

ਪਿੰਡ ਧਾਂਦਰੇ (ਧੂਰੀ ਲਾਗੇ) ਵਿਚ ਭੀ ਇਸੇ ਸ਼ਰੇਣੀ ਦੇ ਸੰਤਾਂ ਧਰਮਸਾਲ ਕਾਇਮ ਕੀਤੀ ਹੋਈ ਹੈ। ਅਰੁ ਸੰਤ ਹਰਿਨਾਮ ਦਾਸ ਜੀ, ਓਥੋਂ ਦੇ ਮਹੰਤ ਸਾਹਿਬ ਦੇ ਜੇਠੇ ਚੇਲੇ ਹਨ।

## ਚੜ੍ਹਦੇ ਪੰਜਾਬ ਵਿਚ:—

**੧—ਗੁੱਜਰਵਾਲ** | ਜ਼ਿਲਾ ਲੁਧਿਆਣਾ ਤੇ ਇਸੇ ਤਸੀਲ ਵਿਚ ਬੜਾ ਪ੍ਰਸਿੱਧ ਨੱਗਰ ਹੈ। ਮਾਲਵੇ ਨੂੰ ਨਾਮ ਦਾਨ ਤੇ ਗੁਰੁਪਦੇਸ਼ ਦੇ ਕੇ ਤਾਰਦੇ ਹੋਏ, ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਇਸ ਨਗਰ ਵਿਰਾਜੇ ਹਨ। (੧) ਚੋਧਰੀ ਰਾਮੇ ਦੇ ਪੁਤਰ ਭਾਈ ਫਤੂਹੀ ਨੇ ਪ੍ਰੇਮ ਨਾਲ ਸੇਵਾ ਕੀਤੀ, ਤੇ ਇਕ ਸ਼ਿਕਾਰੀ ਪੰਛੀ ਬਾਜ ਭੇਟ ਕੀਤਾ। ਸਤਿਗੁਰਾਂ ਸਿਰੋਪਾਉ ਵਜੋਂ ਦਸਤਾਰ ਬਖਸ਼ੀ। ਜੋ ਹਾਲਾਂ ਤਕ ਉਸ ਦੀ ਸੰਤਾਨ ਪਾਸ ਮੌਜੂਦ ਹੈ।

(੨) ਚੌਧਰੀ ਮਿਤੂ ਨੇ ਸਤਿਗੁਰਾਂ ਨੂੰ ਆਪਣੇ ਘਰਿ ਲੈਜਾ ਕੇ ਸੇਵਾ ਕੀਤੀ। ਘੋੜਾ ਅਰਦਾਸ ਕਰਾਇਆ। ਸਾਹਿਬਾਂ ਪ੍ਰਸੰਨ ਹੋ ਕੇ 'ਖੰਡਾ' ਬਖ਼ਸ਼ਿਆ, ਜਿਸ ਦੇ ਦਰਸ਼ਨ ਕਰਾਏ ਜਾਂਦੇ ਹਨ। ਸ਼ਰਧਾਵਾਨ ਭੇਟਾ ਚਾੜ੍ਹਦੇ ਹਨ।

ਇਨ੍ਹਾਂ ਦੋਹਾਂ ਅਸਥਾਨਾਂ ਪੁਰ ਯਾਦਗਾਰੀ ਮੰਦਿਰ ਬਣੇ ਹੋਏ ਹਨ ਅਰੁ ਪੰਥਕ ਪ੍ਰਬੰਧ ਵਿਚ ਹਨ।

(੩) ਇਨ੍ਹਾਂ ਤੋਂ ਬਿਨਾਂ ਬਾਬਾ ਬਾਲੂ ਹਸਣਾਂ ਜੀ ਦੇ ਸੇਵਕ ਬਾਬਾ ਰੂੜ੍ਹ ਮੱਲ ਜੀ ਨੇ ਇਸ ਨੱਗਰ ਅੰਦਰ ਇਕ ਧਰਮਸਾਲ ਬੱਧੀ। ਜਿਸ ਦੇ ਨਾਮ ਸਿਖ-ਰਾਜ ਵੇਲੇ, ਤੀਹ ਕੁ ਵਿਘੇ ਜ਼ਮੀਨ ਭੀ ਪੁੰਨ-ਅਰਥ

---

ਇ: ਪ: ੧੨੩.

Digitized by Panjab Digital Library | www.panjabdigilib.org

ਅਰਦਾਸ ਹੋਈ। ਜੋ ਅੰਗ੍ਰੇਜ਼ੀ ਰਾਜ ਅੰਦਰ ਕਮਿਸ਼ਨਰ ਦੀ ਚਿਠੀ ਨੰ: ੧੨੪ ਮਿਤੀ ੨੬ ਜਨਵਰੀ ੧੮੫੭ ਅਨੁਸਾਰ ਧਰਮਸਾਲ ਦੀ ਬਹਾਲੀ ਤੇ ਖਰਚ ਨਿਬਾਹੁਣ ਹਿਤ ਸਦਾ ਲਈ ਬਹਾਲ ਰੱਖੀ ਗਈ। ਮਗਰੋਂ ਏਥੇ ਗੁਰੂ ਕਾ ਲੰਗਰ ਤੇ ਸਿਖ ਧਰਮ ਦਾ ਪ੍ਰਚਾਰ ਜਾਰੀ ਵੇਖ ਕੇ ਪਿੰਡ ਫੱਲੇਵਾਲ ਦੇ ਇਕ ਸਿੱਖ ਪ੍ਰੇਮੀ ਨੇ ਦਸ ਵਿੱਘੇ ਜ਼ਮੀਨ ਅਰਦਾਸ ਕਰਾਈ। ਇਸੇ ਤਰ੍ਹਾਂ 'ਕੋਟ ਆਗ਼ਾ' ਪਿੰਡ ਵਿਚ ਬੀ ਸਵਾ ਕੁ ਵਿੱਘਾ ਭੁਇੰ ਭੇਟਾ ਹੋਈ। ਜੋ ਹੁਣ ਤੱਕ ਬਹਾਲ ਹੈ।

ਇਸ ਅਸਥਾਨ ਦੇ ਪ੍ਰਬੰਧਕ ਬਾਬਾ ਰੂੜਮੱਲ ਦੀ ਤੋਂ ਬੱਦ ਵਾਰੋ ਵਾਰੀ ਬਾਬਾ ਚੇਤਨ ਦਾਸ, ਗੁਰਦਾਸ, ਸੰਗਤ ਦਾਸ, ਦਿਆਲ ਦਾਸ, ਮਾਯਾ ਰਾਮ, ਰੰਗੀ ਰਾਮ, ਮੰਗਲ ਦਾਸ ਤੇ ਜਾਨਕੀ ਦਾਸ ਜੀ ਹੁੰਦੇ ਆਏ ਹਨ।

<u>੨—ਭਰੋਆਲ</u> | ਇਹ ਪਿੰਡ ਬੀ, ਜ਼ਿਲਾ ਲੁਦੇਹਾਣਾ ਦੀ ਜਗਰਾਉਂ ਤਸੀਲ ਵਿਚ ਹੈ। ਇਸ ਦੇਸ ਨੂੰ ਚਰਨ-ਛੁਹ ਬਖ਼ਸ਼ਕੇ ਤਾਰਦੇ ਹੋਏ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਏਥੇ ਵੀ ਪਧਾਰੇ ਹਨ। ਜਿਸ ਦੀ ਯਾਦ, ਬਾਲੂ ਹੱਸਣੀਏ ਸੰਤ ਪੂਰਨ ਦਾਸ ਜੀ ਦੀ ਸਰੇਣੀ ਦੇ ਸਾਧੂਆਂ ਕਾਇਮ ਕੀਤੀ। ਅਰੁ ਧਰਮ ਸਾਲ ਬੰਨ੍ਹ ਕੇ ਨਿਰੰਕਾਰੀ ਧਰਮ ਦਾ ਪ੍ਰਚਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਤੇ ਕਥਾ ਕੀਰਤਨ ਕਰਦੇ ਰਹੇ। ਇਸ ਲੜੀ ਦੀ ਪ੍ਰਸੰਗਲੀ ਬਾਬਾ ਬਾਲੂ ਹੱਸਣਾ ਜੀ ਦੇ ਸੇਵਕ ਬਾਵਾ ਪੂਰਨ ਦਾਸ ਨਾਲ ਐਉਂ ਮਿਲਦੀ ਹੈ:—

ਬਾਬਾ ਪੂਰਨ ਦਾਸ ਜੀ ਤੋਂ ਬੱਦ ਸੰਤ ਦਿਆਲਦਾਸਜੀ, ਮਾਨਦਾਸ ਜੀ, ਸੇਵਾ ਦਾਸ, ਰਾਮ ਚੇਰਾ, ਰਾਮ ਦਿੱਤਾ, ਦੁਨੀਚੰਦ, ਝੰਡਾ ਦਾਸ, ਗੁਰਦਿਆਲ, ਫੂਲ ਦਾਸ, ਗੁਲਾਬ ਦਾਸ, ਸਾਹਿਬ ਦਾਸ, ਚਰਨ ਦਾਸ, ਮੁਕਤ ਰਾਮ, ਸਰੂਪ ਦਾਸ, ਮੌਜ ਦਰਿਯਾ ਤੋਂ ਸੰਤ ਨਰੈਣ ਦਾਸ ਜੀ।

ਇਹ 'ਧਰਮਸਾਲ' ਸਿੱਖ-ਰਾਜ ਸਮੇਂ ਕਾਇਮ ਹੋਈ; ਤੇ ਅਠਤਾਲੀਹ ਕੁ ਵਿੱਘੇ ਜ਼ਮੀਨ ਇਸ ਅਸਥਾਨ ਦੀ ਸੇਵਾ-ਸੰਭਾਲ, ਗੁਰੂ ਕੇ ਲੰਗਰ ਤੇ ਧਰਮ-ਪ੍ਰਚਾਰ ਜਾਰੀ ਰਹਿਣ ਵਾਸਤੇ ਲਾਈ ਗਈ। ਅੰਗ੍ਰੇਜ਼ੀ ਰਾਜ ਕਾਇਮ ਹੋਣ ਪੁਰ ਇਹ ਮੁਆੱਫੀ, ਸਕੱਤਰ ਗੌਰਨਮੈਂਟ-ਪੰਜਾਬ ਦੀ ਚਿੱਠੀ ਨੰ: ੧੪੨ ਮਿਤੀ ੧੬ ਜੁਲਾਈ ੧੮੮੩ ਈ:



Digitized by Panjab Digital Library | www.panjabdigilib.org

ਅਨੁਸਾਰ, ਸਮੇਂ ਦੇ ਸੇਵਾਦਾਰ (ਮਹੰਤ) ਦੇ ਨਾਮ, ਧਰਮਸਾਲ ਦੀ ਕਾਇਮੀ ਤੇ ਸੇਵਾਦਾਰ ਦੀ ਨੇਕ-ਚਲਨੀ ਦੀ ਸ਼ਰਤ ਪੁਰ ਬਹਾਲ ਰਹੀ।

ਸੰਨ ੧੮੯੭ ਈ: ਵਿੱਚ ਏਥੋਂ ਦਾ ਸੇਵਾਦਾਰ ਮਹੰਤ ਚਰਨ ਦਾਸ ਚੇਲਾ ਸੰਤ ਸਾਹਿਬ ਦਾਸ ਦਾ ਸੀ। ਇਸੇ ਵਰ੍ਹੇ ਉਹ ਚੜ੍ਹਾਈ ਕਰ ਗਿਆ; ਤਾਂ ਮੁਆੱਫੀ ਸਾਧੂ ਮੁਕਤ ਰਾਮ ਦੇ ਨਾਮ ਦਾਖਲ ਖਾਰਜ ਹੋਈ। ਫਿਰ ੧੯੦੯ ਈ: ਵਿਚ ਉਸ ਦੇ ਦੇਹਾਂਤ ਪੁਰ, ਸੰਤ ਸਰੂਪ ਦਾਸ ਜੀ ਦੇ ਨਾਮ ਤਬਦੀਲ ਹੋ ਗਈ। ਸੰਨ ੧੯੨੩ ਵਿੱਚ ਮਹੰਤ ਨਰੈਣ ਦਾਸ ਜੀ ਪ੍ਰਬੰਧਕ ਸਨ। ਜੋ ਨਿਤਾਪ੍ਰਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਤੇ ਪਾਠ ਕਰਦੇ; ਅਰ ਸਿੱਖ-ਧਰਮ ਦੀ ਮ੍ਰਿਯਾਦਾ ਨਿਬਾਹੁੰਦੇ ਸਨ।

**੩–ਜੱਸੋਵਾਲ।** ਜ਼ਿਲਾ ਤਸੀਲ ਲੁਧਿਆਣਾ ਵਿਚ, ਧੂਰੀ ਰੇਲਵੇ ਲਾਈਨ ਪੁਰ, ਲੁਧਿਆਣਾ ਜੰਕਸ਼ਨ ਤੋਂ ਦੂਜਾ ਸਟੇਸ਼ਨ ਜੱਸੋਵਾਲ ਹੈ। ਨੱਗਰ, ਲਾਈਨ ਤੋਂ ਪੌਣਾ ਕੁ ਮਾਈਲ ਫਰਕ ਨਾਲ ਖੱਬੇ ਪਾਸੇ ਹੈ। ਇਸ ਨਗਰ ਵਿਚ ਭਾਈ ਬਾਲੂ 'ਹਸਣਾ' ਤੋਂ ਸਤਵੀਂ ਪੀੜ੍ਹੀ, ਸੰਤ ਬੁਧ ਮਲ ਜੀ ਨੇ ਧਰਮਸਾਲ ਬੰਨ੍ਹ ਕੇ ਗੁਰਮਤਿ ਦਾ ਚੰਨਣ ਬ੍ਰਿਛ ਲਾਇਆ। ਜਿਸ ਨੇ ਉਦਾਲੇ ਪੁਦਾਲੇ ਸਾਰੇ ਪਚੱਘ ਵਿਚ ਨਾਮ, ਬਾਣੀ ਤੇ ਗੁਰਮਤਿ ਗਿਆਨ ਦੀ ਸੁਗੰਧਿ ਮਹਿਕਾ ਦਿਤੀ। ਨਿਰੰਕਾਰੀ ਧਰਮ, ਤੇ ਗੁਰਮੁਖੀ ਵਿੱਦਿਆ ਦਾ ਪ੍ਰਚਾਰ ਹੁੰਦਾ ਵੇਖ ਕੇ, ਸਮਰੱਥ ਸਿਖ ਜ਼ਿਮੀਦਾਰਾਂ ਇਸ 'ਵਿੱਦਿਆ ਸਾਗਰ' ਦੇ ਨਾਮ ਹੇਠ ਲਿਖੇ ਪਿੰਡਾਂ ਵਿਚ ਜ਼ਮੀਨਾਂ ਅਰਦਾਸ ਕਰਾਈਆਂ:–

| | | | | | | | | | |
|---|---|---|---|---|---|---|---|---|---|
| ੧–ਜੱਸੋਵਾਲ | ਦੇ | ਰਕਬੇ ਵਿਚੋਂ | ੬੩ | ਵਿਘੇ | ੧੭ | ਬਿਸਵੇ | ੮ | ਬਿਸਵਾਂਸੀ | |
| ੨–ਬਹੀਲੇ | ,, | ,, | ੭੧ | ,, | ੧੮ | ,, | ੧੮ | ,, | |
| ੩–ਖੇੜੀ | ,, | ,, | ੩੩ | ,, | ੨ | ,, | ੧ | ,, | |
| ੪–ਦੂਲੋਂ ਛੋਟੀ | ,, | ,, | ੨੫ | ,, | ੪ | ,, | ੧੩ | ,, | |
| ੫–ਗੁਪਾਲਪੁਰ | ,, | ,, | ੧ | ,, | ੦ | ,, | ੮ | ,, | |
| ੬–ਰਾਇਪੁਰ | ,, | ,, | ੩੭ | ,, | ੪ | ,, | ੮ | ,, | |
| ੭–ਮਨਸੂਰਾਂ | ,, | ,, | ੨ | ,, | ੧੯ | ,, | ੧੬ | ,, | |
| ੮–ਧਾਂਦਰਾ | ,, | ,, | ੧੧੪ | ,, | ੬ | ,, | ੨ | ,, | |
| ੯–ਰੁੜਕਾ | ,, | ,, | ੫੯ | ,, | ੧੦ | ,, | ੧੦ | ,, | |

ਇ: ਪ: ੧੨੫.

Digitized by Panjab Digital Library | www.panjabdigilib.org

੧੬੦.

੧੦–ਮੋਹੀ ਦੇ ਰਕਬੇ ਵਿਚੋਂ ੯ ਵਿਘੇ ੦ ਬਿਸਵੇ ੭ ਬਿਸਵਾਂਸੀ
(ਤ: ਜਗਰਾਉਂ)
੧੧–ਕੁਲਾਰ(ਘੁਲਾਲ) ,, ੨੬ ,, ੧੦ ,, ੧੫ ,,
(ਤ: ਸਮਰਾਲਾ)
੧੨–ਰੋਪੜ (ਜ਼ਿਲਾ ਅੰਬਾਲਾ) ਸਿਰਫ ਇਕ ਖੇਤ ਤੇ ਧਰਮਸਾਲਾ।

ਅੰਗ੍ਰੇਜ਼ੀ-ਰਾਜ ਦੀ ਅਮਲਦਾਰੀ ਵਿੱਚ ਹੋਏ ਬੰਦੋਬਸਤ ਸਮੇਂ, ਜੱਸੋਵਾਲ-ਧਰਮਸਾਲ ਦੇ ਮਹੰਤ ਬਾਬਾ ਗੁਲਾਬ ਦਾਸ, ਦੀਵਾਨ ਦਾਸ ਤੇ ਮਾਧੋਦਾਸ ਆਦਿ ਸਨ। ਜਿਨ੍ਹਾਂ ਦੇ ਨਾਮ ਇੰਤਕਾਲ-ਜਾਇਦਾਦ ਬਾਰੇ ਹੇਠ ਲਿਖੇ ਇੰਦਰਾਜ ਕਾਗਜ਼ਾਤ ਮਾਲ ਵਿਚ ਹੋਏ ਹਨ:–

(੧) ਬਹੀਲਾ "ਬ-ਮੂਜਬ ਚਿੱਠੀ ਨੰ: ੩੦੬ ਮੁਅੱਰਖਾ ੧੫ ਫਰਵਰੀ ੧੮੫੪ ਈ. ਸਾਹਿਬ ਫਿਨਾਂਨਸ਼ਲ ਕਮਿਸ਼ਨਰ ਬਹਾਦੁਰ ਈ-ਰੁਇ ਸਤਲੁਜ ਮੁਆੱਫੀ ਹਜ਼ਾ ਬਰਾਇ ਕਾਇਮੀ ਲੰਗਰ ਵ ਸਕੂਲ ਮੌਜ਼ਾ ਜੱਸੋਵਾਲ ਬਨਾਮ ਗੁਲਾਬਦਾਸ ਮਾਲਿਕ ਕੇ ਤਾ-ਦਵਾਮ ਮੁਆਫੀ ਹੈ।" ਫਿਰ "ਬਹੁਕਮ ੯ ਦਸੰਬਰ ੧੯੦੯ ਬਨਾਮ ਮਾਧੋਦਾਸ ਸ਼ਰਾਇਤ ਸਾਬਿਕ਼ਾ ਪਰ ਮੁਆੱਫੀ ਬਦਸਤੂਰ ਰੱਖੀ ਗਈ।"

(੨) ਧਾਂਦਰਾ ਉਤਲੀ ਚਿੱਠੀ ਅਨੁਸਾਰ ਹੀ, ਇਸ ਪਿੰਡ ਦੀ ਜ਼ਮੀਨ ਦੀਵਾਨ ਦਾਸ ਦੇ ਚੇਲੇ ਮਾਧੋ ਦਾਸ ਦੇ ਨਾਮ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਹੁੰਦੇ ਰਹਿਣ, ਧਰਮਸਾਲ ਦੀ ਕਾਇਮੀ ਤੇ ਮਹੰਤ ਦੀ ਨੇਕ ਚਲਨੀ ਦੀ ਸ਼ਰਤ ਪੁਰ ਸਦਾ ਲਈ ਮੁਆੱਫ ਹੈ।

(੩) ਰਾਇਪੁਰ ਸਤਲੁਜੋਂ ਉਰਾਰ ਦੇ ਸਾਹਿਬ ਕਮਿਸ਼ਨਰ ਬਹਾਦੁਰ ਦੀ ਚਿਠੀ ਨੰ: ੧੨੪ ਮਿਤੀ ੨੬ ਜਨਵਰੀ ੧੮੫੭ ਈ: ਅਨੁਸਾਰ, ਇਹ ਜ਼ਮੀਨ ਜੱਸੋਵਾਲ-ਧਰਮਸਾਲ ਦੀ ਕਾਇਮੀ ਤੇ ਖਰਚਾਂ ਵਾਸਤੇ ਸਦਾ ਲਈ ਮੁਆੱਫ ਹੈ। ਅਰ ਇਹ ਹੁਕਮ, ਹਿੰਦ ਸਰਕਾਰ ਦੀ ਚਿੱਠੀ ਨੰਬਰ ੧੫ ਮਿਤੀ ਇੱਕੀ ਜਨਵਰੀ ੧੮੫੭ ਈ: ਦੇ ਪੰਨਾਂ ੯ ਦੇ ਅਧਾਰ ਪੁਰ ਜਾਰੀ ਹੋਇਆ ਹੈ।

---



Digitized by Panjab Digital Library | www.panjabdigilib.org

(੪) ਮੋਹੀ ਸਤਲੁਜ ਨਦੀ ਤੋਂ ਇਸ (ਖੱਬੇ) ਪਾਸੇ ਦੇ ਕਮਿਸ਼ਨਰ ਤੇ ਸੁਪ੍ਰੰਟੈਂਡੈਂਟ ਸਾਹਿਬ ਬਹਾਦੁਰ ਵਲੋਂ ਲਿਖੀ ਗਈ ਚਿਠੀ ਨੰ: ੧੪੪, ਮਿਤੀ ੨੯ ਜਨਵਰੀ ੧੮੫੭ ਈ: ਦੇ ਅਧਾਰ ਤੇ ਇਹ ਜ਼ਮੀਨ ਮਹੰਤ ਦੇ ਨੇਕ ਚਲਨ ਰਹਿਣ ਦੀ ਸੂਰਤਿ ਵਿਚ, ਧਰਮਸਾਲ ਦੇ ਖਰਚਾਂ ਵਾਸਤੇ ਬਾਬਾ ਦੀਵਾਨਦਾਸ ਦੇ ਚੇਲੇ ਮਾਧੋਦਾਸ ਦੇ ਨਾਮ ਸਦਾ ਲਈ ਮੁਆੱਫ ਹੈ।

੪–ਧੂੜ ਕੋਟ | ਤਸੀਲ ਮੋਗਾ ਜ਼ਿਲਾ ਫੀਰੋਜ਼ ਪੁਰ ਵਿਚ ਧੂੜ ਕੋਟ ਰਣਸਿੰਹ ਕਰਕੇ ਮਸ਼ਹੂਰ ਪਿੰਡ ਹੈ। ਏਥੇ 'ਚੰਡੂਆਣਾ' ਨਾਮੇ ਇਕ ਤਲਾਉ ਪਿੰਡੋਂ ਬਾਹਰ ਫਰਕ ਨਾਲ ਹੈ। ਜਿਸ ਪੁਰ ਕਦੀ ਨਾਂਗੇ ਸਾਧੂ ਧੂਣੀਆਂ ਧੁਖਾ ਕੇ ਚੰਡੂ ਪੀਂਦੇ ਰਹੇ ਹਨ। ਜਿਸ ਕਰਕੇ ਇਸ ਦਾ ਨਾਮ ਹੀ 'ਚੰਡੂ-ਆਣਾ' ਮਸ਼ਹੂਰ ਹੋ ਗਿਆ। ਅਸਲ ਵਿਚ ਏਥੇ ਬਾਲੂ ਹਸਨੀਏਂ ਸਾਧੂਆਂ ਨੇ ਛੇਵੇਂ ਤੇ ਦਸਵੇਂ ਪਾਤਿਸ਼ਾਹ ਦੀ ਯਾਦਗਾਰ ਵਜੋਂ ਨਿਸ਼ਾਨ ਕਾਇਮ ਕੀਤਾ ਸੀ। ਮਗਰੋਂ ਨਗਰ ਨਿਵਾਸੀਆਂ ਦੀ ਲਾ-ਪਰਵਾਹੀ ਕਰਕੇ ਬਰਬਾਦ ਹੋ ਗਿਆ। ਕੁਝ ਅਰਸੇ ਤੋਂ ਸੰਤ ਹੀਰਾਦਾਸ ਸਿਵੀਆਂ ਵਾਲੇ ਦੇ ਸੇਵਕ ਬਾਵਾ ਤਾਰਾ ਦਾਸ ਨੇ ਏਥੇ ਕੁਟੀਆ ਬਣਾਈ ਹੈ। ਜੋ ਵੈਦਗੀ ਕਰਕੇ ਪਰ ਉਪਕਾਰ ਕਮਾ ਰਹੇ ਹਨ; ਤੇ ਅਤੀਤ ਵਰਤਦੇ ਹਨ। ਨਗਰ ਅੰਦਰ ਇਕ ਧਰਮਸਾਲਾ 'ਡੇਰਾ ਨਾਂਗਿਆਂ' ਕਰਕੇ ਪ੍ਰਸਿੱਧ ਹੈ; ਜਿਸ ਦੇ ਨਾਮ ੭੭ ਵਿਘੇ ੧੫ ਬਿਸਵੇ ਜ਼ਮੀਨ ਭੀ ਹੈ। ਇਸ ਦਾ ਸੰਬੰਧ 'ਗੁ: ਨਾਨਕਸਰ'-ਤਖਤੂ ਪੁਰਾ ਨਾਲ ਹੈ। ਜੋ ਇਸ ਵਕਤ ਪੰਥਕ ਪ੍ਰਬੰਧ ਵਿਚ ਹੈ।

੫–ਕੌਣੀ | ਜ਼ਿਲਾ ਫ਼ੀਰੋਜ਼ਪੁਰ ਦੀ ਤਸੀਲ ਮੁਕਤਿਸਰ ਵਿਚ ਕੌਣੀ ਪਿੰਡ ਹੈ। ਕੋਟ ਫਤੇ ਵਾਲੇ ਬਾਲੂ 'ਹਸਨੀਏ' ਸੰਤਾਂ ਵਿੱਚੋਂ ਹੀ ਇਕ ਸਾਧੂ ਨੇ ਏਥੇ, ਦਸਵੇਂ ਪਾਤਿਸ਼ਾਹ ਦੀ ਯਾਦਗਾਰੀ ਥਾਂ ਲਭ ਕੇ, ਨਿਸ਼ਾਨ ਕਾਇਮ ਕੀਤਾ; ਅਰੁ ਸਹਜੇ ੨ 'ਧਰਮਸਾਲ' ਬਣ ਗਈ। ਏਥੋਂ ਦੇ ਸੇਵਕ ਸੰਤ ਗੁਰਮਤ ਦੇ ਬੜੇ ਚੰਗੇ ਗਿਆਤਾ ਤੇ ਕਥਾ-ਵਾਚਕ ਹਨ। ਸੰਤ ਗੁਰਮੁਖ ਦਾਸ ਜੀ ਨੇ ਢੇਰ ਚਿਰ ਗੁਰਮਤਿ ਗ੍ਰੰਥਾਂ ਦੀ ਕਥਾ–ਵਿਚਾਰ ਤੇ ਗੁਰਮੁਖੀ ਵਿਦਿਆ ਦਾ ਪ੍ਰਚਾਰ ਜਾਰੀ ਰਖਿਆ ਹੈ। ਉਨ੍ਹਾਂ ਦੇ ਚੇਲੇ

---

ਇ: ਪ: ੧੨੭.

Digitized by Panjab Digital Library | www.panjabdigilib.org

ਸੰਤ ਹਰੀ ਪ੍ਰਕਾਸ਼ ਜੀ ਵੀ ਚੰਗੇ ਵਿਦਵਾਨ ਸਾਧੂ ਹਨ।

੬–ਕਰਤਾਰ ਪੁਰ (ਦੁਆਬਾ) | ਜ਼ਿਲਾ ਜਾਲੰਧਰ ਵਿਚ, ਉਤਰ ਰੇਲਵੇ ਲਾਇਨ ਪੁਰ ਪ੍ਰਸਿਧ ਸਟੇਸ਼ਨ ਤੇ ਨੱਗਰ ਹੈ। ਜੋ ਸੰਮਤ ਸੋਲ੍ਹਾਂ ਸੈ ਇਕਵੰਜਾਹ ਵਿਚ ਸ੍ਰੀ ਗੁਰੂ ਅਰਜੁਨ ਸਾਹਿਬ ਨੇ, ਅਕਬਰ ਬਾਦਸ਼ਾਹ ਵਲੋਂ ਗੁਰ-ਗੱਦੀ ਨੂੰ ਭੇਟ ਹੋਏ ਐਮੇ ਵਿੱਚ ਬੱਧਾ ਸੀ। ਸਭ ਤੋਂ ਪਹਿਲੋਂ ਜਿਸ ਥਾਂ ਮੋਹੜੀ ਗੱਡ ਕੇ 'ਧਰਮਸਾਲ' ਕਾਇਮ ਕੀਤੀ; ਉਸ ਮਕਾਨ ਦਾ ਨਾਮ 'ਦੀਵਾਨ ਖਾਨਾ' ਤੇ 'ਥੰਮ੍ਹ ਸਾਹਿਬ' ਪ੍ਰਸਿੱਧ ਹੋਗਿਆ। ਇਸ ਦੇ ਲਾਗੇ ਹੀ ਗੁਰੂ ਜੀ ਨੇ ਵਾਸੂ-ਮਕਾਨ ਉਸਾਰੇ ਸਨ। ਪੰਚਮ ਪਾਤਿਸ਼ਾਹ ਦੀ ਸ਼ਹੀਦੀ ਤੋਂ ਬੱਾਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਏਥੇ ਵਿਰਾਜੇ ਰਹੇ। ਅਰੁ ਧਰਮਸਾਲ (ਥੰਮ੍ਹ ਸਾਹਿਬ) ਦੀ ਸੇਵਾ-ਸੰਭਾਲ ਉਦਾਸ-ਵਿਰਤੀ ਵਾਲੇ ਸਿੱਖਾਂ ਪਾਸੋਂ ਕਰਾਉਂਦੇ ਰਹੇ। ਭਾਈ ਬਾਲੂ 'ਹਸਣਾ' ਜੀ ਦੀ ਸੇਵਾ ਲੇਖੇ ਲਾਕੇ, ਜਦੋਂ ਧਰਮ ਪਰਚਾਰ ਦੇ ਅਧਿਕਾਰ ਬਖ਼ਸ਼ੇ ਗਏ; ਤਾਂ ਉਹ ਇਸੇ ਅਸਥਾਨ ਲਾਗੇ ਆਸਣ ਜਮਾ ਕੇ, ਸਤਿਗੁਰਾਂ ਦੇ 'ਝਰੋਖਾ-ਦਰਸ਼ਨ' ਵੱਲ ਟਿਕਟਿਕੀ ਲਾ ਕੇ ਬੈਠ ਗਏ। ਅੰਮ੍ਰਿਤ ਵੇਲੇ ਗੁਰ-ਦਰਸ਼ਨ ਕਰਕੇ,ਆਪ ਨੇ ਜੋਤਿ ਜਾਮੇ ਦਾ ਸਰੂਪ ਨੈਣਾਂ ਦੀਆਂ ਡੂੰਘਾਈਆਂ ਵਿਚ ਰੱਖ ਕੇ ਸਮਾਧਿ ਸਿਥਿਤ ਹੋ ਜਾਣਾਂ; ਫਿਰ ਧਰਮਸਾਲ ਵਿੱਚ ਸੇਵਾ ਕਰਨੀ ਤੇ ਸ਼ਬਦ ਕੀਰਤਨ ਦਾ ਅਨੰਦ ਮਾਨਣਾਂ।

ਫਿਰ ਜਦੋਂ ਸੰਮਤ ਸੋਲਾਂ ਸੈ ਚੌਰਾਨਵੇਂ ਵਿੱਚ, ਚੇਤ੍ਰ ਸੁਦੀ ਨੌਮੀਂ ਨੂੰ ਬਾਬਾ ਗੁਰਦਿੱਤਾ ਜੀ ਕੀਰਤਪੁਰ ਨੂੰ ਟੁਰਨ ਲੱਗੇ; ਤਾਂ ਸਤਿਗੁਰਾਂ ਦੀ ਆਗਿਆ ਅਨੁਸਾਰ 'ਧਰਮਸਾਲ' ਦਾ ਪ੍ਰਬੰਧ ਇਨ੍ਹਾਂ ਨੂੰ ਹੀ ਸੌਂਪ ਗਏ। ਚਾਰ ਕੁ ਵਰ੍ਹੇ ਆਪ ਨੇ ਏਥੇ ਸੇਵਾ ਕੀਤੀ। ਫਿਰ ਸਤਿਗੁਰਾਂ ਨੇ ਬਾਬਾ ਜੀ ਦੀ ਡਿਊਟੀ ਪੱਛਮੀ ਪੰਜਾਬ ਵੱਲਿ ਪੋਠੋਹਾਰ ਆਦਿ ਇਲਾਕਿਆਂ ਵਿੱਚ ਧਰਮ ਪਰਚਾਰ ਕਰਨ ਤੇ ਲਾ ਦਿੱਤੀ। ਇਸ ਲਈ ਆਪ ਆਪਣੇ ਇਕ ਹੋਰ ਸੇਵਕ ਨੂੰ ਏਥੋਂ ਦੀ ਸੇਵਾ ਸੰਭਾਲ ਕੇ; ਸੰਮਤ ਸੋਲਾਂ ਸੈ ਅਠਾਨਵੇਂ ਵਿਖੇ ਕੱਤਿਕ ਪੂੰਨਿਆਂ ਵਾਲੇ ਦਿਨ ਪੋਠੋਹਾਰ ਵਲ ਟੁਰ ਗਏ। ਉਸੇ ਵਕਤ ਤੋਂ ਇਸ ਧਰਮਸਾਲ ਦੀ ਸੇਵਾ ਇਸ ਧੂੰਏਂ ਦੇ ਉਦਾਸੀ ਸਾਧੂ ਕਰਦੇ ਆਏ। ਗੁਰਦੁਆਰਾ ਸੁਧਾਰ ਲਹਿਰ ਚਲਣ ਪੁਰ, ਗੁਰਦੁਆਰਾ ਕਾਨੂੰਨ ਅਨੁਸਾਰ, ਇਸ ਧਰਮਸਾਲਾ ਦਾ ਪ੍ਰਬੰਧ, ਪੰਥ ਦੀ ਸ਼੍ਰੋਮਣੀ ਗੁਃ ਪ੍ਰਃ ਕਮੇਟੀ ਦੇ ਅਧੀਨ, ਸਥਾਨਕ ਗੁਃ ਕਮੇਟੀ ਕਰ ਰਹੀ ਹੈ।

---

ਇ: ਪ: ੧੨੮.

Digitized by Panjab Digital Library | www.panjabdigilib.org

੭–ਕਰਤਾਰਪੁਰ (ਰਾਵੀ) । ਰਾਵੀ ਨਦੀ ਦੀ ਸੱਜੀ ਵੱਖੀ ਤੇ, ਸ਼ਕਰ ਗੜ੍ਹ ਤਸੀਲ, ਜਿਲਾ ਗੁਰਦਾਸਪੁਰ (ਹੁਣ ਜ਼ਿਲਾ ਸਿਆਲ ਕੋਟ–ਪਾਕਿਸਤਾਨ) ਵਿਚ ਅਸਥਾਨ ਹੈ । ਸਤਿਗੁਰ ਨਾਨਕ ਪੂਰਬ, ਦੱਖਣ ਤੇ ਉੱਤਰ ਦੀ ਉਦਾਸੀ (ਪਰਚਾਰ–ਫੇਰੀ) ਪੂਰੀ ਕਰ ਕੇ, ਸੰਮਤ ੧੫੬੧ ਬਿੱ: ਇਸ ਅਸਥਾਨ ਪੁਰ ਆ ਕੇ ਵਿਰਾਜ ਗਏ। ਇਲਾਕੇ ਦੇ ਚੌਧਰੀ ਰੰਧਾਵੇ ਨੇ ਧਰਮਸਾਲਾ ਬਣੌਣ, ਵਾਸਤੇ ਥਾਂ ਅਰਦਾਸ ਕਰਾਈ। ਇਲਾਕੇ ਦੇ ਕਰੋੜੀ ਨੇ ਲੰਗਰ ਆਦਿ ਹੋਰ ਜ਼ਰੂਰੀ ਖਰਚਾਂ ਵਾਸਤੇ ਜ਼ਮੀਨ ਦਾ ਪਟਾ ਲਿਖ ਦਿਤਾ। ਸੰਮਤ ਪੰਦਰਾਂ ਸੈ ਉਨਾਸੀਹ ਵਿਖੇ ਬਾਬਾ ਜੀ ਨੇ ਉਦਾਸੀ ਭੇਖ–ਜੋ ਕੇਵਲ ਦੇਸ਼ ਰਟਨ ਵਾਸਤੇ ਬਣਾਇਆ ਸੀ–ਉਤਾਰ ਕੇ ਸੰਸਾਰੀ ਕਪੜੇ ਪਹਿਨ ਲਏ। ਵਾਹੀ ਦਾ ਕਾਰੋਬਾਰ ਸ਼ੁਰੂ ਕਰਾ ਦਿੱਤਾ। ਨਾਮ, ਬਾਣੀ ਦਾ ਪ੍ਰਵਾਹ ਚਲਾ ਦਿੱਤਾ; ਅਰੁ ਅੰਨ ਦਾ ਲੰਗਰ ਲਾ ਦਿਤਾ। 'ਧਰਮਸਾਲ' ਬਣਵਾ ਕੇ, ਆਏ ਗਏ ਵਾਸਤੇ ਬਿਸਰਾਮ ਦਾ ਪ੍ਰਬੰਧ ਕੀਤਾ।

ਸੰਮਤ ਪੰਦਰਾਂ ਸੈ ਛਿਆਨਵੇਂ ਵਿਚ ਜਦੋਂ ਬਾਬਾ ਜੀ ਸ੍ਰੀ ਗੁਰੂ ਅੰਗਦ ਸਾਹਿਬ ਨੂੰ ਆਪਣੀ ਥਾਂ ਥਾਪ ਕੇ, ਨਿਰੰਕਾਰ ਦੇ ਦੇਸ ਟੁਰ ਗਏ; ਤਾਂ ਹਿੰਦੂ ਮੁਸਲਮਾਨਾਂ ਯਾਦਗਾਰ ਵਜੋਂ ਖੂਹੀ ਤੇ ਕਬਰ-ਮਸੀਤ(ਮਕਤਬ) ਬਣਾ ਲਏ। ਸੰਮਤ ਅਠਾਰਾਂ ਸੈ ਇਕਤਾਲੀਹ ਵਿਚ ਰਾਵੀ ਨਦੀ ਨੇ, ਪਿਆਰੇ ਗੁਰੂ ਨਾਨਕ ਦੀਆਂ ਸਾਰੀਆਂ ਸੰਸਾਰਕ ਨਿਸ਼ਾਨੀਆਂ ਅਪਣੇ ਵਹਿਣ ਅੰਦਰ ਲੋਪ ਕਰ ਲਈਆਂ। ਫਿਰ ਸ: ਬੁੱਧ ਸਿੰਘ ਦੋਦੇ ਜ਼ਿਮੀਦਾਰ ਨੇ ਪੱਕੀ ਧਰਮਸਾਲ ਬਣਵਾ ਕੇ ੨੦੦੦) ਰੁਪਏ ਦੀ ਜਾਗੀਰ ਲੰਗਰ ਦੇ ਨਾਲ ਲਾ ਦਿੱਤੀ। ਸੇਵਾ 'ਤੇ ਬਾਬਾ ਬਾਲੂ 'ਹੱਸਣਾ' ਦੇ ਸੇਵਕ ਬਾਬਾ ਲਾਲ ਚੰਦ ਦੀ ਸਰੇਣੀ ਦੇ ਸਾਧੂ ਨੀਤੇ। ਜੋ ਪੰਥਕ ਪ੍ਰਬੰਧ ਵਿਚ ਆਉਣ ਤੱਕ, ਸੇਵਾ ਕਰਦੇ ਰਹੇ। ਪਰ ਵਿੱਚੋਂ ਕਈ ਨਲਾਇਕਾਂ ਨੇ ਕੁਝ ਜਾਇਦਾਦ ਬਰਬਾਦ ਕਰ ਦਿੱਤੀ। ਸੇਵਕਾਂ ਦੀ ਲੜੀ ਇਸ ਤਰ੍ਹਾਂ ਬਾਬਾ ਲਾਲ ਚੰਦ ਜੀ ਤੱਕ ਅੱਪੜਦੀ ਹੈ:–ਬਾਬਾ ਲਾਲ ਚੰਦ,ਰਾਮਦਾਸ 'ਹਜ਼ੂਰੀ', ਨੰਦ ਲਾਲ, ਪਰਮਾਨੰਦ, ਸੁਖਾ ਨੰਦ, ਲਹੌਰੀ ਦਾਸ, ਸੰਗਤ ਬਖ਼ਸ਼; ਸੰਤ ਰਾਮ, ਰਾਮ ਦਿਤਾ, ਹਰੀ ਦਾਸ, ਭਗਵਾਨ ਦਾਸ, ਰਾਮ ਰਤਨ, ਮਨੋਹਰ ਦਾਸ ਤੇ ਮਹੰਤ ਮੰਗਲ ਦਾਸ ਜੀ।

---

ਇ: ਪ: ੧੨੯.

Digitized by Panjab Digital Library | www.panjabdigilib.org

**੮–ਅੰਮ੍ਰਿਤਸਰ** | ਸ਼ਹਿਰ ਅੰਮ੍ਰਿਤਸਰ ਵਿਚ, ਇਸ ਪੱਧਤੀ ਦੇ ਕਾਇਮ ਕੀਤੇ ਹੋਏ ਹੇਠ ਲਿਖੇ ਅਸਥਾਨ ਹਨ:-

**(੧) ਚਿੱਟਾ ਅਖਾੜਾ** | ਬਾਬਾ ਬਾਲੂ 'ਹੱਸਣਾ' ਜੀ ਦੀ ਸਰੇਣੀ ਵਿਚੋਂ ਸੰਤ ਗੰਗਾ ਰਾਮ ਜੀ 'ਨਿਰਬਾਣ' ਬੜੇ ਵਿਆਕਰਣੀ ਪੰਡਿਤ ਹੋਏ ਹਨ। ਆਪ ਪਹਿਲੋਂ ਕਾਸ਼ੀ ਨਿਵਾਸ ਰਖਦੇ ਸਨ। ਆਪਦੇ ਨਿਵਾਸ-ਸਥਾਨ ਦਾ ਨਾਮ 'ਹਵੇਲੀ ਬਾਵਾ ਗੰਗਾ ਰਾਮ ਵਿਆਕਰਣੀ ਜੀ ਦੀ' ਪ੍ਰਸਿੱਧ ਹੈ। ਖਾਲਸਾ ਜੀ ਦੇ ਚੜ੍ਹ ਰਹੇ ਤੇਜ-ਪ੍ਰਤਾਪ ਸਮੇ, ਆਪਨੇ ਕਾਸ਼ੀਓਂ ਗੁਰੂ ਕੀ ਨਗਰੀ ਆਕੇ ਸੰਮਤ ਅਠਾਰਾਂ ਸੈ ਛਿਤਾਲੀਹ ਵਿੱਚ ਇਹ ਅਖਾੜਾ (ਡੇਰਾ, ਧਰਮਸਾਲ) ਕਾਇਮ ਕੀਤਾ। ਰਾਮਦਾਸ ਪੁਰੇ ਦੇ ਗੁਰੂ ਬਾਜ਼ਾਰ ਦੀ 'ਦਰਸ਼ਨੀ ਡਿਓੜ੍ਹੀ' ਤੋਂ ਬਾਹਰ ਵਾਰ, ਅੰਮ੍ਰਿਤ ਸਰੋਵਰ ਤੇ ਹਰਿਮੰਦਿਰ ਸਾਹਿਬ ਨੂੰ ਆਈਏ; ਤਾਂ ਰਾਹ ਵਿਚ ਪੱਧਰਾ ਮੈਦਾਨ ਪਿਆ ਸੀ। ਉਸੇ ਥਾਂ ਨੂੰ ਪਸੰਦ ਕਰਕੇ ਆਪਨੇ ਆਸਣ ਜਮਾ ਲਿਆ। ਜੋ ਸਹਿਜੇ ੨ ਸੇਵਕਾਂ-ਮਹੰਤਾਂ ਦੇ ਉਦਮ-ਉਪਰਾਲੇ ਨਾਲ ਸਿੱਖਾਂ ਸਾਧੂਆਂ ਦੇ ਗੁਰ-ਸ਼ਬਦ ਬੀਚਾਰ, ਕਥਾ-ਕੀਰਤਨ ਤੇ ਬਿਸਰਾਮ ਵਾਸਤੇ ਉੱਤਮ ਧਰਮਸਾਲ ਬਣ ਗਈ।

**(੨) ਧਰਮਸਾਲ ਬਾਬਾ ਕਾਂਸ਼ੀ ਰਾਮ** | ਬਾਬਾ ਬਾਲੂ 'ਹੱਸਣਾਂ' ਜੀ ਦੇ ਧੂੰਏਂ ਵਿਚੋਂ ਸਾਧੂ ਕਾਂਸ਼ੀ-ਰਾਮ ਜੀ ਪਹਿਲ-ਪਿਰਥਮੇ ਸ਼ਿਕਾਰਪੁਰ (ਸਿੰਧ) ਜਾਕੇ ਵਿਰਾਜੇ, ਤੇ ਨਿਰੰਕਾਰੀ-ਧਰਮ ਦਾ ਪਰਚਾਰ ਕਰਦੇ ਰਹੇ। ਸੰਮਤ ਉੱਨੀਹ ਸੈ ਚਉਰੰਜਾਹ ਵਿੱਚ ਸ੍ਰੀ ਰਾਮਦਾਸ-ਪੁਰੀ ਆਏ ਤੇ ਏਥੇ ਹੀ ਟਿਕ ਗਏ। ਜਿਥੇ ਬਹਿਕੇ ਏਹਨਾਂ ਸਤਿਸੰਗ ਦਾ ਰੰਗ ਜਮਾਇਆ; ਓਥੇ ਹੀ ਸ਼ਰਧਾਲੂ ਸਿੱਖਾਂ ਧਰਮਸਾਲ ਉਸਾਰ ਦਿੱਤੀ। ਮਹਾਤਮਾਂ ਜੀ ਦਾ ਦੇਹਾਂਤ ਭੀ ਏਥੇ ਹੀ ਹੋਇਆ; ਤੇ ਧਰਮਸਾਲ ਦੀ ਵਲਗਣ ਅੰਦਰਿ ਹੀ ਸਮਾਧ ਬਣਾਈ ਗਈ। ਜੋ ਅਜੇ ਤੱਕ ਮੌਜੂਦ ਹੈ। ਮਗਰੋਂ ਪੰਡਿਤ ਸਰੂਪ ਦਾਸ ਜੀ ਇਸ ਸਥਾਨ ਵਿਚ ਵਿਰਾਜ ਕੇ, ਗੁਰਮਤਿ-ਪ੍ਰਚਾਰ ਦੀ ਸੇਵ ਕਮਾਉਂਦੇ ਰਹੇ।

---

ਇ: ਪ: ੧੩੦.

Digitized by Panjab Digital Library | www.panjabdigilib.org

੩–ਧਰਮਸਾਲਾ ਸੰਗਲ ਵਾਲੀ। ਇਸ ਧੂਏਂ ਦੇ ਸੰਤਾਂ ਨੇ ਜ਼ਿਲਾ ਲੁਧਿਆਣੇ ਦੇ ਨੱਗਰ 'ਗਿੱਲ' ਵਿਚ ਪਹਿਲ-ਪਿਰਥਮੇ 'ਧਰਮਸਾਲ' ਬੰਨ੍ਹੀ; ਜੋ ਹੁਣ ਪੰਥਕ ਪ੍ਰਬੰਧ ਵਿਚ ਆਚੁਕੀ ਹੈ। ਇਸੇ ਧਰਮਸਾਲਾ ਦੇ ਸੇਵਕ ਸਾਧੂਆਂ ਵਿਚੋਂ, ਬਾਬਾ ਅਤਰਦਾਸ ਜੀ ਗੁਰੂ ਕੀ ਨਗਰੀ ਵੈਸਾਖੀ ਤੇ ਦੀਪਮਾਲਾ ਦੇ ਮੇਲੇ ਔਂਦੇ ਅਰੁ ਲੂਣ ਮੰਡੀ ਵਾਲੀ ਥਾਂ ਟਿਕਦੇ। ਸਹਿਜੇ ਸਹਿਜੇ ਉਨ੍ਹਾਂ ਨੇ ਸੰਗਤਾਂ ਦੀ ਇੱਛਾ ਅਰੁ ਸਹਾਇਤਾ ਨਾਲ ਏਥੇ ਧਰਮ-ਸਾਲਾ ਕਾਇਮ ਕੀਤੀ। ਤਾਂ ਜੋ ਆਏ ਸਿੱਖਾਂ ਨੂੰ ਬਿਸਰਾਮ ਤੇ ਗੁਰਮਤਿ ਦਾ ਗਿਆਨ ਮਿਲਦਾ ਰਹੇ। ਉਨ੍ਹਾਂ ਤੋਂ ਬੱਾਦ ਸੰਤ ਤ੍ਰਿਲੋਕਦਾਸ, ਬਿਸੰਭਰ ਦਾਸ ਤੇ ਸ੍ਰੀ ਰਾਮ ਜੀ ਇਸ ਅਸਥਾਨ ਦੇ ਪ੍ਰਬੰਧਕ (ਮਹੰਤ) ਰਹੇ ਹਨ।

੪--ਧਰਮਸਾਲਾ ਮਾਈ ਮਾਨੋ। ਬਾਬਾ ਬਾਲੂ 'ਹੱਸਣਾ' ਜੀ ਦੀ ਸਰੇਣੀ ਵਿਚੋਂ ਹੀ ਸੰਤ ਆਸ਼ਾ ਨੰਦ 'ਨਿਰਬਾਣ', ਸਿੱਖ-ਰਾਜ ਸਮੇਂ ਹੋਏ ਹਨ। ਇਨ੍ਹਾਂ ਨੇ ਗੁਰੂ ਕੀ ਨਗਰੀ ਵਿੱਚ ਸੰਮਤ ਅਠਾਰਾਂ ਸੈ ਅੱਸੀਹੇ ਵਿਖੇ ਧਰਮਸਾਲਾ ਕਾਇਮ ਕੀਤੀ। ਜੋ ਅੱਜ ਕੱਲ 'ਮਾਈ ਮਾਨੋਂ ਦੀ ਧਰਮਸਾਲਾ' ਅਖਵਾਉਂਦੀ ਹੈ। ਏਥੋਂ ਦੇ ਮਹੰਤਾਂ ਦੇ ਗੁਰਮਤਿ-ਪ੍ਰਚਾਰ ਪੁਰ ਰੀਝਕੇ ਤਸੀਲ ਅਜਨਾਲਾ ਦੇ ਪਿੰਡ ਘੋਨਾਵਾਲਾ ਵਾਸੀ ਇਕ ਸਿੱਖ ਨੇ ਮਕਾਨ ਅਰਦਾਸ ਕਰਾ ਦਿੱਤਾ। ਬਾਵਾ ਆਸ਼ਾ ਨੰਦ ਤੋਂ ਬੱਾਦ, ਸੰਤ ਰਾਮਾ ਨੰਦ, ਸਹਿਜਾ ਨੰਦ, ਭਗਵਾਨ, ਕ੍ਰਿਸ਼ਨਾ ਨੰਦ, ਸਦਾ ਨੰਦ, ਪਰਮਾ ਨੰਦ, ਬ੍ਰਹਮਾ ਨੰਦ, ਤੇ ਮੰਗਲ ਦਾਸ ਆਦਿ, ਗੁਰਬਾਣੀ ਤੇ ਗੁਰਮੁਖੀ ਵਿੱਦਿਆ ਦਾ ਪ੍ਰਚਾਰ ਕਰਦੇ ਰਹੇ ਹਨ।

੫–ਧਰਮਸਾਲਾ ਚੇਤਨ ਦਾਸ। ਰਿਆਸਤ ਪਟਿਆਲਾ ਦੇ ਨੱਗਰ ਕੋਟ ਫੱਤਾ ਵਿਚ ਬਾਲੂ 'ਹੱਸਣਾ' ਜੀ ਦੀ ਪੱਧਤੀ ਦੀ ਜੋ ਧਰਮਸਾਲਾ ਹੈ; ਉਸੇ ਦੀ ਸ਼ਾਖ ਅੰਮ੍ਰਿਤਸਰ ਵਿਚ ਇਹ ਧਰਮਸਾਲ ਹੈ। ਬਾਵਾ ਸੁੰਦਰ ਦਾਸ ਜੀ ਨੇ ਸੁਲਤਾਨਵਿੰਡ ਦਰਵਾਜ਼ੇ ਅੰਦਰ ਟਿਕਾਣਾ ਕਰਕੇ, ਗੁਰਮਤਿ, ਗੁਰਬਾਣੀ ਤੇ ਗੁਰਮੁਖੀ-ਵਿੱਦਿਆ ਦਾ ਜੱਗ ਲਾਇਆ। ਅਰੁ ਸਹਿਜੇ ੨ ਸਿੱਖ ਸ਼ਰਧਾਲੂਆਂ ਦੀ ਸਹਾਇਤਾ ਨਾਲ ਇਹ ਧਰਮਸਾਲਾ ਕਾਇਮ ਕੀਤੀ। ਬੱਾਦਾਂ ਇਸ ਅਸਥਾਨ ਦੇ ਪ੍ਰਬੰਧਕਾਂ

---

ਇ: ਪ: ੧੩੧.

Digitized by Panjab Digital Library | www.panjabdigilib.org

ਵਿੱਚੋਂ ਚੇਤਨਦਾਸ ਜੀ ਚੰਗੇ ਉੱਦਮੀ ਤੇ ਕਮਾਈ ਵਾਲੇ ਸਾਧੂ ਹੋਏ; ਜਿਨ੍ਹਾਂ ਦੇ ਨਾਮ ਪੁਰ ਇਸ ਦਾ ਇਹ ਨਾਮ ਪ੍ਰਸਿੱਧ ਹੋ ਗਿਆ।

## ਲਹਿੰਦਾ ਪੰਜਾਬ:—

੧—ਚੱਕ ਨੰ: ੧੬ | ਜ਼ਿਲਾ ਮਿੰਟਗੁਮਰੀ, ਤਸੀਲ ਪਾਕਪਟਨ ਵਿੱਚ ਪਿੰਡ ਹੈ, ਚੱਕ ਨੰ: ੧੬ । ਬਾਬਾ ਬਾਲੂ 'ਹੱਸਣਾ' ਦੇ ਸੇਵਕ ਬਾਬਾ ਜਾਦੋਰਾਇ ਜੀ ਦੀ ਸਰੇਣੀ ਵਿਚੋਂ ਬਾਰ੍ਹਵੀਂ ਪੀੜ੍ਹੀ ਸਾਧੂ ਧਿਆਨ ਦਾਸ ਜੀ ਹੋਏ ਹਨ । ਆਪ ਉਦਾਸੀ ਸਾਧੂਆਂ ਦੀ ਜਮਾਤ ਲੈਕੇ ਧਰਮ ਪ੍ਰਚਾਰ ਕਰਦੇ ਫਿਰਦੇ ਹੁੰਦੇ ਸਨ । ਇਸੇ ਤਰ੍ਹਾਂ ਦੌਰਾ ਕਰਦੇ ਜਦੋਂ ਆਪ ਇਸ ਪਿੰਡ ਪਧਾਰੇ; ਤਾਂ ਸਤਿਗੁਰਾਂ ਦੀ ਪ੍ਰੇਰਨਾ ਨਾਲ ਏਥੇ ਟਿਕ ਗਏ; ਅਰੁ ਸੰਮਤ ੧੯੪੯ ਬਿੱ: ਵਿੱਚ ਧਰਮਸਾਲ ਬਣਵਾਈ। ਅਰੁ ਖ਼ੁਦ ਇਸ ਵਿੱਚ ਬਹਿਕੇ ਗੁਰਮਤਿ, ਗੁਰਬਾਣੀ ਤੇ ਗੁਰਮੁਖੀ ਵਿੱਦਿਆ ਦਾ ਪ੍ਰਚਾਰ ਕਰਦੇ ਰਹੇ॥

## ਸਿੰਧ ਦੇਸ:—

ਜਿਵੇਂ ਬਾਬਾ ਅਲਮਸਤ ਜੀ ਦੇ ਸੇਵਕਾਂ ਇਸ ਦੇਸ ਵਿੱਚ ਵਿਚਰ ਕੇ ਸਿੱਖ-ਧਰਮ ਦਾ ਪ੍ਰਚਾਰ ਕੀਤਾ ਤੇ ਧਰਮਸਾਲਾਂ ਬੱਧੀਆਂ, ਉਸੇ ਤਰਾਂ ਇਸ ਦੂਜੇ ਧੂੰਏਂ ਦੇ ਸਾਧੂਆਂ ਭੀ ਚੰਗੇ ਉੱਦਮ-ਉਪਰਾਲੇ ਕੀਤੇ ਹਨ। ਇਸ ਗੱਲ ਦਾ ਸਬੂਤ ਹੇਠ ਲਿਖੇ ਧਰਮ ਸਥਾਨਾਂ ਦੀ ਕਾਇਮੀ ਤੋਂ ਮਿਲਦਾ ਹੈ।

੧—ਸ਼ਿਕਾਰ ਪੁਰ | (੧) ਦੂਜੇ ਧੂਏਂ ਦੇ ਸਾਧੂਆਂ ਵਿਚੋਂ ਬਾਬਾ ਗੁਰਦਾਸ ਖਟਵਾਲੇ ਨੇ, ਸਭ ਤੋਂ ਪਹਿਲਾਂ ਸ਼ਿਕਾਰ ਪੁਰ ਸ਼ਹਿਰ ਵਿੱਚ, ਸਿੱਖ ਧਰਮ ਦੇ ਪ੍ਰਚਾਰ ਹਿਤ ਪੌਖਾ ਪਾਇਆ । ਅਰੁ ਸੰਮਤ ੧੮੧੫ ਬਿੱ: ਵਿੱਚ, ਸਤਿਗੁਰ ਨਾਨਕ ਦੀ ਚਰਨ-ਛੁਹ ਨਾਲਿ ਸਰਫਰਾਜ਼ ਹੋਈ ਧਰਤੀ ਪੁਰ ਧਰਮਸਾਲ ਕਾਇਮ ਕੀਤੀ; ਜੋ ਇਨ੍ਹਾਂ ਦੇ ਨਾਮ ਪੁਰ, 'ਖਟਵਾਲੀ ਧਰਮਸਾਲ' ਪ੍ਰਸਿੱਧ ਹੈ। ਬਾਬਾ ਗੁਰਦਾਸ ਜੀ, ਬਾਬਾ ਲਾਲ ਦਾਸ 'ਦਰਿਆਈ' (ਜੋ ਪਹਿਲੋਂ ਨਗਨ ਰਹਿੰਦੇ ਹੁੰਦੇ



Digitized by Panjab Digital Library | www.panjabdigilib.org

ਸਨ) ਦੀ ਅੱਠਵੀਂ ਪੀੜ੍ਹੀ ਸਨ। ਬੜੇ ਨਾਮ-ਰਸੀਏ, ਗੁਰੂ-ਭਗਤ ਤੇ ਕਰਨੀ ਕਰਤੂਤ ਵਾਲੇ ਸਾਧੂ ਪ੍ਰਸਿੱਧ ਸਨ। ਕਹਿੰਦੇ ਨੇ: ਆਪ ਨੇ ਗੁਰੂ-ਪਾਰਬ੍ਰਹਮ ਦਾ ਪ੍ਰਤਾਪ ਦੱਸਣ ਲਈ ਅਨੇਕਾਂ ਚਮਤਕਾਰ ਵਿਖਾਲੇ। ਰੇਤ ਤੋਂ ਖੰਡ ਬਣਾਈ; ਇਕ ਮਾਈ ਨੂੰ ਗੰਗਾ ਦਾ ਇਸ਼ਨਾਨ ਕਰਾਇਆ; ਅਰੁ ਕਈ ਵਾਰੀ ਅਪਣੇ ਸਰਧਾਲੂਆਂ ਦੀ ਚੋਰਾਂ ਤੋਂ ਗੁਪਤੀ ਰਾਖੀ ਕੀਤੀ। ਰੰਗੂਨ ਦੇ ਇਕ ਸੌਦਾਗਰ ਦਾ ਡੁਬਦਾ ਬੇੜਾ ਤਾਰਿਆ; ਤੇ ਪ੍ਰਤੱਖ ਚਿੱਨ੍ਹ ਵਿਖਾਕੇ ਉਸ ਦਾ ਡੋਲਦਾ ਸਿਦਕ ਪੱਕਿਆਂ ਕਰਿ, ਸੁੱਖਣਾ ਦੀ ਪੂਰੀ ਰਕਮ ਵਸੂਲ ਕੀਤੀ। ਨਾਲ ਹੀ ਗੁਰੂ ਕਾ ਖਜ਼ਾਨਾ ਧਨ-ਦੌਲਤ ਨਾਲ ਭਰਪੂਰ ਵਿਖਾਕੇ, ਅਪਣੀ ਵਿਰਕਤਤਾ ਦਾ ਯਕੀਨ ਕਰਾਇਆ। ਇਨ੍ਹਾਂ ਦੀ ਸਰੇਣੀ ਦਾ ਸਿਲਸਿਲਾ, ਇਸ ਪ੍ਰਕਾਰ ਬਾਬਾ ਬਾਲੂ 'ਹੱਸਣਾ' ਜੀ ਨਾਲ ਮਿਲਦਾ ਹੈ—

(੧) ਬਾਬਾ ਬਾਲੂ 'ਹੱਸਣਾ' (੨) ਬਾਬਾ ਲਾਲਦਾਸ 'ਦਰਿਆਈ' (ਨਾਂਗਾ); (੩) ਬਾਬਾ ਰਾਮਦਾਸ ਜੀ ਹਜ਼ੂਰੀਆ* (੪) ਬਾਬਾ ਦਿਆਲ ਦਾਸ (ਨਾਗਾ) ਚਰਮਪੋਸ਼, (੫) ਸੁਰਤਦਾਸ; (੬) ਧਰਮਚੰਦ; (੭) ਸੰਤ ਰਾਮ; (੮) ਹਰੀ ਦਾਸ, 'ਨਿਰਬਾਣ' (ਚਰਮਪੋਸ਼) ਤੇ (੯) ਬਾਬਾ ਗੁਰਦਾਸ ਜੀ।

ਇਨ੍ਹਾਂ ਤੋਂ ਮਗਰੋਂ ਇਸ ਧਰਮਸਾਲ ਦੇ ਸੇਵਕ-ਪ੍ਰਬੰਧਕ ਇਕ ਦੂਜੇ ਤੋਂ ਬੱਦ ਸਾਧੂ ਠਾਰੂ ਦਾਸ, ਮੇਵਲਿ ਦਾਸ, ਅਮੋਲ ਦਾਸ, ਮੇਹਰ ਦਾਸ, ਸ਼ਾਮਦਾਸ, ਬਿਸ਼ਨ ਦਾਸ, ਕਿਸ਼ਨ ਦਾਸ, ਕਾਂਸ਼ੀ ਦਾਸ, ਕਵਲ ਦਾਸ, ਨਰਾਇਣ ਦਾਸ, ਸੇਵਾ ਦਾਸ ਤੇ ਮਹੰਤ ਗਿਆਨ ਦਾਸ ਜੀ ਬਣਦੇ ਆਏ ਹਨ।

---

*ਬਾਬਾ ਰਾਮਦਾਸ ਜੀ, ਬਾਬਾ ਲਾਲ ਦਾਸ ਜੀ 'ਦਰਿਆਈ' ਦੀ ਉਸੇ ਜਮਾਤ ਵਿਚ ਸ਼ਾਮਿਲ ਸਨ; ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰਿ, ਅੰਤ ਸਮੇਂ ਤੱਕ, ਹਾਜ਼ਰ ਰਹੀ। ਇਹ ਚੂੰਕਿ ਖਾਸ ਤੌਰ ਪੁਰ ਹਜ਼ੂਰੀ ਸੇਵਾ ਕਰਦੇ ਰਹੇ; ਇਸੇ ਕਰਕੇ 'ਹਜ਼ੂਰੀ' ਪਦਵੀ ਨਾਲ ਪ੍ਰਸਿੱਧ ਹੋ ਗਏ। ਲੇਕਿਨ ਹੁਣ 'ਹਿੰਦੂ ਮਤੀਏ ਉਦਾਸੀਨ' ਇਨ੍ਹਾਂ ਨੂੰ 'ਰਾਮਚੰਦਰ' ਦਾ ਭਗਤ ਦੱਸਕੇ, 'ਹਜ਼ੂਰੀ' ਪਦਵੀ ਦੇ ਅਧਿਕਾਰੀ ਬਨਾਉਣ ਲੱਗ ਪਏ ਹਨ। ਜਿਹਾ ਕਿ ਅਸਾਂ ਪਿੱਛੇ ਦੱਸਿਆ ਹੈ॥

---

ਇ: ਪ: ੧੩੩.

Digitized by Panjab Digital Library | www.panjabdigilib.org

(੨) ਸੰਤ ਜਾਦੋਰਾਇ ਜੀ ਦੀ ਸਰੇਣੀ ਦੇ ਸਾਧੂਆਂ, ਰਿਆਸਤ ਪਟਿਆਲਾ ਦੇ ਨਗਰ 'ਕੋਟ ਫੱਤਾ' ਵਿਚ ਜੋ ਕੇਂਦਰ ਕਾਇਮ ਕੀਤਾ ਹੋਇਆ ਹੈ; ਉਸੇ ਦੀ ਸ਼ਾਖ ਸ਼ਿਕਾਰ ਪੁਰ ਵਿੱਚ ਭੀ ਹੈ। ਇਸ ਧਰਮਸਾਲ ਦੀ ਬੁਨਿਆਦ ਪੰਡਿਤ ਹਰਿਨਾਮ ਦਾਸ ਜੀ ਨੇ ਸੰਮਤ ਉੱਨੀਹ ਸੈ ਉਨਤਾਲੀਹ ਵਿੱਚ ਰੱਖੀ। ਪੰਡਿਤ ਜੀ ਦਾ ਸੰਬੰਧ ਬਾਰ੍ਹਵੇਂ ਥਾਂ ਬਾਬਾ ਜਾਦੋ ਰਾਇ ਜੀ ਨਾਲ ਐਉਂ ਜੁੜਦਾ ਇ:- ਬਾਬਾ ਜਾਦੋ ਰਾਇ ਦੇ ਚੇਲੇ ਸ਼ਾਹ ਜੀ; ਸ਼ਾਹ ਜੀ ਦੇ ਊਧਵ ਰਾਮ ਤੇ ਅੱਗੋਂ ਕਰਮਵਾਰ–ਬਾਬਾ ਗੁਲਾਬ, ਨਾਨੂ, ਨਿਰਦ੍ਵੰਦ, ਮੁਕਤਰਾਮ, ਬ੍ਰਹਮਦਾਸ, ਬਸਾਹੂ ਦਾਸ, ਬਾਬਾ ਚਰਨ ਦਾਸ ਜੀ ਦੇ ਸੇਵਕ ਪੰਡਿਤ ਹਰਿਨਾਮ ਦਾਸ ਜੀ ਸਨ॥

**੨–ਹੈਦਰਾਬਾਦ** ਇਸੇ ਧੂਏਂ ਦੇ ਸਾਧੂਆਂ ਵਿਚੋਂ ਬਾਬਾ ਪ੍ਰੀਤਮ ਦਾਸ ਜੀ ਸਿੱਖ ਧਰਮ ਦਾ ਪ੍ਰਚਾਰ ਤੇ ਗੁਰੁ-ਤੀਰਥਾਂ ਦੀ ਯਾਤਰਾ ਕਰਦੇ ਹੋਏ ਸੰਮਤ ਅਠਾਰਾਂ ਸੈ ਸੱਤਰ ਬਿ. ਵਿਖੇ ਹੈਦਰਾਬਾਦ ਨਗਰ ਪਹੁੰਚੇ। ਸਤਿਗੁਰ ਨਾਨਕ ਦੇ ਚਰਨ-ਪਰਸ ਨਾਲ ਪਾਵਨ ਹੋਈ ਧਰਤੀ ਲੱਭ ਕੇ ਆਸਣ ਜਮਾ ਲਿਆ। ਨਾਨਕ-ਪੰਥੀ ਪ੍ਰੇਮੀਆਂ ਉਨ੍ਹਾਂ ਨੂੰ ਏਥੇ ਟਿਕਾਣ ਵਾਸਤੇ ਧਰਮਸਾਲ ਬੰਨ੍ਹ ਦਿੱਤੀ। ਜਿਸਦੀ ਸੇਵਾ-ਸੰਭਾਲ ਹੁਣ ਤੱਕ ਇਸੇ ਪੱਧਤੀ ਦੇ ਸੰਤ-ਮਹੰਤ ਕਰਦੇ ਆਏ ਹਨ। ਇਨ੍ਹਾਂ ਸਾਧੂਆਂ ਦਾ ਸਿਲਸਿਲਾ, ਬਾਲੂ ਹੱਸਣਾ ਜੀ ਦੇ ਜੇਠੇ ਚੇਲੇ ਬਾਬਾ ਲਾਲ ਦਾਸ ਜੀ ਦਰਿਆਈ (ਭਾਈ ਪ੍ਰਹਿਲਾਦ ਸਿੰਘ) ਨਾਲ ਇਸ ਤਰ੍ਹਾਂ ਜੁੜਦਾ ਹੈ:–

(੧) ਬਾਬਾ ਲਾਲ ਦਾਸ, (੨) ਬਾਬਾ ਰਾਮਦਾਸ 'ਹਜ਼ੂਰੀ', (੩) ਬਾਬਾ ਨੰਦ ਲਾਲ, (੪) ਬਾਬਾ ਸੁਖਾ ਨੰਦ, (੫) ਬਾਬਾ ਪਰਮਾ ਨੰਦ, (੬) ਹਰਿ ਸਹਾਇ, (੭) ਰਾਮ ਸਹਾਇ, (੮) ਮਨਸਾ ਰਾਮ ਤੇ (੯) ਬਾਬਾ ਪ੍ਰੀਤਮ ਦਾਸ ਜੀ। ਇਨ੍ਹਾਂ ਤੋਂ ਮਗਰੋਂ ਇਸ ਧਰਮਸਾਲ ਦੀ ਸੇਵਾ ਸੰਭਾਲ ਤੇ ਗੁਰਮਤ ਅਨੁਸਾਰ ਕਥਾ-ਵਾਰਤਾ ਵਾਰੋ ਵਾਰੀ, ਬਾਬਾ ਅਮੋਲਕ ਦਾਸ, ਧਿਆਨ ਦਾਸ, ਬਿਰਾਮ ਦਿਤੁ, ਮੋਹਨ ਦਾਸ, ਸੁੰਦਰ ਦਾਸ, ਚਰਨ ਦਾਸ ਤੇ ਬਾਵਾ ਹਰਿ ਕ੍ਰਿਸ਼ਨ ਦਾਸ ਜੀ ਕਰਦੇ ਆਏ ਹਨ।

(੨) ਇਸੇ ਪੱਧਤੀ ਦੇ ਸਾਧੂ, ਮਨਸਾ ਰਾਮ ਜੀ ਨੇ–ਜੋ ਪ੍ਰੀਤਮ ਦਾਸ ਜੀ ਦੇ ਵਿੱਦਿਆ ਦਾਤਾ ਤੇ ਚਰਨ-ਪਾਹੁਲ ਦੇਣ ਹਾਰੇ ਸਨ–ਇਸ

---

ਇ: ਪ: ੧੩੪.

Digitized by Panjab Digital Library | www.panjabdigilib.org

ਨੱਗਰ ਦੇ ਕਿਲ੍ਹੇਦਾਰ ਬਾਜ਼ਾਰ ਵਿਚ ਸੰਮਤ ਉਨੀਹ ਸੈ ਇਕ ਬਿ. ਵਿਖੇ, ਹੋਰ ਧਰਮਸਾਲ ਬੱਧੀ। ਤਾਂ ਜੋ ਗੁਰਮੁਖੀ ਵਿੱਦਿਆ ਤੇ ਧਰਮ-ਪ੍ਰਚਾਰ ਕਰਨ ਵਿਚ ਵਧੇਰੇ ਸੌਖ ਹੋ ਜਾਏ। ਬਾਬਾ ਜੀ ਦੇ ਦੇਹਾਂਤ ਤੋਂ ਬੱਦ, ਇਸ ਧਰਮ ਸਾਲ ਦੀ ਸੇਵਾ-ਸੁਰਤ ਵਾਸਤੇ ਬਾਬਾ ਪ੍ਰੀਤਮ ਦਾਸ ਜੀ ਦੇ ਚੇਲੇ ਸਾਧੂ ਸੰਤੋਖ ਦਾਸ ਜੀ ਨੀਯਤ ਹੋਏ। ਅਰ ਇਨ੍ਹਾਂ ਤੋਂ ਮਗਰੋਂ ਬਾਬਾ, ਗਰੀਬ ਦਾਸ, ਬਿਸ਼ਨ ਦਾਸ ਤੇ ਗੁਰਮੁਖ ਦਾਸ ਜੀ ਇਕ ਦੂਜੇ ਤੋਂ ਬੱਦ ਇਸ ਅਸਥਾਨ ਦੀ ਕਾਇਮੀ ਦਾ ਮਨੋਰਥ ਪੂਰਾ ਕਰਦੇ ਰਹੇ।

(੩) ਬਾਬਾ ਬਾਲੂ 'ਹੱਸਣਾ' ਦੇ ਦੂਜੇ ਸੇਵਕ ਸੰਤ ਪੂਰਨ ਦਾਸ ਦੀ ਸਰੇਣੀ 'ਚੋਂ ਅਠਵੇਂ ਥਾਂ ਸਾਧੂ ਖੇਮ ਦਾਸ ਜੀ, ਸਿੰਧੁ ਮੁਲਕ ਵਿਚ ਵਿਚਰਦੇ ਹੋਏ ਹੈਦਰਾਬਾਦ ਪਹੁੰਚੇ। ਨੱਗਰੋਂ ਬਾਹਰ ਵਾਰ ਧੂਆਂ ਧੁਖਾ ਕੇ ਆਸਣ ਜਮਾ ਲਿਆ। ਸਤਿਗੁਰ ਨਾਨਕ ਦੇ ਨਾਮ-ਲੇਵਾ ਪ੍ਰੇਮੀਆਂ, ਪ੍ਰੇਮ ਬੰਧਨ ਪਾ ਕੇ ਸੰਤ ਜੀ ਨੂੰ ਏਥੇ ਹੀ ਟਿਕਾ ਲਿਆ। ਅਰੁ ਸੰਮਤ ਅਠਾਰਾਂ ਸੈ ਨੱਵੇ ਬਿਕ੍ਰਮੀ ਵਿਖੇ ਇਸ ਥਾਂ ਧਰਮ ਸਾਲ ਦੀ ਬੁਨਿਆਦ ਰਖ ਦਿਤੀ। ਸਹਿਜੇ ਸਹਿਜੇ ਇਸ ਗੁਰਧਾਮ ਗਿਰਦੇ ਆਬਾਦੀ ਹੋ ਗਈ; ਤੇ ਇਸ ਵੱਸੋਂ ਦਾ ਨਾਮ ਹੀ ਧੂਣੀ ਘਿੱਟੀ (ਧੂਣੀ ਵਾਲੀ ਗਲ੍ਹੀ) ਪੈ ਗਿਆ। ਇਸ ਧਰਮ-ਸਾਲਾ ਦੇ ਪ੍ਰਬੰਧਕਾਂ ਦੀ ਲੜੀ ਇਸ ਤਰਾਂ ਚਲੀ ਆਈ ਹੈ। (੧) ਬਾਬਾ ਪੂਰਨ ਦਾਸ, (੨) ਬਾਬਾ ਮਾਨਦਾਸ, (੩) ਬਾਬਾ ਮਯਾ ਦਾਸ, (੪) ਬਾਬਾ ਦਿਆਲ ਦਾਸ, (੫) ਬਾਬਾ ਦਰਬਾਰੀ ਦਾਸ, (੬) ਸੰਗਤ ਦਾਸ, (੭) ਪ੍ਰੇਮ ਦਾਸ ਤੇ (੮) ਬਾਬਾ ਖੇਮ ਦਾਸ ਜੀ। ਇਨ੍ਹਾਂ ਤੋਂ ਬੱਦ ਬਾਬਾ ਨਾਰਾਇਣ ਦਾਸ, ਬਾਬਾ ਹਰੀ ਦਾਸ, ਪ੍ਰੀਤਮ ਦਾਸ ਤੇ ਬਾਬਾ ਗੁਰਦਾਸ ਜੀ, ਏਥੋਂ ਦੇ ਮਹੰਤ ਨੀਯਤ ਹੁੰਦੇ ਆਏ ਹਨ।

**੩—ਮੀਰ ਪੁਰ ਬਠੋਰੋ** | ਹੈਦਰਾਬਾਦ ਨਗਰਿ, ਧੂਣੀ ਘਿੱਟੀ ਵਾਲੇ ਬਾਬਾ ਖੇਮ ਦਾਸ ਜੀ ਨੇ ਆਪਣੇ ਸੇਵਕ ਸਾਧੂ ਗਰੀਬ ਦਾਸ ਨੂੰ, ਮੀਰਪੁਰ ਬਠੋਰੋ ਭੇਜ ਕੇ, ਸੱਚ-ਧਰਮ ਦੇ ਪ੍ਰਚਾਰ ਹਿਤ ਧਰਮਸਾਲਾ ਕਾਇਮ ਕਰਵਾਈ। ਉਨ੍ਹਾਂ ਤੋਂ ਬੱਦ ਸੰਤ ਹਰਿਸ਼ਰਨ ਦਾਸ ਤੇ ਮਨੋਹਰ ਦਾਸ ਜੀ ਇਕ ਦੂਜੇ ਤੋਂ ਮਗਰੋਂ ਇਸ ਧਰਮ ਸਥਾਨ ਦੀ ਸੇਵਾ-ਸੰਭਾਲ ਕਰਦੇ ਰਹੇ ਹਨ।

---

ਇ: ਪ: ੧੩੫.

Digitized by Panjab Digital Library | www.panjabdigilib.org

੪–ਖਾਨ ਪੁਰ | ਜ਼ਿਲਾ ਸੱਖਰ ਦੇ ਨਗਰ ਖਾਨਪੁਰ ਵਿਚ ਬਾਬਾ ਬਾਲੂ 'ਹੱਸਣਾ' ਜੀ ਦੇ ਸੇਵਕ ਪੂਰਨਦਾਸ ਦੀ ਪੱਧਤੀ ਦੇ ਸਾਧੂਆਂ ਵਿਚੋਂ ਬਾਬਾ ਆਤਮਾ ਰਾਮ ਜੀ ਨੇ ਸੰਮਤ ਉਨੀਹ ਸੈ ਚਾਲੀਹ ਵਿਖੇ ਧਰਮ-ਸਾਲ ਬੱਧੀ। ਆਪ ਪੂਰਨ ਦਾਸ ਜੀ ਤੋਂ ਸੱਤਵੀਂ ਪੀੜ੍ਹੀ ਸਨ। ਲੜੀ ਇੱਵ ਜੁੜਦੀ ਹੈ:– ਬਾਬਾ ਪੂਰਨ ਦਾਸ ਦੇ ਚੇਲੇ ਸਾਧੂ ਗੂਨਾ ਦਾਸ, ਗੂਨਾ ਦਾਸ ਦੇ ਪ੍ਰੇਮ ਦਾਸ, ਉਨ੍ਹਾਂ ਦੇ ਕਿਸ਼ਨ ਦਾਸ। ਫਿਰ ਨੰਬਰ ਵਾਰ ਸਿਆਮ ਦਾਸ, ਸੇਵਾ ਦਾਸ ਤੇ ਸੰਤ ਆਤਮਾ ਰਾਮ ਜੀ । ਇਨ੍ਹਾਂ ਤੋਂ ਬੱਦ ਧਰਮਸਾਲ ਦੇ ਪ੍ਰਬੰਧਕ (ਮਹੰਤ) ਰਾਮ ਰੂਪ ਜੀ ਤੇ ਫਿਰ ਭੁਗਤ ਰਾਮ ਬਣੇ।

੫-ਖਾਹੀ ਰਾਹੂ | ਸਿੰਧੁ ਦੇਸ ਦੇ ਜ਼ਿਲਾ ਨਵਾਬਸ਼ਾਹ ਵਿਚ ਇਹ ਗਿਰਾਉਂ ਹੈ। ਦੂਜੇ ਧੂਏਂ ਦੇ ਸਾਧੂ ਬਾਬਾ ਪੂਰਨ ਦਾਸ ਜੀ ਦੀ ਸ਼ਰੇਣੀ 'ਚੋਂ ਸਾਧੂ ਹਰਿਚੰਦ ਰਾਮ ਜੀ ਛੇਵੀਂ ਪੀੜ੍ਹੀ ਹੋਏ ਹਨ। ਆਪ ਨੇ ਅਪਣੇ ਪਾਹੁਲ-ਦਾਤਾ ਬਾਬਾ ਆਗਿਆ ਰਾਮ ਜੀ ਦੀ ਆਗਿਆ ਨਾਲ ਇਸ ਇਲਾਕੇ ਵਿਚ ਸਿਖ-ਧਰਮ ਦਾ ਪ੍ਰਚਾਰ ਕੀਤਾ । ਉਨ੍ਹਾਂ ਨੇ ਹੀ ਸੰਮਤ ਅਠਾਰਾਂ ਸੈ ਅੱਸੀਹੇ ਵਿਚ, ਇਸ ਗਿਰਾਂ ਟਿਕਾਣਾ ਕਰਕੇ, ਧਰਮਸਾਲ ਬੱਧੀ। ਆਪ ਦੀ ਲੜੀ ਇਸ ਤਰ੍ਹਾਂ ਬਾਬਾ ਪੂਰਨਦਾਸ ਨਾਲ ਜਾ ਮਿਲਦੀ ਹੈ:– (੧) ਬਾਬਾ ਪੂਰਨਦਾਸ, (੨) ਬਾਬਾ ਮਾਨਦਾਸ, (੩) ਬਾਬਾ ਮੱਜਾ ਰਾਮ, (੪) ਬਾਬਾ ਦਯਾ ਰਾਮ, (੫) ਬਾਬਾ ਆਗਿਆ ਰਾਮ ਤੇ ਛੇਵੇਂ ਬਾਬਾ ਹਰਿਚੰਦ ਰਾਮ ਜੀ। ਇਨ੍ਹਾਂ ਦੇ ਸੇਵਕ ਸਾਧੂ ਜੁਗਤਰਾਮ, ਅਲਖ ਰਾਮ, ਮਨਸਾ ਰਾਮ, ਪਰਸਰਾਮ, ਮੇਲਾਰਾਮ ਤੇ ਮਹੰਤ ਪਿਆਰਾ ਰਾਮ ਜੀ, ਵਾਰੋ ਵਾਰੀ ਧਰਮਸਾਲ ਬਹਾਲ ਰਖ ਕੇ ਇਸ ਦੀ ਕਾਇਮੀ ਦਾ ਮਨੋਰਥ, ਵਿਤੁ ਅਨੁਸਾਰ ਪੂਰਾ ਕਰਦੇ ਕਰਾਉਂਦੇ ਰਹੇ।

੬–ਹਿਲਾਣੀ | ਬਾਬਾ ਬਾਲੂ ਹਸਣਾ ਜੀ ਦੇ ਸੇਵਕ ਸੰਤ ਲਾਲਦਾਸ 'ਦਰਿਆਈ' ਦੀ ਸਰੇਣੀ ਵਿੱਚ ਸਾਧੂ ਸੰਤ ਰੇਣ ਜੀ ਬੜੇ ਪ੍ਰਸਿੱਧ ਗੁਰਮੁਖ ਵਿੱਦਵਾਨ ਹੋਏ ਹਨ। ਜਿਨ੍ਹਾਂ ਦਾ ਸਮਾਚਾਰ ਪਿੱਛੇ ਆ ਚੁਕਾ ਹੈ। ਇਨ੍ਹਾਂ ਦੇ ਇਕ ਸੇਵਕ ਬਾਬਾ ਸੁਕਦੇਵ ਜੀ ਭੀ ਗੁਰਮਤਿ ਪੁਰ ਬੜੇ ਦ੍ਰਿੜ੍ਹ ਵਿਸ਼ਵਾਸੀ ਸਾਧੂ ਹੋਏ। ਜੋ ਧਰਮ-ਪ੍ਰਚਾਰ ਤੇ ਗੁਰਧਾਮਾਂ ਦੀ ਯਾਤ੍ਰਾ ਕਰਦੇ



Digitized by Panjab Digital Library | www.panjabdigilib.org

ਸਿੰਧੁ ਦੇਸ ਵਿਚ ਇਸ ਨੱਗਰ ਦੀ ਜੂਹੇ ਆ ਬੈਠੇ। ਲੋਕਾਂ ਆਖਿਆ :— "ਮਹਾਰਾਜ ! ਇਹ ਥਾਂ ਬੜੀ ਕਰੜੀ ਹੈ। ਭੂਤਾਂ ਪ੍ਰੇਤਾਂ ਦਾ ਏਥੇ ਵਾਸਾ ਹੈ। ਤੁਹਾਨੂੰ ਆਪਣੇ ਸਿਰ ਦੀ ਖੈਰ ਮੰਗਣੀ ਚਾਹੀਦੀ ਹੈ।"

ਬਾਬਾ ਜੀ ਬੋਲੇ:—"ਉਹ ਜਾਣੇ;ਉਹ ਬੀ ਤਾਂ ਸਾਡੇ ਈ ਭਰਾ ਨਿ!" ਐਉਂ ਬੇ ਪਰਵਾਹ ਤੇ ਨਿੱਡਰ ਹੋ ਕੇ ਬਾਬਾ ਜੀ ਕਈ ਦਿਨ ਉਸੇ ਥਾਂ ਟਿਕੇ ਰਹੇ। ਆਪ ਦਾ ਇਹ ਤਪਾਵਸ ਵੇਖ ਕੇ ਅਨੇਕਾਂ ਸਰਧਾਲੂ ਗੁਰ-ਸਿੱਖ ਬਣ ਗਏ; ਤੇ ਬਾਬਾ ਜੀ ਦੀ ਸੇਵਾ ਕਰਨ ਲੱਗ ਪਏ । ਸੇਵਕਾਂ ਉੱਦਮ ਕਰਕੇ ਇਸੇ ਥਾਂ ਧਰਮਸਾਲ ਬਣਾ ਦਿਤੀ; ਜਿਸ ਵਿਚ ਸੰਗਤਿ ਜੁੜਨ, ਤੇ ਗੁਰਬਾਣੀ ਦਾ ਪਾਠ-ਵਿਚਾਰ ਕਰਨ ਲੱਗ ਪਈ । ਗੁਰੂ ਕਾ ਲੰਗਰ ਜਾਰੀ ਹੋ ਗਿਆ।

ਬਾਬਾ ਜੀ ਦੇ ਤਿੰਨ ਚੇਲੇ ਬਾਬਾ ਸੁਖਰਾਮ ਦਾਸ, ਸਜ਼ਾਮਦਾਸ ਤੇ ਸੰਤਦਾਸ ਹੋਏ। ਆਪ ਨੇ ਤਿੰਨਾਂ ਨੂੰ ਧਰਮਸਾਲ ਦੀ ਵੱਖੋ ਵੱਖ ਸੇਵਾ ਸੰਭਾਲ ਦਿਤੀ—ਇਕ ਨੂੰ ਧਰਮਸਾਲ ਵਿੱਚ 'ਗ੍ਰੰਥੀ' ਦੀ, ਦੂਜੇ ਨੂੰ ਭੰਡਾਰ ਦੀ, ਤੇ ਤੀਜੇ ਨੂੰ ਗੁਰੂ ਕੇ ਲੰਗਰ ਦੀ। ਇਸ ਤਰੀਕੇ ਨਾਲ ਕਾਰਜ ਚਲਾਣ ਕਰਕੇ, ਸੰਨਿਆਸੀ; ਵੈਰਾਗੀ ਸਾਧੂਆਂ ਵਾਂਗੁ ਇਸ ਧਰਮਸਾਲ ਦਾ ਨਾਮ ਭੀ 'ਅਖਾੜਾ' ਪ੍ਰਸਿੱਧ ਹੋ ਗਿਆ । ਇਨ੍ਹਾਂ ਸਾਧੂਆਂ ਵਿਚੋਂ ਬਾਬਾ ਸ਼ਿਆਮ ਦਾਸ ਜੀ ਬੜੇ ਚੰਗੇ ਬ੍ਰਹਮਨੇਸਟਾ ਤੇ ਭਗਤਿ-ਬੰਦਗੀ ਵਾਲੇ ਸਾਧੂ ਹੋਏ ਹਨ । ਆਪ ਦੀ ਤਜਵੀਜ਼ ਅਨੁਸਾਰ ਸੰਮਤ ਉੱਨੀ ਸੈ ਉਣੰਜਾਹ ਬਿੱ: ਤੋਂ ਇਸ ਗੁਰ-ਧਾਮ ਪੁਰ ਚੇਤ੍ਰ ਦੀ ਹਰ ਸੰਗ੍ਰਾਂਦ 'ਤੇ ਜੋੜ-ਮੇਲ ਹੋਣ ਲੱਗ ਪਿਆ। ਇਸ ਤਰ੍ਹਾਂ ਰੌਣਕਾਂ ਬਹੁਤ ਵਧ ਗਈਆਂ; ਤੇ ਮੰਦਿਰ ਭੀ ਵੱਡਾ ਬਣ ਗਿਆ।

ਇਨ੍ਹਾਂ ਤੋਂ ਬੱਾਦ ਬਾਬਾ ਸੁਖਰਾਮ ਦਾ ਚੇਲਾ ਸੰਤੋਖ ਦਾਸ ਮਹੰਤ ਬਣਿਆਂ। ਇਸ ਤੋਂ ਬੱਾਦ ਬਾਬਾ ਸੰਗਤ ਦਾਸ ਤੇ ਸਰੂਪ ਦਾਸ ਇਕ ਦੂਜੇ ਮਗਰੋਂ ਮਹੰਤ ਬਣੇ। ਪੰਜਾਬ ਵਿੱਚ ਗੁਰਦੁਆਰਾ ਸੁਧਾਰ ਲਹਿਰ ਚਾਲੂ ਹੋਣ ਤੱਕ ਸਰੂਪ ਦਾਸ ਜੀ ਹੀਨ ਹਯਾਤ ਵਿੱਚ ਸਨ।

ਬਾਬਾ ਸਜ਼ਾਮ ਦਾਸ ਦੀ ਲੜੀ ਇਸ ਤਰ੍ਹਾਂ ਚਲਦੀ ਆਈ:— ਮਾਣਕ ਦਾਸ, ਨਰਾਇਣ ਦਾਸ, ਕਿਸ਼ਨ ਦਾਸ ਤੇ ਹਰੀ ਦਾਸ । ਅਰੁ ਬਾਬਾ ਸੰਤਦਾਸ ਜੀ ਦੀ ਐਉਂ—ਸੰਤ ਬਖ਼ਸ਼, ਗੁਰਬਖ਼ਸ਼, ਮਿਹਰ ਬਖ਼ਸ਼, ਗੁਰਦਾਸ, ਗਰੀਬ ਦਾਸ, ਧਿਆਨ ਦਾਸ ਤੇ ਅਮਰ ਦਾਸ ਜੀ।

---

ਇ: ਪ: ੧੩੭.

Digitized by Panjab Digital Library | www.panjabdigilib.org

੧੭੨.

੭--ਟਿੰਡਾ ਅਲਹ ਯਾਰ | ਧਰਮਸਾਲ ਹਿਲਾਣੀ ਦੇ ਅਸਥਾਪਕ ਬਾਬਾ ਸੁਕਦੇਵ ਜੀ ਦੇ ਇਕ ਚੇਲੇ ਬਾਵਾ ਬ੍ਰਹਮਦਾਸ ਜੀ ਨੇ, ਆਪਣੇ ਗੁਰੂ ਦੀ ਆਗਿਆ ਅਨੁਸਾਰ 'ਟਿੰਡਾ ਅਲਹ ਯਾਰ' ਵਿਚ ਧਰਮਸਾਲ ਕਾਇਮ ਕਰਕੇ, ਗੁਰਮਤਿ ਦਾ ਪ੍ਰਚਾਰ ਆਰੰਭ ਕੀਤਾ । ਉਨ੍ਹਾਂ ਤੋਂ ਬੱਾਦ ਇਸ ਧਰਮਸਾਲ ਦੀ ਸੇਵਾ-ਸੰਭਾਲ ਨੰਬਰਵਾਰ ਸੰਤ ਪ੍ਰੇਮ ਦਾਸ,ਬੁੱਧ ਦਾਸ ਤੇ ਜੈਰਾਮਦਾਸ ਜੀ ਕਰਦੇ ਆਏ ।

## ਲਹਿੰਦਾ ਪੰਜਾਬ:—

ਬਾਬਾ ਬਾਲੂ 'ਹਸਣਾ' ਜੀ ਨੇ ਗੁਰੂ-ਆਗਿਆ ਪਾ ਕੇ ਪੋਠੋਹਾਰ ਦੇ ਇਲਾਕੇ ਅਠਾਰਾਂ ਉਨੀਹ ਵਰ੍ਹੇ ਸੱਚ-ਧਰਮ ਦਾ ਪ੍ਰਚਾਰ ਕੀਤਾ । ਅਨੇਕਾਂ ਥਾਵਾਂ ਵਿਚਿ ਧਰਮਸਾਲਾ ਬੱਧੀਆਂ ਹੋਣਗੀਆਂ ! ਲੇਕਿਨ ਅਜੇ ਤੱਕ ਕਿਸੇ ਇਤਿਹਾਸ ਵਿਚ ਬਾਬਾ ਜੀ ਦੀ ਕਾਰਗੁਜ਼ਾਰੀ ਦਾ ਜ਼ਿਕਰ ਨਹੀਂ ਆਇਆ । ਨਾਂ ਹੀ ਕਿਸੇ ਧਰਮਸਾਲ ਦੀ ਸੂਹ-ਸੋਝੀ ਮਿਲੀ ਹੈ । ਜਾਪਦਾ ਇ, ਆਪ ਬਹੁਤਾ ਚਿਰ ਛੱਛ ਚੱਕਲੇ ਅੰਦਰਿ ਸਤਿਗੁਰੁ ਨਾਨਕ ਦੇ ਪ੍ਰਸਿੱਧ ਅਸਥਾਨ 'ਪੰਜਾ ਸਾਹਿਬ'-ਹਸਨ ਅਬਦਾਲ ਹੀ ਟਿਕੇ ਰਹੇ । ਅਰੁ ਇਸੇ ਅਸਥਾਨ ਨੂੰ ਪ੍ਰਗਟ ਕਰਕੇ, ਨਿਰੰਕਾਰੀ ਧਰਮ ਦੇ ਪ੍ਰਚਾਰ ਦਾ ਕੇਂਦਰ ਬਣਾਇਆ । ਵਿੱਚ-ਵਿਚਾਲੇ ਬਾਹਰ ਪਿਸ਼ਾਵਰ ਤਕ ਦੌਰੇ ਪੁਰ ਬੀ ਜਾਂਦੇ ਰਹੇ । ਪਰ ਅਫਸੋਸ ! ਆਪ ਦੀ ਸਮਾਧੀ ਵਾਲੀ ਜੋਗਹ ਦਾ ਪਤਾ ਨਿਸ਼ਾਨ ਭੀ ਹਾਲਾਂ ਤਕ ਕਿਸੇ ਨਹੀਂ ਲਭਿਆ । ਹਾਂ, ਆਪਦੀ ਪੱਧਤੀ ਦੇ ਸੰਤ ਰਾਮਦਾਸ 'ਹਜ਼ੂਰੀ' ਦੀ ਸ੍ਰੇਣੀ ਵਿਚੋਂ, ਬਾਬਾ ਭਗਤ ਰਾਮ ਜੀ ਨੇ, ਖਾਲਸਾ-ਰਾਜ ਸਮੇਂ ਝੰਗ-ਮਘਿਆਣੇ ਦੀ ਧਰਤੀ ਚਰਨ ਪਾਏ । ਅਰੁ ਸੰਮਤ ਅਠਾਰਾਂ ਸੈ ਅੱਸੀਹ ਬਿ: ਵਿਚ, ਮਹੱਲਾ ਲੁਹਾਰਾਂ ਅੰਦਰਿ ਧਰਮ ਸਾਲ ਕਾਇਮ ਕੀਤੀ । ਇਸੇ ਗੁਰ-ਸਥਾਨ ਨੂੰ ਕੇਂਦਰ ਬਣਾ ਕੇ ਉਦਾਲੇ-ਪੁਦਾਲੇ ਗੁਰ-ਸਿਖ ਫੁਲਵਾੜੀ ਲਾਈ; ਤੇ ਮਹਿਕਾਈ । ਬਾਬਾ ਭਗਤ ਰਾਮ ਜੀ ਦੀ ਗੁਰ-ਪ੍ਰਣਾਲੀ ਬਾਬਾ ਰਾਮਦਾਸ ਜੀ 'ਹਜ਼ੂਰੀ' ਨਾਲ ਇੱਵ ਮਿਲਦੀ ਹੈ—

(੧) ਬਾਬਾ ਲਾਲ ਦਾਸ 'ਦਰਿਆਈ', (੨) ਬਾਬਾ ਰਾਮਦਾਸ

ਇ. ਪ. ੧੩੮.

Digitized by Panjab Digital Library | www.panjabdigilib.org

'ਹਜ਼ੂਰੀ', (੩) ਬਾਬਾ ਦਿਆਲ ਦਾਸ, (੪) ਬਾਬਾ ਕਉਡੀ ਰਾਮ, (੫) ਬਾਬਾ ਤਿਲੋਕਦਾਸ,(੬) ਬਾਬਾ ਭਗਤ ਰਾਮ ਜੀ।ਇਨ੍ਹਾਂ ਤੋਂ ਮਗਰੋਂ ਇਸ ਧਰਮ-ਕੇਂਦਰ ਦੀ ਸੇਵਾ—ਸੰਭਾਲ ਨੰਬਰਵਾਰ ਹੇਠ ਲਿਖੇ ਗੁਰਮੁਖ ਸਾਧੂ ਕਰਦੇ ਰਹੇ—ਬਾਵਾ ਮਗਨੀ ਰਾਮ, ਦਇਆ ਰਾਮ, ਗੰਗਾ ਦਾਸ, ਮਿਲਾਵਾ ਦਾਸ, ਜਾਨਕੀ ਦਾਸ, ਗੁਰਮੁਖ ਦਾਸ, ਨਾਨੂ 'ਸਚਿਆਰ ਜੀ', ਲੱਛੀ ਰਾਮ, ਸਾਧੂ ਰਾਮ, ਗੁਲਾਬ ਰਾਮ, ਸਿੰਘਾ ਰਾਮ, ਗੁਰਬਖਸ਼ ਰਾਮ, ਸੁਰਤ ਰਾਮ, ਸਹਿਜ ਰਾਮ ਤੇ ਬਾਵਾ ਵਸਾਇਆ ਰਾਮ ਜੀ।

ਨੋਟ—'ਸਿੰਧ' ਤੇ 'ਲਹਿੰਦਾ ਪੰਜਾਬ' ਸੰਮਤ ੨੦੦੪ ਬਿਕ੍ਰਮੀ (੧੯੪੭ ਈ:) ਤੋਂ ਪਾਕਿਸਤਾਨੀ ਘੱਲੂ ਘਾਰੇ ਦਾ ਸ਼ਿਕਾਰ ਹੋ ਗਏ ਹਨ। ਹੁਣ, ਪਤਾ ਨਹੀਂ, ਇਨ੍ਹਾਂ ਅਸਥਾਨਾਂ ਦੀ ਕੀ ਹਾਲਤ ਹੈ, ਤੇ ਸੇਵਾ-ਸੰਭਾਲ ਕੌਣ ਤੇ ਕਿਸ ਤਰ੍ਹਾਂ ਕਰ ਰਿਹਾ ਹੈ !

## ਬਿਹਾਰ ਸੂਬਾ:—

ਬਾਬਾ ਬਾਲੂ 'ਹੱਸਣਾ' ਜੀ ਦੇ ਸੇਵਕਾਂ ਵਿਚੋਂ ਕੁਝ ਸਾਧੂ, ਪੂਰਬ ਭਾਰਤ ਵੱਲਿ, ਗੁਰ-ਧਾਮਾਂ ਦੀ ਚਰਨ ਧੂੜਿ ਮਸਤਕਿ ਲਾਉਣ ਵਾਸਤੇ ਗਏ। ਬਿਹਾਰ ਸੂਬੇ ਦੀ ਰਾਜਧਾਨੀ ਪਟਨਾ, ਸਤਿਗੁਰ ਨਾਨਕ, ਹਿੰਦ ਦੀ ਚਾਦਰ-ਗੁਰੂ ਤੇਗ ਬਹਾਦੁਰ ਤੇ ਖਾਲਸਾ ਪੰਥ ਦੇ ਧਰਮ-ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਚਰਨ-ਕੰਵਲਾਂ ਦੀ ਛੁਹ ਪ੍ਰਾਪਤਿ ਕਰਕੇ, ਪਾਵਨ ਹੋਈਵੀ ਹੈ; ਇਸ ਲਈ ਹਰ ਸਿੱਖ ਇਸ ਸ਼ਹਰ ਦੇ ਦਰਸ਼ਨ-ਪਰਸਨ ਦੀ ਅਭਿਲਾਖਾ ਰਖਦਾ ਹੈ। ਅਰੁ ਲਗਦੇ-ਚਾਰੇ ਆਪਣੇ ਜੀਵਨ ਅੰਦਰਿ ਏਥੋਂ ਦੇ ਗੁਰਧਾਮਾਂ ਦੀ ਯਾਤ੍ਰਾ ਦਾ ਜਤਨ ਭੀ ਕਰਦਾ ਹੈ। ਇਸ ਪਰਾਚੀਨ ਨੱਗਰ ਵਿੱਚ 'ਪੰਚਾਇਤੀ ਅਖਾੜੇ' ਵੱਲੋਂ ੩੬ ਧਰਮਸਾਲਾਂ ਬਣੀਆਂ ਹੋਈਆਂ ਹਨ । ਜਿਨ੍ਹਾਂ ਵਿੱਚ ਸਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਬਾਣੀ ਦਾ ਪਾਠ ਅਰੁ ਕਥਾ-ਕੀਰਤਨ ਹੁੰਦਾ ਹੈ। ਐਪਰ ਕੁਝ ਸਮੇਂ ਤੋਂ ਨਾਲਿ ਠਾਕੁਰ-ਪੂਜਾ ਬੀ ਕਈ ਥਾਂਈਂ ਹੋਣ ਲਗ ਪਈ ਹੈ। ਇਨ੍ਹਾਂ ਵਿਚੋਂ ਹੇਠ ਲਿਖੇ ਅਸਥਾਨ ਦੂਜੇ ਧੂਏਂ ਦੇ ਉਦਾਸੀ ਸਾਧੂਆਂ ਪ੍ਰਗਟ ਕੀਤੇ ਤੇ ਬਣਵਾਏ ਹਨ:—

---

ਇ: ਪ: ੧੩੯.

Digitized by Panjab Digital Library | www.panjabdigilib.org

**੧—ਕਰਨਾਲ ਗੰਜ** | ਇਸ ਮਹੱਲੇ ਅੰਦਰ ਪੱਛਮੀ ਦਰਵਾਜ਼ੇ, ਸਤਿਗੁਰ ਨਾਨਕ ਦੇਵ ਜੀ ਦੀ ਚਰਨ-ਛੁਹ ਨਾਲ ਪਵਿਤਰ ਹੋਈ ਸੁਭਾਗ ਭੂਮੀ ਪੁਰ ਸੰਮਤ ਸੰਤਾਰਾਂ ਸੈ ਵੀਹ ਬਿ: ਵਿਖੇ ਧਰਮ-ਸਾਲ ਕਾਇਮ ਹੋਈ। ਜਿਸ ਦਾ ਪ੍ਰਬੰਧ ਇਸੇ ਸਾਧੂ-ਸਰੇਣੀ ਦੇ ਹੱਥਿ ਚਲਾ ਆ ਰਿਹਾ ਹੈ।

**੨—ਸਿਮਲੀ** | ਬਾਬਾ ਬਾਲੂ 'ਹੱਸਣਾ' ਜੀ ਦੇ ਸੇਵਕ ਸਾਧੂ ਬਖਤ ਮੱਲ ਜੀ ਦੇ ਚੇਲੇ ਬਾਬਾ ਗੁਲਮਿਹਰ ਜੀ ਹੋਏ ਹਨ । ਆਪ ਨੇ ਪਟਨਾ ਸ਼ਹਰ ਆਕੇ, ਸਤਿਗੁਰੁ ਨਾਨਕ ਦੇਵ ਦਾ ਸੋ ਥਾਨ ਭਾਲਿਆ, ਜਿਥੇ ਗੁਰੂ ਜੀ ਨੱਗਰੋਂ ਬਾਹਰਿ ਪਹਿਲ-ਪਿਰਥਮੇ ਆਕੇ ਬੈਠੇ। ਸੇਵਕ-ਸਰਧਾਲੂ ਸਿੱਖਾਂ ਦੀ ਸਹਾਇਤਾ ਨਾਲ, ਸੰਮਤ ਸਤਾਰਾਂ ਸੈ ਬਹੱਤਰ ਵਿਖੇ, ਉਸ ਥਾਂ ਧਰਮਸਾਲ ਬਣਾਈ। ਜੋ 'ਸਿਮਲੀ-ਧਰਮਸਾਲ' ਕਰਕੇ ਵਜਦੀ ਹੈ। ਬਾਬਾ ਜੀ ਤੋਂ ਬੱਾਦ ਉਨ੍ਹਾਂ ਦੇ ਸੇਵਕਾਂ ਦੀ ਲੜੀ ਇਉਂ ਚਲੀ ਆਈ ਹੈ:—(੧) ਬਾਬਾ ਹਰਿ ਨਰਾਇਣ ਜੀ, (੨) ਬਾਬਾ ਗੋਪਾਲ ਦਾਸ, (੩) ਬਾਬਾ ਰਾਮਦਾਸ, (੪) ਬਾਬਾ ਸਾਧੂ ਰਾਮ, (੫) ਬਾਬਾ ਰਾਮ ਸਰਨ ਦਾਸ, (੬) ਹੀਰਾ ਦਾਸ, ਤੇ (੭) ਮਹੰਤ ਗਣੇਸ਼ਦਾਸ ਜੀ।

ਬਾਬਾ ਗੁਲਮਿਹਰ ਜੀ ਚੰਗੀ ਵੈਦਗੀ ਜਾਣਦੇ ਸਨ; ਇਸੇ ਵਸੀਲੇ ਆਪ ਨੇ ਦੀਨਾਂ ਦੁਖੀਆਂ ਦੀ ਸੇਵਾ ਕੀਤੀ; ਅਰੁ ਉਨ੍ਹਾਂ ਪਾਸੋਂ ਇਸ ਧਰਮ-ਸਥਾਨ ਦੀ ਸੇਵਾ ਕਰਵਾਈ । ਆਪ ਦੇ ਸੇਵਕ-ਸਾਧੂ ਮਗਰੋਂ ਭੀ ਇਹ ਲੋਕ-ਭਲਾਈ ਦਾ ਕਾਰਜ ਚਲਾਉਂਦੇ ਰਹੇ ਹਨ। ਮਗਰੋਂ ਵਿੱਲੇ-ਮੱਠੇ ਧਰਮ ਵਾਲੇ ਸਾਧੂਆਂ, ਏਥੇ ਸ਼ਿਵ-ਮੰਦਿਰ ਬੀ ਬਣਵਾ ਦਿਤਾ ਹੈ; ਅਰੁ ਮਹੰਤਾਂ ਦੀਆਂ ਸਮਾਧਾਂ ਭੀ, ਬਣੀਆਂ ਹਨ।

**੩—ਮਲੀਆ ਮਹਾਂਦੇਵ** | ਪਟਣੇ ਸ਼ਹਿਰ ਦੇ 'ਮਲੀਆ ਮਹਾਂਦੇਵ' ਟਿਕਾਣੇ, ਬਾਲੂ ਹੱਸਣੀਏਂ ਸਾਧੂਆਂ, ਸੰਮਤ ਉਨੀਹ ਸੈ ਚਾਰ ਵਿੱਚ ਧਰਮਸਾਲ ਕਾਇਮ ਕੀਤੀ । ਇਸ ਅਸਥਾਨ ਦੀ ਬੁਨਿਆਦ ਬਾਬਾ ਜਾਦੋਰਾਇ ਜੀ ਦੀ ਸਰੇਣੀ ਵਿਚੋਂ ਬਾਬਾ ਪਰਮਾਨੰਦ ਜੀ ਨੇ ਰੱਖੀ। ਅਤੇ ਆਪਣੇ ਸ਼ਰਧਾਲੂ ਗੁਰਸਿੱਖਾਂ ਨੂੰ ਪ੍ਰੇਰਕੇ ਸੇਵਾ ਕਰਵਾਈ।

---

ਇ: ੫: ੧੪੦.

Digitized by Panjab Digital Library | www.panjabdigilib.org

ਏਥੇ ਸਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼, ਤੇ ਗੁਰਬਾਣੀ ਦਾ ਪਾਠ-ਵਿਚਾਰ ਹੁੰਦਾ ਹੈ। ਲੇਕਿਨ ਕੁਝ ਸਮੇਂ ਤੋਂ ਮਹੰਤਾਂ, ਹਿੰਦੂਆਂ ਨੂੰ ਖੁਸ਼ ਕਰਨ ਹਿਤ ਠਾਕੁਰ ਪੂਜਾ ਦੀ ਲਗੜ ਭੀ ਲਾ ਲਈ ਹੈ। ਇਸ ਧਰਮਸਾਲ ਦੇ ਮਹੰਤ ਪਰਮਾਨੰਦ ਜੀ ਤੋਂ ਬੱਦ ਨੰਬਰਵਾਰ—ਬਾਬਾ ਦਲਪਤਿ ਦਾਸ, ਬਾਬਾ ਭੋਮਾ ਰਾਮ, ਰਾਮਦਾਸ, ਕੁਸ਼ਲਦਾਸ, ਨੰਦ ਰਾਮ, ਹਰੀਦਾਸ ਤੇ ਸੰਧਜਾ ਰਾਮ ਜੀ—ਹੁੰਦੇ ਆਏ ਹਨ।

## ਦੇਸ ਉੜੀਸਾ:—

ਇਸ ਦੇਸ ਵਿੱਚ ਭੀ ਸਤਿਗੁਰੂ ਨਾਨਕ ਦੇਵ ਨੇ, ਅੰਮ੍ਰਿਤ 'ਨਾਮੁ' ਦੀ ਵਰਖਾ ਕਰਕੇ ਜਗਤ ਜਲੰਦੇ ਨੂੰ ਰੱਖਿਆ ਹੈ। ਗੁਰ-ਤੀਰਥ ਤਾਂ ਅਨੇਕਾਂ ਥਾਵਾਂ ਵਿਚ ਹੋਣੇ ਚਾਹੀਦੇ ਹਨ, ਪਰ ਜੋ ਆਮ ਪ੍ਰਸਿੱਧ ਹੈ, ਉਹ ਹੈ, ਹਿੰਦੂਆਂ ਦੇ ਪਰਾਚੀਨ ਤੀਰਥ 'ਪੁਰੀ-ਜਗੰਨਾਥ' ਵਿੱਚ। ਸਤਿਗੁਰੂ ਨਾਨਕ, ਜਿਸ ਮੌਕੇ ਇਸ ਟਿਕਾਣੇ ਪੁੱਜੇ; ਓਦੋਂ ਸੰਧਿਆ-ਆਰਤੀ ਦਾ ਮੌਕਾ ਸੀ। ਗੁਰੂ ਜੀ ਮੰਦਿਰ ਦੀ ਡਿਓੜ੍ਹੀ ਦੇ ਸਾਮਣੇ ਚੌਕੜਾ ਮਾਰ ਕੇ ਵਿਰਾਜ ਗਏ। ਆਰਤੀ ਸਮੇਂ ਖੜੇ ਨਾ ਹੋਏ। ਪੰਡਿਆਂ ਮਗਰੋਂ ਕਿੰਤੂ ਕੀਤਾ; ਤਾਂ ਸਤਿਗੁਰਾਂ ਉਨ੍ਹਾਂ ਦੀ ਦਿਖਾਵੇ-ਮਾਤ੍ਰ ਆਰਤੀ ਦਾ ਨਿਖੇਧ ਕਰ ਕੇ ਨਿਰੰਕਾਰ ਦੀ ਸੱਚੀ ਆਰਤੀ ਦਾ ਗਿਆਨ ਇਸ ਸ਼ਬਦ ਦੁਆਰਾ ਦ੍ਰਿੜ੍ਹਾਇਆ—

### ਰਾਗੁ ਧਨਾਸਰੀ ਮਹਲਾ ੧

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ,
ਤਾਰਿਕਾ-ਮੰਡਲ ਜਨਕ ਮੋਤੀ।... ...
ਕ੍ਰਿਪਾ-ਜਲੁ ਦੇਹਿ ਨਾਨਕ ਸਾਰਿੰਗ ਕਉ
ਹੋਇ ਜਾ ਤੇ ਤੇਰੈ ਨਾਮਿ ਵਾਸਾ ॥੪॥੧॥੭॥੯।

ਜਦੋਂ ਇਸ ਸਾਰੇ ਸ਼ਬਦ ਦਾ ਪਾਠ-ਵਿਚਾਰ ਸੁਣਾਇਆ; ਤਾਂ ਰਾਜਾ ਮੰਗਲ ਦੱਤ ਤੇ ਪੰਡਿਆਂ ਨੇ ਸਤਿਗੁਰਾਂ ਦੇ ਚਰਨ ਫੜ ਲਏ। ਅਰੁ ਜਿਥੇ ਗੁਰੂ ਬਾਬਾ ਜੀ ਬੈਠੇ ਸਨ, ਓਥੇ ਪੱਕਾ ਯਾਦਗਾਰੀ ਅਸਥਾਨ ਬਣਾ ਦਿਤਾ। ਸਮੁੰਦਰ ਦਾ ਕਿਨਾਰਾ ਹੋਣ ਕਰਕੇ ਏਥੇ ਜਲ ਖਾਰਾ ਹੈ।

ਇ: ਪ: ੧੪੧.

Digitized by Panjab Digital Library | www.panjabdigilib.org

੧੭੬.

ਇਸ ਤਕਲੀਫ ਬਾਰੇ ਸਤਿਗੁਰਾਂ ਪਾਸ ਪ੍ਰਾਰਥਨਾਂ ਹੋਈ; ਤਾਂ ਆਪ ਨੇ ਨਿਸ਼ਾਨ ਦੇ ਕੇ ਬਾਵਲੀ ਦਾ ਟੱਕ ਲਵਾ ਦਿੱਤਾ। ਇਸ ਬਾਵਲੀ ਦਾ ਜਲ ਪੀਣ ਜੋਗ ਮਿੱਠਾ ਨਿਕਲਿਆ। ਇਸ ਪਰੋਪਕਾਰ ਦੇ ਕਾਰਨ ਸਤਿਗੁਰ ਦੀ ਮਹਿਮਾਂ ਦਾ ਸਿੱਕਾ, ਪੁਰੀ ਵਾਸੀ ਲੋਕਾਂ ਦੇ ਦਿਲਾਂ ਪੁਰ ਬਹਿ ਗਿਆ।

ਸੰਮਤ ਸਤਾਰਾਂ ਸੈ ਤੇਰਾਂ ਵਿੱਚ, ਬਾਬਾ ਬਾਲੂ 'ਹੱਸਣਾ' ਜੀ ਦੇ ਸੇਵਕ ਬਾਬਾ ਜਾਦੋ ਰਾਇ ਦੀ ਸਰੇਣੀ 'ਚੋਂ ਇਕ ਸਾਧੂ ਹਰੀ ਦਾਸ 'ਚਰਮਪੋਸ਼' ਇਸ ਟਿਕਾਣੇ ਧੂਣੀ ਰਮਾ ਬੈਠਾ। ਉਸਦੀ ਤਪਸਾ-ਭਗਤੀ ਵੇਖ ਕੇ, ਰਾਜਾ ਮੰਗਲ ਦਾਸ ਦੇ ਪੜਪੋਤ੍ਰੇ ਠਾਕੁਰ ਦਾਸ ਨੇ ਰਸਦਾਂ ਬੰਨ੍ਹ ਦਿੱਤੀਆਂ; ਅਰੁ ਧਰਮਸਾਲ ਦੀ ਸੇਵਾ-ਸੰਭਾਲ ਤੇ ਗੁਰੂ ਕੇ ਲੰਗਰ ਦੇ ਖਰਚ ਵਾਸਤੇ ਦੋ ਹਜ਼ਾਰ ਰੁਪਯੇ ਆਮਦਨ ਵਾਲੇ ਦੋ ਪਿੰਡ ਜਾਗੀਰ ਵਜੋਂ ਲਾ ਦਿਤੇ। ਫਿਰ ਬਾਬਾ ਨਿਧਾ ਦਾਸ ਤੇ ਬਿਸ਼ਨ ਦਾਸ ਨੇ; ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਵਿਚਾਰ ਤੇ ਲੰਗਰ ਦੀ ਕਾਰ ਚੰਗੀ ਚਲਾਈ। ਐਪਰ ਸੰਮਤ ਉਨੀਹ ਸੈ ਤੇਈਹ ਵਿਖੇ ਏਥੋਂ ਦੇ ਮਹੰਤ ਰਾਮ ਦਾਸ ਨੇ ਘਰ-ਘਰਿਸਤੀ ਦਾ ਟੈਂਟਾ ਗਲਿ ਪਾ ਲਿਆ; ਅਰੁ ਦੋਵੇਂ ਪਿੰਡ ਵੇਚ ਕੇ ਖਾ ਲਏ। ਹੁਣ ਕੇਵਲ ਕੁਝ ਹਟੀਆਂ ਦੇ ਕਰਾਏ ਪੁਰ ਗੁਜਰਾਨ ਹੈ॥

('ਗੁਰਧਾਮ ਸੰਗ੍ਰਹ'-ਪੰਨਾ ੬੦, ੬੧)

ਇਸ ਗੁਰਧਾਮ ਦੇ ਸੇਵਕਾਂ ਦੀ ਪੀੜ੍ਹੀ ਇਸ ਤਰ੍ਹਾਂ ਲਿਖੀ ਮਿਲਦੀ ਹੈ-(੧) ਬਾਬਾ ਜਾਦੋ ਰਾਇ, (੨) ਬਾਬਾ ਸ਼ਾਹ ਜੀ, (੩) ਬਾਬਾ ਜੀਵਨ ਦਾਸ, (੪) ਬਾਬਾ ਬਾਲਕ ਦਾਸ, (੫) ਬਾਬਾ ਜੋਧਾ ਰਾਮ, (੬) ਸੰਗਤ ਦਾਸ (੭) ਨਿਧਾ ਦਾਸ। ਨਿਧਾ ਦਾਸ ਦੇ ਦੋ ਚੇਲੇ ਬਾਵਾ ਗੋਦੜ ਜੀ ਤੇ ਬਿਸ਼ਨਦਾਸ ਸਨ। ਗੋਦੜ ਜੀ ਨੂੰ ਧਰਮ-ਸਾਲ ਦੀ ਮਹੰਤੀ ਮਿਲੀ; ਤੇ ਬਿਸ਼ਨ ਦਾਸ ਨੂੰ ਬਾਵਲੀ ਸਾਹਿਬ ਦੀ ਸੇਵਾ-ਸੰਭਾਲ। ਗੋਦੜ ਜੀ ਤੋਂ ਬੱਾਦ ਧਰਮ ਸਾਲ ਦੇ ਮਹੰਤ ਬਾਬਾ ਮੰਗੂ ਜੀ ਨੀਯਤ ਹੋਏ, ਜਿਨ੍ਹਾਂ ਨੇ ਗੁਰ-ਧਾਮ ਦੀ ਚੰਗੀ ਮਹਿਮਾਂ ਬਿਸਥਾਰੀ। ਇਸੇ ਕਰਕੇ ਧਰਮਸਾਲ ਦਾ ਨਾਮ ਇਸ ਦੇਸ ਵਿਚ 'ਮੰਗੂ-ਮਠ' ਪ੍ਰਸਿੱਧ ਹੋ ਗਿਆ। ਲੇਕਿਨ ਬਿਸ਼ਨ ਦਾਸ ਦੇ ਚੇਲੇ ਗੁਰ ਪ੍ਰਸਾਦ ਤੋਂ ਬੱਾਦ, ਉਨ੍ਹਾਂ ਦਾ ਸੇਵਕ ਰਾਮਦਾਸ ਮਹੰਤ ਬਣਿਆ; ਤਾਂ ਇੱਕ ਰੰਨ ਦਾ ਗੋਲਾ ਬਣਕੇ, ਸਾਰੀ ਜਾਇਦਾਦ ਖਾ ਪੀ ਕੇ ਬਰਬਾਦ ਕਰ ਬੈਠਾ॥

---

ਇ: ਪ: ੧੪੨.

Digitized by Panjab Digital Library | www.panjabdigilib.org

B-1514

Digitized by Panjab Digital Library | www.panjabdigilib.org

ਸ: ਸਰਮੁਖ ਸਿੰਘ 'ਅਮੋਲ' ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਸਿੱਖ ਹਿਸਟਰੀ ਸੋਸਾਇਟੀ
ਅੰਮ੍ਰਿਤਸਰ ਲਈ ਗੁਰਦੁਆਰਾ ਪ੍ਰਿੰਟਿੰਗ ਪ੍ਰੈਸ (ਰਾਮਸਰ ਰੋਡ) ਅੰਮ੍ਰਿਤਸਰ ਵਿਚ
ਛਪਵਾ ਕੇ ਦਫ਼ਤ੍ਰ ਸਿੱਖ ਹਿਸਟਰੀ ਸੋਸਾਇਟੀ (ਗੁਰੂ ਰਾਮਦਾਸ
ਨਿਵਾਸ, ਹਾਲ ਨੰ: ੪) ਤੋਂ ਪ੍ਰਕਾਸ਼ਤ ਕੀਤਾ ॥

Digitized by Panjab Digital Library | www.panjabdigilib.org